# ਬਾਰਹਮਾਹਾ
# ਵੈਸਾਖੁ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

ਮਹਾਂਪੁਰਸ਼ਾਂ ਦੀ ਪ੍ਰਸਿੱਧ ਰਚਨਾ 'ਹੋਵੈ ਅਨੰਦ ਘਣਾ' ਵਿਚ ਵੈਸਾਖੁ ਮਹੀਨੇ ਪ੍ਰਤੀ ਪ੍ਰਾਪਤ ਅਮੋਲਕ ਪ੍ਰਵਚਨ।

## ਵੈਸਾਖਿ

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*
*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*
*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥*
*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥*
*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥*
*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥*
*ਪੰਨਾ - 133*

ਪਿਛਲੇ ਚੇਤ ਦੇ ਮਹੀਨੇ ਵਿਚ ਕਿਰਤ ਕਰਮ ਦੇ ਵਿਛੁੜੇ ਹੋਏ ਜੀਵ ਦੀ ਪੁਕਾਰ ਸੁਣ ਕੇ ਜੋ ਅਨਗਿਣਤ ਵਾਰੀ 84 ਦੇ ਚੱਕਰਾਂ ਵਿਚ ਘੁੰਮ ਕੇ ਮਹਾਨ ਦੁਖਾਂ ਨੂੰ ਪ੍ਰਾਪਤ ਕਰਕੇ ਆਪਣੀ ਹੀਣਤਾ ਨੂੰ ਦਸਦਾ, ਆਪਣੇ ਦੁਖਾਂ ਭਰੇ ਤਜਰਬਿਆਂ ਨੂੰ ਦਸਣ ਲਈ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰੋ, ਮੇਰਾ ਜੀਵਨ ਵਿਅਰਥ ਜਾ ਰਿਹਾ ਹੈ। ਮੈਂ ਕਈ ਵਾਰੀ ਮਨੁੱਖ ਬਣ ਚੁਕਿਆ ਹਾਂ ਪਰ ਹਰ ਵਾਰੀ ਮਾਇਆ ਦੇ ਚੱਕਰਾਂ ਵਿਚ ਪੈ ਜਾਂਦਾ ਹਾਂ। ਗੁਰੂ ਪਾਸ ਅਰਦਾਸ ਕਰਦਾ ਹਾਂ ਕਿ ਮੈਨੂੰ-

*ਬੈਰੁ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*
*ਪੰਨਾ - 268*

ਹੁਣ ਮੈਨੂੰ ਤੁਸੀਂ ਆਪਣੇ ਪਵਿੱਤਰ ਨਾਮ ਦੀ ਦਾਤ ਬਖਸ਼ੋ। ਤੁਹਾਡੇ ਮੁਖਾਰਬਿੰਦ ਤੋਂ ਮੈਂ ਸੁਣਿਆ ਹੈ ਕਿ ਵਾਹਿਗੁਰੂ ਜੀ ਹਰ ਇਕ ਨਾਲ ਘਟ-ਘਟ ਵਿਚ ਵਸਦੇ ਹਨ ਅਤੇ ਉਨ੍ਹਾਂ ਦਾ ਇਸੇ ਸਰੀਰ ਵਿਚ ਨਿਸ਼ਚਲ ਥਾਂ ਹੈ ਜਿਸ ਦਾ ਸਰੂਪ ਸਦਾ ਥਿਰ ਹੈ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥* *ਪੰਨਾ - 1033*

ਮੈਂ ਮਨਮੁਖ ਹੋਇਆ-ਹੋਇਆ ਤੇਰਾ ਬਚਨ ਸਰਵਣ ਨਹੀਂ ਕਰ ਰਿਹਾ। ਮੇਰੇ ਕੋਲ ਉਹ ਨੈਣ ਨਹੀਂ ਜਿਸ ਨਾਲ ਪ੍ਰਭੂ ਦੇ ਦਰਸ਼ਨ ਹੋ ਜਾਣ। ਮੈਂ ਤੇਰੇ ਪਿਆਰ ਤੋਂ ਵਾਂਝਾ ਰਹਿ ਕੇ ਛਿੰਨ ਭੰਗਰ ਮਾਇਆ ਦੇ ਸੁਖਾਂ ਵਿਚ ਲਗਿਆ ਹੋਇਆ ਹਾਂ। ਮੈਂ ਕਾਲੇ ਲੇਖ ਲਿਖ ਰਿਹਾ ਹਾਂ ਜਿਸ ਦਾ ਫਲ ਮੈਨੂੰ ਭੁਗਤਣਾ ਬਹੁਤ ਮੁਸ਼ਕਲ ਹੋ ਜਾਵੇਗਾ। ਅਜਿਹੇ ਮੇਰੇ ਜੀਵਨ ਵਿਚ ਸੁਖ ਨਾਮ ਦੀ ਕੋਈ ਚੀਜ਼ ਆ ਹੀ ਨਹੀਂ ਸਕਦੀ।

*ਰਤਨੁ ਪਦਾਰਥੁ ਪਲਰਿ ਤਿਆਗੈ॥*
*ਮਨਮੁਖੁ ਅੰਧਾ ਦੂਜੈ ਭਾਇ ਲਾਗੈ॥*
*ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ॥*
*ਪੰਨਾ - 113*

ਮੇਰਾ ਮਨ ਮੈਲਾ ਹੈ, ਮੈਂ ਵਾਹਿਗੁਰੂ ਜੀ ਨੂੰ ਧਿਆਉਂਦਾ ਰਿਹਾ ਕਿਉਂਕਿ ਮੈਨੂੰ ਸੋਝੀ ਨਹੀਂ ਹੈ ਇਸ ਗੱਲ ਦੀ; ਜੇ ਮੈਂ ਕੋਈ ਨੇਕ ਕੰਮ ਭੀ ਕਰਦਾ ਹਾਂ ਤਾਂ ਮੇਰੇ ਅੰਦਰ ਅਭਿਮਾਨ ਪੈਦਾ ਹੋ ਜਾਂਦਾ ਹੈ ਤੇ ਮੇਰੇ ਮਨ ਨੂੰ ਹਉਮੈ ਦੀ ਹੋਰ ਮੈਲ ਲਗ ਜਾਂਦੀ ਹੈ। ਮੇਰਾ ਜੀਵਨ ਇਕ ਮੁਰਦੇ ਵਰਗਾ ਜੀਵਨ ਹੈ ਜਿਸ ਬਾਰੇ ਆਪ ਦਾ ਫੁਰਮਾਨ ਹੈ -

*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਪੰਨਾ - 133*

ਮੇਰੀ ਤਾਂ ਇਹ ਹਾਲਤ ਹੈ -

*ਇਹੁ ਮਨੁ ਮੈਲਾ ਇਕੁ ਨ ਧਿਆਏ॥*
*ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ॥*
*ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ*
*ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥* *ਪੰਨਾ - 116*

ਹੇ ਸਤਿਗੁਰੂ! ਮੈਂ ਤੇਰੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਅਤੇ ਉਹਨਾਂ ਦਸਿਆ ਕਿ ਜੇ ਮੇਰੇ ਵਰਗਾ ਗੁਰੂ ਦੀ ਸ਼ਰਨ ਵਿਚ ਆ ਜਾਵੇ ਤਾਂ ਮੇਰੇ ਵਰਗੇ ਨੂੰ ਪ੍ਰਾਪਤੀ ਹੋ ਜਾਂਦੀ ਹੈ ਕਿਉਂਕਿ ਗੁਰੂ ਦੇ ਕੋਲ ਅਨੇਕ-ਅਨੇਕ ਉਤਮ ਪਦਾਰਥ ਹਨ। ਇਸ ਸਰੀਰ ਵਿਚ ਤੇਰਾ ਨਉਨਿਧ ਨਾਮ ਵਸਦਾ ਹੈ



Sri Satguru Jagjit Singh Ji eLibrary NamdhariElibrary@gmail.com

ਜਿਵੇਂ ਕਿ ਫੁਰਮਾਨ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਅਸੀਂ ਬਹੁਤ ਹੀ ਅਨਜਾਨ ਹਾਂ। ਆਪ ਨੇ ਫੁਰਮਾਨ ਕੀਤਾ ਹੈ ਕਿ ਇਸ ਸਰੀਰ ਵਿਚ ਨਾਮ ਦਾ ਭੰਡਾਰਾ ਅਖੁੱਟ ਹੈ ਇਸੇ ਸਰੀਰ ਵਿਚ ਅਲਖ ਤੇ ਅਪਾਰ ਵਾਹਿਗੁਰੂ ਜੀ ਵਸਦਾ ਹੈ, ਆਪੇ ਭੂਤ ਤੇ ਆਪੇ ਪ੍ਰਗਟ ਰੂਪ ਵਿਚ ਵਰਤਦਾ ਹੈ। ਜੋ ਗੁਰ ਸ਼ਬਦ ਦੁਆਰਾ ਆਪਾ ਭਾਵ ਗੁਆ ਲੈਂਦੇ ਹਨ ਉਨ੍ਹਾਂ ਉਤੇ ਪ੍ਰਗਟ ਹੋ ਜਾਂਦਾ ਹੈ। ਇਹ ਅੰਮ੍ਰਿਤ ਨਾਮ ਜੋ ਮਹਾਂ ਮੀਠਾ ਰਸ ਹੈ, ਉਸਦੇ ਦੁਆਲੇ ਬਜਰ ਕਪਾਟ ਹਨ ਉਹ ਭੀ ਆਪ ਫੁਰਮਾਉਂਦੇ ਹੋ ਕਿ ਹਉਮੈ ਦੇ ਮਿਟਣ ਨਾਲ ਖੁਲ੍ਹ ਜਾਂਦੇ ਹਨ ਅਤੇ ਅਮੋਲਕ ਨਾਮ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਜਾਂਦਾ ਹੈ। ਸ਼ਬਦ ਦੀ ਕਮਾਈ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਤੇਰੀ ਕ੍ਰਿਪਾ ਨਾਲ ਹੀ ਮਨ ਵਿਚ ਨਾਮ ਵਸਦਾ ਹੈ। ਜਦੋਂ ਨਾਮ ਅੰਦਰ ਵਸ ਗਿਆ, ਹਉਮੈ ਟੁੱਟ ਗਈ ਫੇਰ ਗੁਰੂ ਦੇ ਗਿਆਨ ਦਾ ਸੁਰਮਾ ਅੰਤ੍ਰੀਵੀ ਅੱਖਾਂ ਵਿਚ ਪਾ ਲਿਆ, ਫਿਰ ਚਾਨਣ ਹੋ ਜਾਂਦਾ ਹੈ ਅਤੇ ਅਗਿਆਨ ਦਾ ਹਨ੍ਹੇਰਾ ਦੂਰ ਹੋ ਕੇ ਮੇਰੀ ਜੋਤੀ ਉਸ ਪ੍ਰਮ ਜੋਤੀ ਆਤਮਾ ਪ੍ਰਮਾਤਮਾ ਵਿਚ ਰਲ ਗਈ ਜਿਵੇਂ ਕਿ ਫੁਰਮਾਨ ਹੈ -

*ਇਸੁ ਗੁਫਾ ਮਹਿ ਅਖੁਟ ਭੰਡਾਰਾ॥*
*ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥*
*ਆਪੇ ਗੁਪਤੁ ਪਰਗਟੁ ਹੈ ਆਪੇ*
*ਗੁਰ ਸਬਦੀ ਆਪੁ ਵੰਞਾਵਣਿਆ॥*
*ਹਉ ਵਾਰੀ ਜੀਉ ਵਾਰੀ*
*ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥*
*ਅੰਮ੍ਰਿਤ ਨਾਮੁ ਮਹਾ ਰਸੁ ਮੀਠਾ*
*ਗੁਰਮਤੀ ਅੰਮ੍ਰਿਤੁ ਪੀਆਵਣਿਆ॥*
*ਹਉਮੈ ਮਾਰਿ ਬਜਰ ਕਪਾਟ ਖੁਲਾਇਆ॥*
*ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥*
*ਬਿਨੁ ਸਬਦੈ ਨਾਮੁ ਨ ਪਾਏ ਕੋਈ*
*ਗੁਰ ਕਿਰਪਾ ਮੰਨਿ ਵਸਾਵਣਿਆ॥*
*ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥*
*ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥*
*ਜੋਤੀ ਜੋਤਿ ਮਿਲੀ ਮਨੁ ਮਾਨਿਆ*
*ਹਰਿ ਦਰਿ ਸੋਭਾ ਪਾਵਣਿਆ॥ ਪੰਨਾ - 124*

ਸਾਧ ਸੰਗਤ! ਕਿਰਤ ਕਰਮ ਦੇ ਵਿਛੋੜੇ ਕਰਕੇ ਅਸੀਂ ਆਪਣੇ ਘਰ ਹੁੰਦੀ ਵਸਤੂ ਨੂੰ ਪਛਾਣ ਨਹੀਂ ਸਕਦੇ ਅਤੇ 84 ਲੱਖ ਜੂਨਾਂ ਦੇ ਗੇੜੇ ਖਾਂਦੇ ਹਾਂ। ਅਸੀਂ ਆਪਣੇ ਅੰਦਰ ਦੀ ਖੋਜ ਛੱਡ ਕੇ ਬਾਹਰ ਮਾਇਆ ਦੇ ਵਿਚ ਭਟਕਦੇ ਫਿਰਦੇ ਹਾਂ। ਇਹ ਸਾਰਾ ਹਉਮੈ ਦੀ ਮੈਲ ਕਾਰਨ ਅਸਾਡਾ ਵਰਤਾਰਾ ਹੈ। ਜਦੋਂ ਤਕ ਅਸੀਂ ਗਿਆਨ ਇੰਦ੍ਰਿਆਂ, ਕਰਮ ਇੰਦ੍ਰਿਆਂ ਨੂੰ ਆਪਣੇ ਸੰਜਮ ਵਿਚ ਨਹੀਂ ਲਿਆਉਂਦੇ ਓਨਾਂ ਚਿਰ ਅੰਦਰ ਦੀ ਕੋਈ ਵੀ ਸੋਝੀ ਸਾਨੂੰ ਪ੍ਰਾਪਤ ਨਹੀਂ ਹੁੰਦੀ। ਸ਼ਬਦ ਤੋਂ ਬਗੈਰ ਅਸਾਡੇ ਅੰਦਰ ਪੂਰੀ ਤਰ੍ਹਾਂ ਹਨ੍ਹੇਰਾ ਹੈ। ਸ਼ਬਦ ਦੀ ਸੋਝੀ ਦੇਣ ਵਾਲਾ ਸਤਿਗੁਰੂ ਹੈ ਜਿਸ ਸ਼ਬਦ ਦੀ ਘਾਲ ਕਮਾਈ ਕਰਕੇ ਅਸਾਡੇ ਹੱਥ ਕੁੰਜੀ ਆ ਜਾਂਦੀ ਹੈ। ਜਦੋਂ ਇਸ ਕੁੰਜੀ ਨਾਲ ਅਸੀਂ ਅੰਦਰ ਚੜ੍ਹਾਈ ਕਰਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਜਿਸ ਦੀ ਤਲਾਸ਼ ਵਿਚ ਕ੍ਰੋੜਾਂ ਜਨਮ ਬਰਬਾਦ ਕਰ ਦਿਤੇ, ਉਹ ਤਾਂ ਮੇਰੇ ਅੰਦਰ ਹੀ ਹੈ ਤੇ ਮੈਂ ਨਿਗੁਰਾ ਰਹਿ ਕੇ ਇਸ ਸੋਝੀ ਤੋਂ ਵਾਂਞਾ ਰਿਹਾ ਹਾਂ, ਮੈਂ ਗੁਰਮੁਖ ਦੀ ਸੰਗਤ ਨਾ ਕਰਕੇ ਭਟਕਦਾ ਰਿਹਾ। ਹੁਣ ਮੈਨੂੰ ਗੁਰਮੁਖ ਦੀ ਸੰਗਤ ਦੀ ਮਹਾਨਤਾ ਦਾ ਪਤਾ ਲਗਿਆ ਹੈ ਉਸਦੇ ਬਚਨਾਂ ਤੇ ਪ੍ਰਤੀਤ ਆਈ ਹੈ। ਹੇ ਸਤਿਗੁਰੂ! ਤੂੰ ਕ੍ਰਿਪਾ ਕਰਕੇ ਮੈਨੂੰ ਉਸਦੇ ਨਾਮ ਦੀ ਦਾਤ ਬਖਸ਼। ਸਰੀਰ ਤੋਂ ਬਾਹਰ ਮੈਂ ਪ੍ਰਕ੍ਰਿਤੀ ਦੇ ਸੁਖਾਂ ਵਿਚੋਂ ਪ੍ਰਮ ਸੁਖ ਨੂੰ ਭਾਲਦਾ ਰਿਹਾ ਪਰ ਮੇਰੇ ਗਿਆਨ ਚਕਸ਼ੂ ਨਾ ਹੋਣ ਕਰਕੇ ਪਤਾ ਨਾ ਲੱਗਿਆ ਕਿ ਇਹ ਵਸਤੂ ਤਾਂ ਗੁਰਮੁਖ ਦੀ ਮਿਹਰ ਨਾਲ ਹੀ ਪ੍ਰਾਪਤ ਹੋਇਆ ਕਰਦੀ ਹੈ ਉਸਦੇ ਪਾਸ ਅਮੁੱਲ ਦਾਤ ਨਾਮ ਦੀ ਹੈ, ਫੁਰਮਾਨ ਹੈ -

*ਸਰੀਰਹੁ ਭਾਲਣਿ ਕੋ ਬਾਹਰਿ ਜਾਏ॥*
*ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥*
*ਮਨਮੁਖ ਅੰਧੇ ਸੂਝੈ ਨਾਹੀ*
*ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥*
*ਗੁਰ ਪਰਸਾਦੀ ਸਚਾ ਹਰਿ ਪਾਏ॥*
*ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥*
*ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ*
*ਸਚੈ ਸਬਦਿ ਸਮਾਵਣਿਆ॥*
*ਨਉ ਦਰ ਠਾਕੇ ਧਾਵਤੁ ਰਹਾਏ॥*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦੁ ਸੁਣਾਵਣਿਆ॥*
*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥ ਪੰਨਾ - 124*

ਇਸ ਤਰ੍ਹਾਂ ਜਗਿਆਸੂ ਦੇ ਪ੍ਰਤੀਕ ਦੇ ਘਰ ਵਿਚੋਂ ਉਠੇ ਵਿਰਲਾਪ ਨੂੰ ਸੁਣ ਕੇ ਪੂਰੇ ਸਤਿਗੁਰੂ ਨੇ ਦਸ ਦਿਤਾ ਕਿ ਤੇਰੇ ਬਿਰਹਾ ਦਾ ਕਾਰਨ ਤੇਰੀ ਆਪਣੀ ਹੀ ਭੁੱਲ ਹੈ, ਤੂੰ ਪ੍ਰਮੇਸ਼ਰ ਨੂੰ ਭੁਲਿਆ ਤਾਂ ਇਸ ਹਾਲਤ ਵਿਚ 84 ਲੱਖ ਜੂਨਾਂ ਵਿਚ ਘੁਮੇਟਣੀਆਂ ਖਾਂਦਾ ਰਿਹਾ। ਚੇਤ ਦੇ ਮਹੀਨੇ ਨੂੰ ਪ੍ਰਤੀਕ ਬਣਾ ਕੇ ਗੁਰੂ ਮਹਾਰਾਜ ਨੇ ਦੱਸਿਆ ਕਿ -

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਪੰਨਾ - 133*

ਪਰ ਇਸ ਅਨੰਦ ਦੀ ਪ੍ਰਾਪਤੀ ਦਾ ਗੁਪਤ ਭੇਤ ਇਹ ਹੈ ਕਿ ਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ ਰਸਨਾ ਦੇ ਨਾਲ ਉਸ


Sri Satguru Jagjit Singh Ji eLibrary NamdhariElibrary@gmail.com

ਗੁਰਮੰਤ੍ਰ ਦਾ ਜਾਪ ਕਰ। ਗੁਰਮੁਖ ਦੇ ਦਿਤੇ ਸ਼ਬਦ ਦੀ ਕਮਾਈ ਕਰਦਿਆਂ ਚੇਤ ਦਾ ਮਹੀਨਾ ਬੀਤ ਗਿਆ, ਅੰਦਰ ਲਗਨ ਲੱਗ ਗਈ। ਜਿਸ ਵਿਚ ਲਗਨ ਹੋਰ ਵਧੇਰੇ ਲਗਦੀ ਹੈ ਅਤੇ ਆਪ ਇਸ ਬਿਰਹਨ ਨੂੰ ਮਾਰਗ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਜੋ ਮਾਇਆ ਦੇ ਪਿਆਰ ਵਿਚ ਲਗ ਕੇ ਵਾਹਿਗੁਰੂ ਜੀ ਨੂੰ ਭੁੱਲ ਚੁੱਕੇ ਹਨ, ਵਾਹਿਗੁਰੂ ਜੀ ਦੇ ਪ੍ਰੇਮ ਤੋਂ ਕਿਤੇ ਵੱਧ ਮਾਇਆ ਦੇ ਪ੍ਰੇਮ ਨੂੰ ਜਾਣਦੇ ਹਨ ਉਹ ਵਿਛੋੜੇ ਵਿਚ ਪਏ ਹੋਏ ਹਨ ਉਨ੍ਹਾਂ ਦੇ ਸਾਮ੍ਹਣੇ ਮਾਇਆ ਦੀ ਬਹੁਤ ਸਖਤ ਦੀਵਾਰ ਹੈ, ਜੋ ਅੰਦਰ ਵਸਦੇ ਪ੍ਰਭੂ ਨਾਲ ਮੇਲ ਨਹੀਂ ਹੋਣ ਦਿੰਦੀ। ਉਹ ਹਰੀ ਵਰਗੇ ਪ੍ਰਮ ਪਿਆਰੇ ਸੱਜਣ ਨੂੰ ਭੁੱਲ ਕੇ ਮਾਇਆ ਦੇ ਛਲਾਵਿਆਂ ਵਿਚ ਆ ਕੇ, ਜਿਸ ਵਿਚ ਸੁਖ ਦਾ ਨਾਮ ਨਿਸ਼ਾਨ ਨਹੀਂ ਹੈ ਉਸਦੀ ਪ੍ਰੀਤ ਵਿਚ ਉਲਝ ਗਏ ਹਨ। ਪ੍ਰਤੱਖ ਰੂਪ ਵਿਚ ਦੇਖ ਲਵੋ ਕਿ ਇਕ ਪਾਸੇ ਵਾਹਿਗੁਰੂ ਜੀ ਹਨ, ਇਕ ਪਾਸੇ ਇਸਤ੍ਰੀ ਹੈ, ਪੁੱਤਰ ਹੈ, ਧਨ ਹੈ, ਆਪਣਾ ਮਾਣ ਹੈ, ਪ੍ਰਭਤਾ ਹੈ; ਇਨ੍ਹਾਂ ਵਿਚੋਂ ਕੋਈ ਵੀ ਚੀਜ਼ ਸਰੀਰ ਛੱਡਣ ਉਪਰੰਤ ਪ੍ਰਲੋਕ ਵਿਚ ਨਾਲ ਨਹੀਂ ਜਾਇਆ ਕਰਦੀ; ਇਥੋਂ ਤਕ ਵੀ ਹੈ ਇਹ ਸਾਰੇ ਸਬੰਧੀ ਸੁਖਾਂ ਦੇ ਸਬੰਧੀ ਹਨ ਇਨ੍ਹਾਂ ਦਾ ਪਿਆਰ ਝੂਠਾ ਪਿਆਰ ਹੈ। ਇਹ ਜਾਣਦੇ ਹੋਇਆਂ ਵੀ ਉਹ ਇਸ ਛਲਾਵੇ ਵਿਚੋਂ ਨਹੀਂ ਨਿਕਲ ਸਕਦਾ। ਵਾਹਿਗੁਰੂ ਜੀ ਨਾਲ ਕਿੰਚਤ ਮਾਤਰ ਵੀ ਪਿਆਰ ਨਹੀਂ ਹੈ। ਵਾਹਿਗੁਰੂ ਜੀ ਜੀਵਾਂ ਦੇ ਚਿਤ ਚੇਤੇ ਵੀ ਨਹੀਂ ਹੈ ਉਸਦਾ ਕਦੇ ਵੀ ਅਭਾਵ ਨਹੀਂ ਹੁੰਦਾ, ਉਹ ਸਦਾ ਹੀ ਪਿਆਰ ਦ੍ਰਿਸ਼ਟੀ ਨਾਲ ਸਭ ਨੂੰ ਦੇਖਦਾ ਹੈ। ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ ਅਤੇ ਬਿਨਾਂ ਮੰਗਿਆਂ ਅਣਗਿਣਤ ਦਾਤਾਂ ਦੀ ਵਰਸ਼ਾ ਸਦਾ ਹੀ ਕਰਦਾ ਰਹਿੰਦਾ ਹੈ। ਅਸਾਡੇ ਜੀਵਨ ਲਈ ਆਕਸੀਜਨ ਦੀ ਕਿੰਨੀ ਲੋੜ ਹੈ, ਉਸ ਪ੍ਰਭੂ ਨੇ ਇਸ ਹਵਾ ਵਿਚ ਕਾਰਬਨ ਦੀ ਥਾਂ ਸਾਨੂੰ ਜਿਉਂਦਾ ਰੱਖਣ ਲਈ ਆਕਸੀਜਨ ਦਿਤੀ ਹੈ, ਅੱਖਾਂ ਵਿਚ ਜੋਤੀ ਦਿਤੀ, ਕੰਨਾਂ ਵਿਚ ਸੁਣਨ ਦੀ ਸ਼ਕਤੀ, ਹੱਥਾਂ ਪੈਰਾਂ ਵਿਚ ਚਲਣ ਤੇ ਕੰਮ ਕਰਨ ਦੀ ਸ਼ਕਤੀ ਦਿਤੀ ਹੈ, ਅਸੀਂ ਨਹੀਂ ਜਾਣਦੇ ਕਿ ਬਹੁਤ ਸਾਰੇ ਵੀਚਾਰਵਾਨਾਂ ਨੇ ਇਸ ਸਰੀਰ ਵਿਚ 72 ਕਰੋੜ, 72 ਲੱਖ, 72 ਹਜ਼ਾਰ, ਦੋ ਸੌ blood channel ਦਸੇ ਹਨ। ਇਸ ਸਰੀਰ ਨੂੰ 14 ਖਰਬ ਸੈਲ ਲੱਗੇ ਕਹੇ ਜਾਂਦੇ ਹਨ ਜਿਨ੍ਹਾਂ ਰਾਹੀਂ ਅਸਾਡੇ ਅੰਦਰ ਜੀਵਨ ਰੌ ਸਾਨੂੰ ਜੀਵਤ ਰਖਦੀ ਹੈ। ਇੜਾ, ਪਿੰਗਲਾ, ਸੁਖਮਨਾ ਸਾਨੂੰ ਜਿਉਂਣ ਵਾਲੀਆਂ ਨਾੜੀਆਂ ਦਿਤੀਆਂ ਹਨ। ਸੁਖਮਨਾ ਦੇ ਵਿਚ ਬਿਜਲੀ ਦਾ ਭੰਡਾਰ ਹੈ, ਭੁਜੰਗਾ ਨਾੜੀ ਨੇ ਕੁੰਡਲਨੀ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਇਸ ਸ਼ਕਤੀ ਨੂੰ ਜਦੋਂ ਅਸੀਂ ਜਗਾ ਲਈਏ ਤਾਂ ਅਸਾਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਲ ਉਸ ਪ੍ਰਭੂ ਨੇ ਦਿਬਯ ਨੇਤਰ ਬਖਸ਼ੇ ਹਨ ਜਿਸ ਦੇ ਰਾਹੀਂ ਉਸਨੂੰ, ਅਸੀਂ ਘਟ-ਘਟ ਵਿਚ ਰਮਿਆ ਦੇਖ ਸਕਦੇ ਹਾਂ। ਦਿਬਯ ਕੰਨਾਂ ਦੀ ਬਖਸ਼ਿਸ਼ ਕੀਤੀ ਹੈ ਜਿਸ ਰਾਹੀਂ ਅਸੀਂ ਮਹਾਨ ਸੁਰੀਲੇ ਅਨਹਦ ਸ਼ਬਦਾਂ ਨੂੰ ਸੁਣ ਸਕਦੇ ਹਾਂ; ਦਿਬਯ ਨਾਸਕਾ ਰਾਹੀਂ ਅਸੀਂ ਆਪਣੇ ਅੰਦਰ ਹਰ ਵਕਤ ਸੁਗੰਧਤ ਹੋਏ-ਹੋਏ ਮਹਿਸੂਸ ਕਰ ਸਕਦੇ ਹਾਂ। ਦਿਬਯ ਰਸਨਾ ਰਾਹੀਂ ਅਸੀਂ ਸਾਰਿਆਂ ਰਸਾਂ ਤੋਂ ਸ਼੍ਰੋਮਣੀ ਰਸ ਜਿਸਨੂੰ ਨਾਮ ਰਸ ਕਿਹਾ ਜਾਂਦਾ ਹੈ ਉਸਦਾ ਸਵਾਦ ਮਾਣ ਸਕਦੇ ਹਾਂ। ਉਸ ਮਹਾਨ ਪ੍ਰਭੂ ਨੂੰ ਆਪਣੇ ਅੰਦਰੋਂ ਹੀ ਤਲਾਸ਼ ਕਰਕੇ ਕੇਵਲ ਅਸੀਂ ਆਪ ਹੀ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਛੁੱਟਦੇ ਪ੍ਰੰਤੂ ਅਨੇਕ-ਅਨੇਕ ਜੀਵਾਂ ਨੂੰ ਅਸੀਂ ਛੁਡਾ ਸਕਦੇ ਹਾਂ ਜਿਵੇਂ ਕਿ ਫੁਰਮਾਨ ਹੈ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*

*ਪੰਨਾ - 8*

ਸੋ ਆਪੇ ਹੀ ਵਿਚਾਰ ਕੇ ਦੇਖ ਲੈਣਾ ਜਿਵੇਂ ਕਿ ਇਕ ਪਾਸੇ ਛਿਨ ਭੰਗਰ ਮਾਇਆ ਦੇ ਸੁਖ ਹਨ ਜਿਨ੍ਹਾਂ ਵਿਚ ਦੁਖ ਹੀ ਦੁਖ ਹਨ ਜਿਵੇਂ ਕਿ ਫੁਰਮਾਨ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*

*ਪੰਨਾ - 707*

ਪਰ ਨਾਲ ਹੀ ਗੁਰੂ ਮਹਾਰਾਜ ਨੇ ਅਸਾਨੂੰ ਦਸ ਦਿਤਾ ਹੈ ਕਿ ਪ੍ਰਭੂ ਨਾਮ ਦੀ ਪ੍ਰਾਪਤੀ ਤੋਂ ਬਗੈਰ ਜੀਵ ਕਿਸੇ ਤਰ੍ਹਾਂ ਵੀ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ।

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*

*ਪੰਨਾ - 707*

ਸੋ ਇਸ ਵੈਸਾਖ ਦੇ ਮਹੀਨੇ ਵਿਚ ਸਾਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਦੱਸ ਦਿਤਾ ਹੈ -

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*

*ਪੰਨਾ - 133*

ਸੋ ਇਸ ਤਰ੍ਹਾਂ ਨਾਲ ਇਕ ਪਾਸੇ ਵਾਹਿਗੁਰੂ ਜੀ ਦਾ ਪਿਆਰ ਹੈ ਜੋ ਨਾਲ ਨਿਭਦਾ ਹੈ। ਜਿਥੇ ਕਿਸੇ ਦੀ ਪਹੁੰਚਣ ਦੀ ਸਮਰਥਾ ਨਹੀਂ ਹੈ ਉਥੇ ਨਾਮ ਸਹਾਇਤਾ ਕਰਦਾ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਅਨਿਕ ਪੁਨਹ ਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*



Sri Satguru Jagjit Singh Ji eLibrary NamdhariElibrary@gmail.com

***ਗੁਰਮੁਖਿ ਨਾਮੁ ਜਪਹੁ ਮਨ ਮੇਰੇ॥***
***ਨਾਨਕ ਪਾਵਹੁ ਸੂਖ ਘਨੇਰੇ॥*** ***ਪੰਨਾ - 264***

ਦੂਸਰੇ ਪਾਸੇ ਉਹ ਮਾਇਆ ਹੈ ਜਿਸ ਨਾਲ ਪ੍ਰੇਮ ਪਾ ਕੇ ਅਸਾਨੂੰ ਦੁਖ ਹੀ ਦੁਖ ਹੋਇਆ ਕਰਦੇ ਹਨ। ਉਸਦੀ ਪ੍ਰੀਤ ਸੁਖ ਨਹੀਂ ਦਿੰਦੀ, ਉਸਦੀ ਯਾਦ ਮਨ ਵਿਚ ਵਸੀ ਹੋਈ ਅਸਾਨੂੰ ਨਖਿੱਧ ਜੂਨੀਆਂ ਦੀਆਂ ਘੁਮੇਟਣੀਆਂ ਖਿਲਾਉਂਦੀ ਹੈ ਜਿਵੇਂ ਕਿ-

***ਜਿਸ ਕੈ ਅੰਤਰਿ ਰਾਜ ਅਭਿਮਾਨੁ॥***
***ਸੋ ਨਰਕਪਾਤੀ ਹੋਵਤ ਸੁਆਨੁ॥*** ***ਪੰਨਾ - 278***

***ਜੋ ਜਾਨੈ ਮੈ ਜੋਬਨਵੰਤੁ॥***
***ਸੋ ਹੋਵਤ ਬਿਸਟਾ ਕਾ ਜੰਤੁ॥*** ***ਪੰਨਾ - 278***

ਆਪਣੇ ਆਪ ਨੂੰ ਸੋਹਣਾ ਸਮਝਣ ਵਾਲਾ ਪ੍ਰਮੇਸ਼ਰ ਨੂੰ ਭੁਲਿਆ ਹੋਇਆ ਇਕ ਵਿਸ਼ਟਾ ਦੇ ਜੰਤ ਦੀ ਬਰਾਬਰੀ ਰਖਦਾ ਹੈ। ਮਨੁੱਖ ਸਰੀਰ ਵਿਚ ਸਾਰੇ ਗੁਣ ਵਾਹਿਗੁਰੂ ਦੀ ਬਖਸ਼ਿਸ਼ ਕਰਕੇ ਹਨ। ਸਰੀਰਕ ਤੰਦਰੁਸਤੀ, ਜੋਬਨ, ਜਿਸਮਾਨੀ ਖਿੱਚ ਵਾਹਿਗੁਰੂ ਜੀ ਦੀ ਮਿਹਰ ਹੈ। ਉਸ ਮਾਲਕ ਨੂੰ ਭੁੱਲ ਕੇ ਜਦੋਂ ਕਹਿੰਦਾ ਹੈ - ਮੈਂ ਸੁੰਦਰ ਹਾਂ, ਮੈਂ ਜੋਬਨਵੰਤ ਹਾਂ, ਮੈਂ ਧਨੀ ਹਾਂ, ਮੈਂ ਇਹ ਹਾਂ, ਮੈਂ ਉਹ ਹਾਂ। ਵਾਹਿਗੁਰੂ ਵਲੋਂ ਭੁਲਿਆ ਜੀਵ ਵਿਸ਼ਟਾ ਦੇ ਕੀੜੇ ਦੀ ਤੁਲਨਾ ਰਖਦਾ ਹੈ। ਸੋ ਇਹ ਮਾਇਆ ਦੇ ਪਿਆਰ ਦੀਆਂ ਗੱਲਾਂ ਹਨ। ਜੇ ਅੰਤ ਸਮੇਂ ਮਾਇਆ ਦੇ ਵਿਚ ਸੁਰਤ ਰਹਿ ਜਾਵੇ ਤਾਂ ਸੱਪ ਦੀ ਜੂਨੀ ਮਿਲਦੀ ਹੈ -

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਇਸੇ ਤਰ੍ਹਾਂ ਨਾਲ ਮਕਾਨਾਂ, ਇੰਡਸਟਰੀਆਂ, ਹੋਰ ਅਨੇਕਾਂ ਜਾਇਦਾਦਾਂ ਵਿਚ ਸੁਰਤ ਰਹਿ ਜਾਵੇ ਤਾਂ ਪ੍ਰੇਤ ਪਿੰਜਰ ਪਾ ਕੇ, ਜਿਸ ਵਿਚ ਦੁਖ ਹੀ ਦੁਖ ਹਨ, ਆਪ ਵੀ ਦੁਖੀ ਹੁੰਦਾ ਹੈ ਤੇ ਦੁਨੀਆਂ ਨੂੰ ਵੀ ਦੁਖੀ ਕਰਦਾ ਹੈ -

***ਅੰਤਿ ਕਾਲਿ ਜੋ ਮੰਦਰ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਇਸ ਕਰਕੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਨ੍ਹਾਂ ਚੀਜ਼ਾਂ ਨਾਲ ਵਾਹਿਗੁਰੂ ਨੂੰ ਭੁਲ ਹੀ ਜਾਂਦਾ ਹੈ। ਵਾਹਿਗੁਰੂ ਨੂੰ ਵਿਸਾਰ ਕੇ ਮਾਇਆ ਦੀ ਧੋਖੇ ਵਾਲੀ ਖਿਚ ਲਗੀ ਹੋਈ ਹੈ ਸੰਸਾਰ ਨੂੰ -

***ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥***
***ਪੰਨਾ - 133***

ਜੋ ਇਸਦੇ ਸਬੰਧੀ ਹਨ ਪਹਿਲਾਂ ਤਾਂ ਉਹ ਜਿਉਂਦੇ-ਜਿਉਂਦੇ ਹੀ ਬੇਰੁਖੀਆਂ ਧਾਰਨ ਕਰ ਲੈਂਦੇ ਹਨ। ਜੇ ਆਦਮੀ ਦੇ ਮਨ ਵਿਚ ਭੁਲੇਖਾ ਹੋਵੇ ਕਿ ਪੁੱਤਰ ਸੁਖ ਦਾ ਸਾਧਨ ਹੁੰਦੇ ਹਨ ਅਤੇ ਉਹ ਬੁਢਾਪੇ ਵਿਚ ਜਦੋਂ ਨੈਣ-ਪ੍ਰਾਣ ਚਲਣ ਤੋਂ ਜਵਾਬ ਦੇ ਦੇਣਗੇ, ਉਹ ਸਾਂਭ ਲੈਣਗੇ। ਇਹ ਇਕ ਬਹੁਤ ਵੱਡਾ ਛਲਾਵਾ ਹੈ। ਕਲਜੁਗੀ ਪੁਤਰਾਂ ਵਿਚੋਂ ਕਦੇ ਵੀ ਕਿਸੇ ਨੇ ਆਪਣੇ ਮਾਂ-ਬਾਪ ਦੀ ਸੰਭਾਲ ਨਹੀਂ ਕੀਤੀ। ਮਾਂ ਬਾਪ ਦੀ ਸੇਵਾ ਛੱਡ ਕੇ ਉਹ ਆਪਣੇ ਪਰਿਵਾਰ ਵਿਚ, ਆਪਣੀ ਦੁਨੀਆਂ ਵਿਚ, ਆਪਣੇ ਰੰਗਾਂ ਵਿਚ ਹੀ ਮਸਤ ਰਹਿੰਦੇ ਹਨ। ਇਹ ਤਾਂ ਪੁਰਾਣੇ ਸਮੇਂ ਸਨ ਜਦੋਂ ਸਰਵਣ ਵਰਗੇ ਪੁੱਤਰ ਨੇਤਰਾਂ ਹੀਣੇ ਮਾਂ ਬਾਪ ਨੂੰ ਮਿਲ ਗਏ ਸਨ ਅਤੇ ਉਹ ਆਪਣੇ ਸਾਰੇ ਸੁੱਖ ਛੱਡ ਕੇ ਮਾਂ-ਬਾਪ ਨੂੰ ਵਹਿੰਗੀ ਵਿਚ ਬਿਠਾ ਕੇ 68 ਤੀਰਥਾਂ ਦਾ ਇਸ਼ਨਾਨ ਕਰਾ ਰਿਹਾ ਸੀ। ਹੁਣ ਵਾਲੇ ਪੁਤਰ ਮਾਂ ਬਾਪ ਨਾਲ ਕੋਈ ਸਬੰਧ ਨਹੀਂ ਰਖਦੇ। ਜਦੋਂ ਸ਼ਾਦੀ ਹੋ ਜਾਵੇ ਤਾਂ ਆਪਣੀ ਵਖਰੀ ਦੁਨੀਆਂ ਬਣਾ ਲੈਂਦੇ ਹਨ ਅਤੇ ਝੂਠੇ ਪਿਆਰ ਦੇ ਰੰਗਾਂ ਵਿਚ ਪੈ ਕੇ ਆਪਣੇ ਫਰਜ਼ ਤੋਂ ਪੂਰੀ ਤਰ੍ਹਾਂ ਕੁਤਾਹੀ ਕਰਦੇ ਹਨ। ਮਾਂ ਬਾਪ ਨੂੰ ਸੰਭਾਲਣਾ ਤਾਂ ਕੀ, ਉਹ ਪਿੱਠ ਦੇ ਕੇ ਨੱਠ ਜਾਂਦੇ ਹਨ ਅਤੇ ਇਹੋ ਆਸ ਰਖਦੇ ਹਨ ਕਿ ਅਸਾਨੂੰ ਕੋਈ ਹੋਰ ਬੰਦਾ ਉਨ੍ਹਾਂ ਦਾ ਕ੍ਰਿਆ ਕਰਮ ਕਰਕੇ ਦਸ ਦੇਵੇ ਕਿ ਉਹ ਸੰਸਾਰ ਤੋਂ ਚੜ੍ਹਾਈ ਕਰ ਗਏ ਹਨ। ਇਹ ਮੈਂ ਸਤਿ ਦੀ ਗੱਲ ਕਰ ਰਿਹਾ ਹਾਂ ਕਿਉਂਕਿ ਮੈਂ ਇਹ ਤਜਰਬਾ ਦੇਖਿਆ ਹੋਇਆ ਹੈ। ਮੇਰੇ ਪਾਸ ਬਹੁਤ ਐਸੇ ਮਾਂ-ਬਾਪ ਆਉਂਦੇ ਹੀ ਰਹਿੰਦੇ ਹਨ। ਕਈ ਬਜ਼ੁਰਗ ਤਾਂ ਅਸਾਡੇ ਪਾਸ ਹੀ ਆ ਗਏ ਕਿ ਮੈਨੂੰ ਆਪਣੇ ਹੀ ਪੁੱਤਰ ਤੋਂ ਡਰ ਹੈ ਕਿ ਮੇਰਾ ਗਲ ਨਾ ਘੁਟ ਦੇਵੇ। ਜਦੋਂ ਪੁੱਤਰ ਨੂੰ ਪਾਲਣਾ ਹੁੰਦਾ ਹੈ ਤਾਂ ਕਿੰਨੀ ਖੇਦ, ਕਿੰਨੀ ਖੇਚਲ ਆਪਣੇ ਉਪਰ ਸਹਿੰਦਾ ਹੈ। ਪਰ ਗੁਰੂ ਮਹਾਰਾਜ ਦਾ ਜੋ ਬਚਨ ਹੈ ਉਸਨੂੰ ਪੂਰੀ ਤਰ੍ਹਾਂ ਵਿਸਾਰ ਕੇ ਆਪਣਾ ਜੀਵਨ, ਆਪਣਾ ਸੁਖ ਨਸ਼ਟ ਕਰ ਲਿਆ ਜਾਂਦਾ ਹੈ। ਇਥੋਂ ਤਕ ਵੀ ਮੈਂ ਦੇਖਿਆ ਹੈ ਕਿ ਜਿਸਨੂੰ ਪੁੱਤਰ ਦੀ ਦਾਤ ਨਹੀਂ ਮਿਲੀ ਹੋਈ, ਉਹ ਬਹੁਤ ਹੀ ਉਦਾਸੀ ਵਿਚ ਜੀਵਨ ਬਤੀਤ ਕਰਦੇ ਹਨ। ਹਰ ਸੁਆਸ ਪੁੱਤਰ ਆਉਣ ਦੀ ਆਸ ਮਨ ਵਿਚ ਰਖਦੇ ਹਨ। ਅਜਿਹੇ ਪ੍ਰੇਮੀ ਵਾਹਿਗੁਰੂ ਜੀ ਨੂੰ ਹਮੇਸ਼ਾ ਹੀ ਭੁੱਲੇ ਰਹਿੰਦੇ ਹਨ ਜਿਸ ਨੇ ਸਦਾ ਹੀ ਸਾਥ ਦੇਣਾ ਹੈ ਜੋ ਪਿਆਰ ਵਿਚ ਵਸ ਆਇਆ ਹੋਇਆ ਆਪਣੇ ਪਿਆਰਿਆਂ ਦੀ ਗੱਲ ਮੰਨ ਕੇ ਸਭ ਕੁਝ ਦੇ ਦਿੰਦਾ ਹੈ -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥***
***ਤਿਨ ਕੀ ਸੋਭਾ ਸਭਨੀ ਥਾਈ***
***ਜਿਨ ਪ੍ਰਭ ਕੇ ਚਰਣ ਪਰਾਤੇ॥*** ***ਪੰਨਾ - 748***

ਸੋ ਐਸੇ ਵਾਹਿਗੁਰੂ ਜੀ ਨੂੰ ਛੱਡ ਕੇ ਮੋਹ ਮਾਇਆ ਦੇ ਝੂਠੇ ਧੰਦਿਆਂ ਵਿਚ ਪੈ ਕੇ ਜੀਵ ਫਸ-ਫਸ ਕੇ ਮਰ ਰਹੇ ਹਨ। ਗੁਰੂ ਮਹਾਰਾਜ ਇਨ੍ਹਾਂ ਨੂੰ ਕੱਢਣ ਵਾਸਤੇ ਅਰਸ਼ੀ ਬਾਣੀ ਰਾਹੀਂ ਪ੍ਰਕਾਸ਼ ਬਖਸ਼ਦੇ ਹਨ ਪਰ ਇਹ ਜੀਵ ਐਸਾ ਢੀਠ ਹੈ ਜੋ ਗੁਰੂ ਪੀਰ ਦਾ ਕੋਈ ਬਚਨ ਆਪਣੇ ਹਿਰਦੇ ਵਿਚ ਨਹੀਂ ਵਸਾਉਂਦਾ। ਪੜ੍ਹਦਾ ਵੀ ਹੈ, ਲੋਕਾਂ ਨੂੰ ਸਮਝੌਤੀਆਂ ਭੀ ਦਿੰਦਾ ਹੈ। ਪਰ



Sri Satguru Jagjit Singh Ji eLibrary NamdhariElibrary@gmail.com

ਆਪ ਇਨ੍ਹਾਂ ਉਚ ਅਸੂਲਾਂ ਤੋਂ ਅਛੋਹ ਹੀ ਰਹਿੰਦਾ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਹਰ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*
*ਪੰਨਾ – 133*

ਮਾਇਆ ਦੀ ਖਿਚ ਪਈ ਹੋਈ ਹੈ ਦਿਨ ਰਾਤ। ਇਸ ਖਿਚ ਵਿਚ ਜੀਵ ਧੂਹਿਆ ਜਾ ਰਿਹਾ ਹੈ। 24000 ਸੁਆਸ ਉਸਦਾ ਹਰ ਰੋਜ਼ ਇਸ ਛਲਾਵੇ ਦੀ ਭੇਟ ਚੜ੍ਹ ਜਾਂਦਾ ਹੈ ਹੁਕਮ ਤਾਂ ਗੁਰੂ ਮਹਾਰਾਜ ਦਾ ਇਹ ਸੀ ਕਿ –

*ਸਾਸਿ ਸਾਸਿ ਸਿਮਰਹੁ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥* *ਪੰਨਾ – 295*

ਅਤੇ ਮਹਾਤਮਾ ਕਹਿੰਦੇ ਹਨ ਕਿ –

*ਸਾਸ ਸਾਸ ਹਰਿ ਨਾਮ ਜਪ ਬ੍ਰਿਥਾ ਸਾਸ ਮਤਿ ਖੋਇ।*
*ਕਿਆ ਜਾਨੈ ਕਿ ਅੰਤ ਕਉ ਇਹੀ ਸਾਸ ਮਤਿ ਹੋਇ।*

ਸੁਆਸਾਂ ਦੀ ਕੀਮਤ ਕੋਈ ਪਾ ਨਹੀਂ ਸਕਦਾ। ਅਜਾਮਲ ਪਾਸ ਸਿਰਫ ਇਕ ਸੁਆਸ ਆਖਰੀ ਬਚਿਆ ਸੀ ਜਿਸ ਵਿਚ ਉਸ ਨੇ ਜਮਦੂਤਾਂ ਤੋਂ ਡਰ ਕੇ ਆਪਣੇ ਪੁੱਤਰ ਨੂੰ ਅਵਾਜ਼ ਮਾਰੀ ਤੇ ਕਿਹਾ, ਓ ਨਰਾਇਣ! ਲੇਕਿਨ ਉਸਦਾ ਗੁਰੂ ਸਮਰੱਥ ਸੀ ਜਿਸ ਦੇ ਦਰਸ਼ਨਾਂ ਦੇ ਫਲ ਕਰਕੇ ਉਸਨੂੰ ਇਕੋ ਸੁਆਸ ਵਿਚ ਸੋਝੀ ਆ ਗਈ ਕਿ ਮੇਰੇ ਪੁਤਰ ਨੇ ਇਨ੍ਹਾਂ ਜਮਦੂਤਾਂ ਤੋਂ ਨਹੀਂ ਬਚਾਉਣਾ, ਉਸਨੇ ਮਹਾਨ ਦਿਆਲੂ ਕ੍ਰਿਪਾਲੂ ਨਰਾਇਣ ਨੂੰ ਅਵਾਜ਼ ਮਾਰ ਦਿਤੀ ਜਿਸ ਦੇ ਪਰਿਣਾਮ ਸਰੂਪ ਜਮਦੂਤਾਂ ਦੀ ਮਾਰ ਤੋਂ ਛੁਟ ਗਿਆ। ਦੇਵਗਣਾਂ ਨੇ ਉਸਨੂੰ ਬਿਵਾਨਾਂ ਵਿਚ ਬਿਠਾ ਕੇ ਬੈਕੁੰਠ ਧਾਮ ਵਿਚ ਪਹੁੰਚਾ ਦਿਤਾ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ–

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥* *ਪੰਨਾ – 981*

ਗੁਰੂ ਮਹਾਰਾਜ ਜੀ ਇਕ ਥਾਂ ਫੁਰਮਾਨ ਕਰਦੇ ਹਨ –

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ॥* *ਪੰਨਾ – 902*

ਸੋ ਕਿਹੋ ਜਿਹੇ ਵਾਹਿਗੁਰੂ ਜੀ ਹੋਏ, ਕਿੰਨੇ ਦਿਆਲੂ, ਕਿੰਨੇ ਪਤਿਤ ਪਾਵਨ, ਕਿ ਭਾਵਨੀ ਹੀ ਦੇਖੀ। ਸੋ ਐਸੇ ਵਾਹਿਗੁਰੂ ਜੀ ਨੂੰ ਛੱਡ ਕੇ 'ਹਰਿ ਸਾਜਣ ਪੁਰਖ ਵਿਸਾਰ ਕੈ' ਮਾਇਆ ਦੇ ਛਲਾਵਿਆਂ ਵਿਚ ਅਸੀਂ ਫਸ ਗਏ ਅਤੇ ਪੁਤਰਾਂ, ਰਿਸ਼ਤੇਦਾਰਾਂ, ਪਰਿਵਾਰ ਵਿਚ ਫਸ ਕੇ ਸਦਾ ਹੀ ਉਸਨੂੰ ਭੁੱਲੇ ਰਹਿੰਦੇ ਹਾਂ ਅਤੇ ਝੂਠਿਆਂ ਧੰਦਿਆਂ ਵਿਚ ਫਸ ਕੇ ਆਪਣਾ ਜੀਵਨ ਬਰਬਾਦ ਕਰ ਦਿੰਦੇ ਹਾਂ।

*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*
*ਪੰਨਾ – 133*

ਉਸਦੇ ਸੱਚੇ ਨਾਮ ਨੂੰ ਭੁਲਾ ਦਿਤਾ ਜਾਂਦਾ ਹੈ, ਉਸਦੀ ਥਾਂ ਸੁਆਸਾਂ ਦੀ ਕਦਰ ਨਾ ਕਰਦੇ ਹੋਏ ਮਾਇਆ ਦੀ ਕੱਚੀ ਪ੍ਰੀਤ ਨਾਲ ਲਗ ਕੇ ਅਸੀਂ ਆਪਣਾ ਸਮਾਂ ਬਰਬਾਦ ਕਰ ਲੈਂਦੇ ਹਾਂ। ਅਜਾਮਲ ਤੋਂ ਪੁਛੋ ਸੁਆਸ ਦੀ ਕਿੰਨੀ ਕੀਮਤ ਹੈ।

ਇਕ ਅਧਿਆਤਮਕ ਇਤਿਹਾਸ ਵਿਚ ਕਥਾ ਆਉਂਦੀ ਹੈ ਕਿ ਯੂਨਾਨ ਦਾ ਇਕ ਨੌਜੁਆਨ ਬਾਦਸ਼ਾਹ ਜਿਸ ਦਾ ਨਾਮ ਸਿਕੰਦਰ ਸੀ ਜੋ ਮਕਦੂਨੀਆਂ ਦਾ ਰਹਿਣ ਵਾਲਾ ਸੀ, ਉਸਨੇ 20 ਸਾਲ ਦੀ ਉਮਰ ਵਿਚ ਗੱਦੀ ਤੇ ਬੈਠ ਕੇ ਇਕ ਬਹੁਤ ਵੱਡਾ ਲਸ਼ਕਰ ਤਿਆਰ ਕੀਤਾ। ਉਸਨੇ ਯੂਰਪ ਦੇ ਦੇਸ਼ਾਂ ਉਪਰ ਚੜ੍ਹਾਈ ਕੀਤੀ, ਹਰ ਥਾਂ ਸਫਲਤਾ ਨੇ ਉਸਦੇ ਚਰਨ ਚੁੰਮੇ। ਉਸਨੇ ਪੂਰਬ ਵਲ ਵੀ ਰੁਖ ਕੀਤਾ ਅਤੇ ਇਰਾਨ ਵਰਗੀਆਂ ਅਜਿਤ ਬਾਦਸ਼ਾਹੀਆਂ ਨੂੰ ਜੜ੍ਹੋਂ ਉਖੇੜ ਦਿਤਾ। ਭਾਰਤ ਵਰਸ਼ ਵਿਚ ਦਾਖਲ ਹੋਇਆ, ਭਾਰਤੀ ਸੂਰਮਿਆਂ ਨੇ ਜਾਨਾਂ ਤੋੜ ਕੇ ਮੁਕਾਬਲਾ ਕੀਤਾ। ਬਿਆਸ ਤੇ ਰਾਵੀ ਦੇ ਦਰਮਿਆਨ ਰਾਜ ਕਰਦੇ ਰਾਜਾ ਪੋਰਸ ਨੇ ਬਹੁਤ ਹੀ ਨਿਯਮ ਭਰੀ ਲੜਾਈ ਕੀਤੀ। ਉਸਦੇ ਸਿਪਾਹੀ, ਭਾਰਤੀ ਸੂਰਮਿਆਂ ਦੀ ਬਹਾਦਰੀ ਤੱਕ ਕੇ ਪਿਛੇ ਮੁੜਨ ਦੀ ਗੱਲ ਸੋਚਣ ਲੱਗੇ ਅਤੇ ਬਿਆਸਾ ਦਰਿਆ ਪਾਰ ਨਾ ਕੀਤਾ। ਵਾਪਸੀ ਵਿਚ ਖੁਸ਼ਕੀ ਦਾ ਰਾਹ ਛੱਡ ਕੇ ਕਰਾਚੀ ਤੋਂ ਜਹਾਜ਼ਾਂ ਰਾਹੀਂ ਸਫਰ ਕਰਨ ਦਾ ਪ੍ਰੋਗਰਾਮ ਬਣਾਇਆ। ਉਹ ਅਦਨ ਵਿਚ ਦੀ ਹੁੰਦੇ ਹੋਏ ਬਾਵਲਕੁੰਟੀ ਦੇ ਮੁਕਾਮ ਤੇ ਇਸ਼ਨਾਨ ਕਰਕੇ ਗਰਮ ਸਰਦ ਹੋ ਗਿਆ ਅਤੇ ਐਸੀ ਬਿਮਾਰੀ ਲੱਗੀ ਕਿ ਉਹ ਜਿਉਂ-ਜਿਉਂ ਦਵਾਈ ਕਰਦਾ ਹੈ ਤਿਉਂ-ਤਿਉਂ ਰੋਗ ਵਧਦਾ ਹੀ ਜਾਂਦਾ ਹੈ। ਉਸ ਨੇ ਜੋਤਸ਼ੀਆਂ ਨੂੰ ਬੁਲਾਇਆ ਤੇ ਕਿਹਾ ਕਿ ਜੋਤਸ਼ ਲਾ ਕੇ ਦੇਖੋ ਮੇਰਾ ਅੰਤ ਦਾ ਸਮਾਂ ਕਿਨ੍ਹਾਂ ਹਾਲਾਤ ਵਿਚ ਆਵੇਗਾ? ਜੋਤਸ਼ੀਆਂ ਨੇ ਦੱਸਿਆ ਕਿ ਹੇ ਮਹਾਰਾਜ! ਸਿਕੰਦਰ ਬਾਦਸ਼ਾਹ! ਅਸੀਂ ਸਾਰਿਆਂ ਜੋਤਸ਼ੀਆਂ ਨੇ ਗ੍ਰਹਿਾਂ ਦਾ ਹਿਸਾਬ ਲਾਇਆ ਹੈ ਅਤੇ ਅਸਾਡੇ ਹਿਸਾਬ ਵਿਚ ਬਹੁਤ ਹੀ ਅਜੀਬ ਗੱਲ ਇਹ ਆਈ ਹੈ ਕਿ ਆਪ ਦਾ ਅੰਤ ਉਸ ਸਮੇਂ ਹੋਵੇਗਾ ਜਦੋਂ ਹੇਠ ਧਰਤੀ ਲੋਹੇ ਦੀ ਹੋਵੇਗੀ ਅਤੇ ਅਸਮਾਨ ਸੁਨਹਿਰੀ ਹੋ ਜਾਵੇਗਾ। ਉਸਦੀਆਂ ਸੋਨੇ ਰੰਗੀਆਂ ਕਿਰਨਾਂ ਮੁਖ ਉਤੇ ਪੈਂਦੀਆਂ ਹੋਣਗੀਆਂ ਪਰ ਕਿਸੇ ਨੂੰ ਇਹ ਗੱਲ ਸਪਸ਼ਟ ਤੌਰ ਤੇ ਸਮਝ ਨਾ ਆਈ। ਸਿਕੰਦਰ ਨੇ ਉਸੇ ਹਾਲਤ ਵਿਚ ਸਫਰ ਜਾਰੀ ਰੱਖਿਆ। ਸਰੀਰ ਮਜ਼ਬੂਤ ਸੀ, ਪਾਲਕੀ ਉਤੇ ਸਫਰ ਕਰਨ ਦੀ ਥਾਂ ਘੋੜੇ ਉਤੇ ਹੀ ਸਫਰ ਕਰਦਾ ਰਿਹਾ। ਜਾਂਦੇ-ਜਾਂਦੇ ਇਕ ਐਸੇ ਥਾਂ ਜਾ ਰਿਹਾ ਹੈ ਜਿਥੇ ਨੇੜੇ ਕੋਈ ਦਰਖਤ ਨਹੀਂ ਹੈ, ਹੇਠਾਂ ਧਰਤੀ ਗਰਮ ਹੈ। ਉਸਨੂੰ ਗਸ਼ ਪਈ, ਅੰਗ ਰਖਸ਼ਕਾਂ ਨੇ ਇਕ ਦਮ ਸੰਭਾਲ ਲਿਆ। ਉਸਦੇ ਪਹਿਨੇ ਹੋਏ ਲੋਹੇ ਦੇ ਜ਼ਰਾ ਬਕਤਰ ਧਰਤੀ ਉਤੇ ਵਿਛਾ ਦਿਤੇ। ਸੂਰਜ ਬਹੁਤ ਤੇਜ ਗਰਮੀ ਦੇ ਰਿਹਾ ਸੀ, ਉਸ ਗਰਮੀ ਤੋਂ ਉਸਦਾ ਮੁਖ ਬਚਾਉਣ ਲਈ ਉਸਦੀ ਸੋਨੇ ਨਾਲ ਮੜ੍ਹੀ ਢਾਲ ਬਰਛੇ ਤੇ ਟੰਗ ਕੇ ਉਸ ਤੇ ਛਾਂ


Sri Satguru Jagjit Singh Ji eLibrary NamdhariElibrary@gmail.com

ਕਰ ਦਿਤੀ। ਜਦੋਂ ਉਸ ਨੂੰ ਸੁਰਤ ਆਈ ਤਾਂ ਸਿਕੰਦਰ ਕੀ ਦੇਖਦਾ ਹੈ ਕਿ ਮੇਰੇ ਹੇਠ ਲੋਹਾ ਵਿਛਿਆ ਹੋਇਆ ਹੈ ਅਤੇ ਮੇਰੇ ਮੁਖ ਉਪਰ ਕਿਰਨਾਂ ਸੋਨੇ ਦਾ ਬਿੰਬ ਲੈ ਕੇ ਪੈ ਰਹੀਆਂ ਹਨ, ਇਕ ਦਮ ਯਾਦ ਆ ਗਿਆ ਕਿ ਜੋਤਸ਼ੀਆਂ ਨੇ ਜੋ ਟੋਹ ਲਾਈ ਸੀ ਉਸ ਦੇ ਮੁਤਾਬਿਕ ਮੈਂ ਹੁਣ ਲੋਹੇ ਉਪਰ ਪਿਆ ਹਾਂ ਅਤੇ ਮੈਨੂੰ ਅਸਮਾਨ ਸੁਨਹਿਰੀ ਨਜ਼ਰ ਆ ਰਿਹਾ ਹੈ। ਹੁਣ ਮੇਰਾ ਅੰਤ ਸਮਾਂ ਆ ਗਿਆ। ਉਸ ਵੇਲੇ ਬਹਾਦਰ ਸਿਕੰਦਰ ਬਹੁਤ ਰੋਇਆ। ਬੱਚਿਆਂ ਵਾਂਗੂੰ ਵਿਰਲਾਪ ਕਰਦਾ ਹੈ। ਵੈਦਾਂ ਨੂੰ ਕਿਹਾ ਕਿ ਮੈਨੂੰ ਕੋਈ ਐਸੀ ਦਵਾਈ ਦੇਵੋ ਜਿਸ ਨਾਲ ਮੈਂ ਆਪਣੇ ਦੇਸ਼ ਗਰੀਕ (ਯੂਨਾਨ) ਤਕ ਪਹੁੰਚ ਜਾਵਾਂ ਤੇ ਬਾਰ੍ਹਾਂ ਸਾਲ ਦੇ ਵਿਛੋੜੇ ਪਿਛੋਂ ਆਪਣੀ ਮਾਂ ਨੂੰ ਗਲਵਕੜੀ ਵਿਚ ਲੈ ਸਕਾਂ ਅਤੇ ਦਸ ਸਕਾਂ ਕਿ ਤੇਰੇ ਪੁੱਤਰ ਨੇ ਕਿਵੇਂ ਸੰਸਾਰ ਉਤੇ ਵੱਡੇ-ਵੱਡੇ ਰਾਜਿਆਂ ਨੂੰ ਹਾਰ ਦਿਤੀ। ਮੈਂ ਤੁਹਾਡਾ ਅਹਿਸਾਨ ਕਦੀ ਨਹੀਂ ਭੁਲਾਂਗਾ ਅਤੇ ਆਪਣੇ ਵਲੋਂ ਅੱਧਾ ਰਾਜ ਵੈਦ ਜੀ ਤੁਹਾਨੂੰ ਦੇ ਦੇਵਾਂਗਾ। ਵੈਦ ਚੁਪ ਕਰ ਰਿਹਾ। ਫਿਰ ਉਸਨੇ ਤਰਲਾ ਕੀਤਾ ਅਤੇ ਕਿਹਾ, "ਕੋਈ ਐਸੀ ਦਵਾਈ ਦੇਵੋ ਕਿ ਮੇਰੀ ਆਖਰੀ ਤਮੰਨਾ (ਵਾਸ਼ਨਾ) ਪੂਰੀ ਹੋ ਜਾਵੇ।" ਤਾਂ ਉਸ ਸਮੇਂ ਵੱਡੇ ਵੈਦ ਜੀ ਨੇ ਕਿਹਾ ਕਿ ਐ ਬਾਦਸ਼ਾਹ! ਧਰਤੀ ਦਾ ਰਾਜ ਤਾਂ ਕੀ, ਜੇ ਤੂੰ ਅਸਾਨੂੰ ਤਿੰਨਾਂ ਲੋਕਾਂ ਦਾ ਰਾਜ ਵੀ ਦੇਵੇਂ ਤਾਂ ਵੀ ਅਸੀਂ ਤੈਨੂੰ ਇਕ ਸ੍ਵਾਸ ਨਹੀਂ ਦਿਵਾ ਸਕਦੇ। ਤੇਰੇ ਸ੍ਵਾਸਾਂ ਦੀ ਗੰਢ ਨਾਭੀ ਵਿਚੋਂ ਖੁਲ੍ਹ ਚੁਕੀ ਹੈ, ਹੁਣ ਗਿਣਵੇਂ ਸ੍ਵਾਸ ਰਹਿ ਗਏ ਹਨ। ਜੋ ਕੁਝ ਕਹਿਣਾ ਹੈ ਥੋੜ੍ਹੇ ਸਮੇਂ ਲਈ ਕਹਿ ਸਕਦਾ ਹੈਂ ਕਿਉਂਕਿ ਹੁਣ ਤੇਰਾ ਅੰਤ ਸਮਾਂ ਆ ਗਿਆ। ਉਸ ਵੇਲੇ ਸਿਕੰਦਰ ਬਹੁਤ ਰੋਇਆ ਕਿ ਮੈਂ ਕਿੰਨਾਂ ਬੇਖਬਰ ਰਿਹਾ ਕਿ ਪ੍ਰਮਾਤਮਾ ਦੇ ਦਿਤੇ ਹੋਏ ਸ੍ਵਾਸਾਂ ਦੀ ਕੀਮਤ ਨਾ ਪਾ ਸਕਿਆ, ਮੇਰੇ ਉਪਰ ਕਿੱਡੀ ਦਇਆ ਕੀਤੀ ਸੀ ਕਿ ਇਕ ਸ੍ਵਾਸ ਤਿੰਨਾਂ ਲੋਕਾਂ ਦੇ ਰਾਜ ਤੋਂ ਵੀ ਕੀਮਤੀ ਹੈ। ਚੰਗਾ! ਤੁਸੀਂ ਦੁਨੀਆਂ ਨੂੰ ਦੱਸ ਦੇਣਾ ਕਿ ਸ੍ਵਾਸ ਦੀ ਕੀਮਤ ਕਿੰਨੀ ਹੈ।

ਸੋ ਇਸ ਤਰ੍ਹਾਂ ਅਸੀਂ ਮਾਇਆ ਦੇ ਮੋਹ ਵਿਚ ਪਏ ਹੋਏ ਆਪਣੇ ਸ੍ਵਾਸ ਬਿਰਥੇ ਗੁਆ ਲੈਂਦੇ ਹਾਂ। ਇਕ ਸਵਸਥ ਬੰਦੇ ਨੂੰ ਇਕ ਘੰਟੇ ਵਿਚ 24000 ਸ੍ਵਾਸ ਆਉਂਦੇ ਹਨ ਜੋ ਉਸਦੀ ਕ੍ਰਿਆ ਨਾਲ ਘਟਦੇ ਜਾਂ ਵਧਦੇ ਵੀ ਹਨ। ਨਾਮ ਜਪਣ ਵਾਲੇ ਨੂੰ ਇਕ ਮਿੰਟ ਵਿਚ ਪੰਜ ਜਾਂ ਛੇ ਸ੍ਵਾਸ ਆਇਆ ਕਰਦੇ ਹਨ। ਟਿਕ ਕੇ ਬੈਠੇ ਹੋਏ ਨੂੰ 12 ਸ੍ਵਾਸ ਆਉਂਦੇ ਹਨ। ਸੁੱਤੇ ਪਏ ਨੂੰ 24 ਸ੍ਵਾਸ ਇਕ ਮਿੰਟ ਵਿਚ ਆਉਂਦੇ ਹਨ। ਭੋਗ ਵਿਚ ਤੇ ਮੈਥੁਨ ਵਿਚ ਪ੍ਰਵਿਰਤ ਨੂੰ 64 ਸ੍ਵਾਸ ਆਇਆ ਕਰਦੇ ਹਨ। ਸੌ ਸਾਲ ਦੀ ਜੇ ਅਰੋਗ ਉਮਰ ਹੋਵੇ ਤਾਂ 88 ਕਰੋੜ 66 ਲੱਖ ਸ੍ਵਾਸ ਸਾਰੀ ਉਮਰ ਵਿਚ ਆਉਂਦੇ ਹਨ। ਜੇ 75 ਸਾਲ ਦੀ ਉਮਰ ਹੈ ਤਾਂ 66 ਕਰੋੜ 44 ਲੱਖ ਸ੍ਵਾਸ ਆਇਆ ਕਰਦੇ ਹਨ। ਇਹ ਜੀਵ ਕਿੱਡੇ ਧੋਖੇ ਵਿਚ ਫਸਿਆ ਹੋਇਆ ਹੈ ਕਿ ਸਾਰੇ ਦੇ ਸਾਰੇ ਸ੍ਵਾਸ ਬਿਰਥੇ ਗੁਆ ਲੈਂਦਾ ਹੈ ਉਸਦਾ ਜੀਵਨ ਕਿਸੇ ਵੀ ਕੰਮ ਨਹੀਂ ਆਉਂਦਾ ਜਿਵੇਂ ਕਿਸੇ ਮਹਾਂਪੁਰਸ਼ ਨੇ ਫੁਰਮਾਇਆ ਹੈ -

*ਉਮਰ ਉਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ*
*ਪੈਂਦੀ ਮੁਜਰੇ,*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜ਼ਰੇ।*

ਸੋ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਪਿਆਰਿਆ! ਤੇਰੀ ਸਮਝ ਵਿਚ ਕੁਝ ਵੀ ਨਹੀਂ ਆਉਂਦਾ।

*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*

***ਪੰਨਾ - 133***

ਉਸ ਅਬਿਨਾਸੀ ਨੇ ਤੇਰੇ ਨਾਲ ਸਹਾਇਤਾ ਕਰਨੀ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੇ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*

***ਪੰਨਾ - 264***

ਸਾਰਾ ਸੰਸਾਰ ਫਸ-ਫਸ ਕੇ ਮਰ ਰਿਹਾ ਹੈ। ਬਾਕੀ ਜਿਨ੍ਹਾਂ ਕਰਮਾਂ ਧਰਮਾਂ ਦੇ ਵਿਚ ਆਦਮੀ ਫਸ ਕੇ ਆਪਣਾ ਜੀਵਨ ਲੰਘਾ ਦਿੰਦਾ ਹੈ ਉਸ ਬਾਰੇ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਜਦੋਂ ਉਹ ਪ੍ਰਲੋਕ ਨੂੰ ਜਾਂਦਾ ਹੈ ਤਾਂ ਜਿਵੇਂ ਇਥੇ ਸੜਕਾਂ ਤੇ ਟੋਲ ਟੈਕਸ ਆਉਂਦੇ ਹਨ ਇਸੇ ਤਰ੍ਹਾਂ ਦਰਗਾਹ ਵਿਚ ਥਾਂ-ਥਾਂ ਤੇ ਲੰਘਾਉਣ ਵਾਲੇ, ਜਿਵੇਂ ਏਥੇ ਸੜਕ ਤੇ ਜਾਣ ਵਾਲਿਆਂ ਤੋਂ ਪੈਸੇ ਲੈਂਦੇ ਹਨ ਇਸੇ ਤਰ੍ਹਾਂ ਉਥੇ ਸ਼ੁਭ ਕਰਮ ਲੈ ਲਿਆ ਜਾਂਦਾ ਹੈ ਕਿਉਂਕਿ ਹਨ੍ਹੇਰੇ ਵਿਚ ਜੀਵ ਠੋਕਰਾਂ ਖਾਂਦਾ ਹੈ ਉਥੇ ਕੀਤਾ ਹੋਇਆ ਪੁੰਨ ਕਰਮ ਦੇ ਕੇ, ਜੀਵ ਲੰਘਦਾ ਹੈ ਉਸਨੂੰ ਥੋੜ੍ਹੇ ਸਮੇਂ ਲਈ ਪ੍ਰਕਾਸ਼ ਮਿਲ ਜਾਂਦਾ ਹੈ -

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥*

***ਪੰਨਾ - 747***

ਸੋ ਫੁਰਮਾਨ ਹੈ -

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*

***ਪੰਨਾ - 133***


Sri Satguru Jagjit Singh Ji eLibrary NamdhariElibrary@gmail.com

ਕਰਮ ਧਰਮ ਖੋਹ ਲਏ ਜਾਂਦੇ ਹਨ, ਜਮ ਜਾਗਾਤੀ ਲੁਟ ਲੈਂਦੇ ਹਨ। ਸੋ ਇਸ ਕਰਕੇ ਵਾਹਿਗੁਰੂ ਤੋਂ ਬਿਨਾਂ ਇਸਦਾ ਰਾਖਾ ਹੋਰ ਕੋਈ ਨਹੀਂ, ਉਸਨੂੰ ਭੁੱਲ ਕੇ ਵਿਗੋਚਾ ਆਉਂਦਾ ਹੈ, ਖੁਆਰ ਹੁੰਦਾ ਹੈ। ਪਰ ਮਹਾਂਪੁਰਸ਼ ਇਸਨੂੰ ਉਚੀ-ਉਚੀ ਬੋਲ ਕੇ ਦਸਦੇ ਹਨ ਅਤੇ ਅਨੇਕਾਂ ਤਰੀਕਿਆਂ ਨਾਲ ਸਮਝਾਉਂਦੇ ਹਨ ਪਰ ਇਹ ਕੰਨਾਂ ਤੋਂ ਪੂਰੀ ਤਰ੍ਹਾਂ ਬੋਲ੍ਹਾ ਹੈ, ਸਤਿ ਸ਼ਬਦ ਨੂੰ ਨਹੀਂ ਸੁਣਦਾ-

*ਮਾਇਆਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਪੰਨਾ - 313*

ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ ਕਿ ਇਸ ਜੀਵ ਨੂੰ ਚਾਰੇ ਵੇਦ, ਛੇਈ ਸਾਸ਼ਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਕੁਰਾਨ ਸ਼ਰੀਫ, ਬਾਈਬਲ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਆਦਿ ਅਨੇਕਾਂ ਗ੍ਰੰਥ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ ਅਨੇਕਾਂ ਮਹਾਤਮਾ ਉਪਦੇਸ਼ ਦਿੰਦੇ ਹਨ ਕਿ ਐ ਬੰਦੇ! ਤੈਨੂੰ ਮਨੁਖਾ ਜਨਮ ਬਹੁਤ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ ਤੂੰ ਇਸਨੂੰ ਬਿਰਥਾ ਨਾ ਗੁਆ; ਪੁਕਾਰ-ਪੁਕਾਰ ਕੇ ਕਹਿੰਦੇ ਹਨ -

*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥*
*ਘਟ ਭੀਤਰਿ ਤੂ ਦੇਖੁ ਬਿਚਾਰਿ॥*
*ਕਹਤ ਕਬੀਰੁ ਜੀਤਿ ਕੈ ਹਾਰਿ॥*
*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥ ਪੰਨਾ - 1159*

ਅਤੇ ਬਹੁਤ ਵਿਸਥਾਰ ਨਾਲ ਸਮਝਾਉਂਦੇ ਹਨ -

*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*
*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਪੰਨਾ - 1159*

ਸੋ ਇਸ ਤਰ੍ਹਾਂ ਨਾਲ ਸਮਝਾਉਣ ਦੇ ਬਾਵਜੂਦ ਇਹ ਜੀਵ ਮਾਇਆ ਦੇ ਜ਼ਹਿਰ ਭਰੇ ਡੰਗ ਨਾਲ ਮੂਰਛਤ ਹੋਇਆ ਹੋਇਆ ਸੁਣਦਾ ਹੀ ਨਹੀਂ, ਧਿਆਨ ਨਹੀਂ ਦਿੰਦਾ, ਉਸ ਸਮੇਂ ਤਕ ਜਦੋਂ ਤਕ ਕਾਲ ਆ ਕੇ ਇਸਦੀ ਗਰਦਨ ਨਹੀਂ ਮਰੋੜ ਦਿੰਦਾ। ਫਿਰ ਇਹ ਪਛਤਾਉਂਦਾ ਹੈ, ਛਟਪਟਾਉਂਦਾ ਹੈ ਪਰ ਹੁਣ ਕੁਝ ਬਣ ਨਹੀਂ ਸਕਦਾ ਕਿਉਂਕਿ ਸਮਾਂ ਤਾਂ ਇਸਨੇ ਗੁਆ ਲਿਆ। ਮਹਾਂਪੁਰਸ਼ਾਂ ਦਾ ਕਹਿਣਾ ਨਹੀਂ ਮੰਨਿਆ। ਬਾਬਾ ਫਰੀਦ ਜੀ ਦਾ ਫੁਰਮਾਨ ਹੈ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ॥*
*ਪੰਨਾ - 1378*

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*
*ਪੰਨਾ - 133*

ਵਾਹਿਗੁਰੂ ਨੂੰ ਵਿਸਾਰ ਕੇ ਖੁਆਰ ਹੀ ਹੋਇਆ ਕਰਦਾ ਹੈ ਕਿਉਂਕਿ ਉਸ ਤੋਂ ਬਗੈਰ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ। ਉਸਨੇ ਗੁਰੂ ਦੀ ਕ੍ਰਿਪਾ, ਗੁਰੂ ਦੀ ਅਗੁਵਾਈ ਰਾਹੀਂ ਆਪਣੇ ਅੰਦਰ ਖੋਜ ਕੇ ਹਉਮੈ ਦੀ ਮੈਲ ਦੂਰ ਕਰਕੇ, ਆਤਮਾ ਪ੍ਰਮਾਤਮਾ ਨੂੰ ਇਕ ਕਰਕੇ ਦੇਖਣਾ ਹੈ ਅਤੇ ਉਸ ਨਾਲ ਪੂਰੀ ਤਰ੍ਹਾਂ ਅਭੇਦ ਹੋਣਾ ਹੈ ਕਿਉਂਕਿ ਇਹ ਮਾਨਸ ਜਨਮ ਦੀ ਵਾਰੀ ਅਸਾਨੂੰ ਇਸ ਕਰਕੇ ਹੀ ਪ੍ਰਾਪਤ ਹੋਈ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12*

ਸੋ ਇਸ ਕਰਕੇ -

*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥*
*ਪੰਨਾ - 134*

ਅੱਗੇ ਜਾ ਕੇ ਤਾਂ ਉਨ੍ਹਾਂ ਨੂੰ ਹੀ ਧੰਨ-ਧੰਨ ਆਖ ਕੇ ਸੋਭਾ ਪ੍ਰਾਪਤ ਹੋਵੇਗੀ, ਜਿਨ੍ਹਾਂ ਨੇ ਇਸ ਸਰੀਰ ਦੇ ਹੁੰਦਿਆਂ ਪੂਰੇ ਸਮਰਥ ਗੁਰੂ ਦੀ ਸ਼ਰਨ ਵਿਚ ਆ ਕੇ ਸ਼ਬਦ ਦੀ ਕਮਾਈ ਕਰਕੇ ਆਪਣੇ ਅੰਦਰਲੇ ਹਨ੍ਹੇਰੇ ਵਿਚ ਸ਼ਬਦ ਦੀ ਜੋਤ ਜਗਾਈ ਹੈ। ਉਨ੍ਹਾਂ ਬਾਰੇ ਫੁਰਮਾਨ ਹੈ -

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ - 283*

ਪਰ ਇਸ ਉਪਦੇਸ਼ ਨੂੰ ਬਹੁਤ ਹੀ ਘੱਟ ਬੰਦੇ ਸੁਣਦੇ ਹਨ, ਬਾਕੀ ਆਪਣੀ ਮੂੜ੍ਹ ਮਤ ਦੇ ਅੱਗੇ ਝੁਕੇ ਹੋਏ ਹੋਣ ਕਰਕੇ ਸਤਿ ਉਪਦੇਸ਼ ਨੂੰ ਨਹੀਂ ਸੁਣਦੇ। ਵਿਚਾਰ ਦੇ ਨੇਤਰਾਂ ਤੋਂ ਸੁੰਨ ਹੋਏ ਹੋਏ ਅੰਨ੍ਹੇ ਰਹਿੰਦੇ ਹਨ ਅਤੇ ਗੁਰੂ ਦਾ ਉਪਦੇਸ਼ ਸੁਣ ਕੇ ਹਿਰਦੇ ਵਿਚ ਨਹੀਂ ਵਸਾਉਂਦੇ। ਮਹਾਰਾਜ ਜੀ ਕਹਿੰਦੇ ਹਨ ਕਿ ਜੋ ਇਸ ਮਨੁੱਖਾ ਜਨਮ ਵਿਚ ਪ੍ਰਭੂ ਦੀ ਸ਼ਰਨ ਲੈ ਲੈਂਦਾ ਹੈ, ਉਸਦੀ ਸ਼ਰਨ ਵਿਚ ਆ ਕੇ ਉਸ ਨਾਲ ਜੁੜ ਜਾਂਦਾ ਹੈ, ਉਨ੍ਹਾਂ ਦੀ ਨਿਰਮਲ ਸੋਭਾ ਇਥੇ ਵੀ ਹੁੰਦੀ ਹੈ ਦਰਗਾਹ ਵਿਚ ਵੀ ਹੁੰਦੀ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥*
*ਜਿਹ ਸਿਮਰਤ ਗਨਕਾ ਸੀ ਉਧਰੀ*
*ਤਾ ਕੋ ਜਸੁ ਉਰ ਧਾਰੋ॥ ਪੰਨਾ - 632*

ਗਨਕਾ ਵਰਗੀ ਪਾਪਣ, ਪ੍ਰਭੂ ਦੀ ਸ਼ਰਨ ਵਿਚ ਆ ਕੇ ਉਸਦੇ ਨਾਮ ਵਿਚ ਲੀਨ ਹੋਈ। ਦੁਨੀਆਂ ਲਈ ਇਕ ਮਿਸਾਲ ਬਣ ਗਈ ਕਿ ਮਹਾਂ ਪਾਪੀ ਵੀ ਉਸਦੇ ਨਾਮ ਨਾਲ ਉਚੀ ਅਵਸਥਾ ਪ੍ਰਾਪਤ ਕਰ ਸਕਦਾ ਹੈ ਅਤੇ ਨਾਮ ਉਨ੍ਹਾਂ ਦੇ ਪਾਪਾਂ ਨੂੰ ਖਤਮ ਕਰਨ ਦੀ ਸ਼ਕਤੀ ਰਖਦਾ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -


Sri Satguru Jagjit Singh Ji eLibrary NamdhariElibrary@gmail.com

*ਗਨਿਕਾ ਪਾਪਣ ਹੋਇਕੈ ਪਾਪਾਂ ਦਾ ਗਲ ਹਾਰ ਪਰੋਤਾ॥*
*ਮਹਾਂ ਪੁਰਖ ਅਚਾਨਚਕ ਗਨਿਕਾ ਵਾੜੇ ਆਇ ਖਲੋਤਾ॥*
*ਦੁਰਮਤਿ ਦੇਖ ਦਇਆਲ ਹੋਇ ਹੱਥਹੁੰ ਉਸਨੋ ਦਿਤੋਸੁ ਤੋਤਾ॥*
*ਰਾਮ ਨਾਮ ਉਪਦੇਸ਼ ਕਰ ਖੇਲ ਗਇਆ ਦੈ ਵਣਜ ਸਓਤਾ॥*
*ਲਿਵ ਲਾਗੀ ਤਿਸ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ।।*
*ਪਤਿਤ ਉਧਾਰਣ ਰਾਮਨਾਮ ਦੁਰਮਤਿ ਪਾਪ ਕਲੇਵਰ ਧੋਤਾ।।*
*ਅੰਤ ਕਾਲ ਜਮ ਜਾਲ ਤੋੜ ਨਰਕੈ ਵਿਚ ਨ ਖਾਧੋਸੁ ਗੋਤਾ॥*
*ਗਈ ਬੈਕੁੰਠ ਬਿਬਾਣ ਚੜ੍ਹ ਨਾਉ ਨਾਰਾਇਣ ਛੋਤ ਅਛੋਤਾ॥*
*ਥਾਉਂ ਨਿਥਾਵੈਂ ਮਾਣ ਮਾਣੋਤਾ॥*

*ਭਾਈ ਗੁਰਦਾਸ ਜੀ, ਵਾਰ 10/21*

ਸੋ ਇਸ ਵਾਸਤੇ ਵਾਹਿਗੁਰੂ ਦੀ ਚਰਨ ਸ਼ਰਨ ਆਉਣ ਵਾਲੇ ਦੀ ਇਥੇ ਵੀ ਸੋਭਾ ਹੁੰਦੀ ਹੈ ਅਤੇ ਦਰਗਾਹ ਵਿਚ ਵੀ ਸੋਭਾ ਹੁੰਦੀ ਹੈ ਅਤੇ ਉਸਨੂੰ –

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥* *ਪੰਨਾ – 252*

ਅਤੇ ਉਹ ਗੁਰੂ ਦੀ ਕ੍ਰਿਪਾ ਨਾਲ ਜਮਾਂ ਦੀ ਮਾਰ ਤੋਂ ਬਚ ਜਾਂਦਾ ਹੈ ਕਿਉਂਕਿ ਗੁਰੂ ਨੇ ਉਸਨੂੰ ਆਪਣੇ ਪੱਲੇ ਲਾ ਕੇ ਨਾਮ ਦੀ ਬਖਸ਼ਿਸ਼ ਕੀਤੀ, ਉਸਨੇ ਕਮਾਈ ਕੀਤੀ ਜਿਸ ਬਾਰੇ ਫੁਰਮਾਨ ਹੈ –

*ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ।।*
*ਏਕੁ ਜੁ ਸਾਧੂ ਮੋਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ॥*

*ਪੰਨਾ – 1368*

ਅੰਤ ਵਿਚ ਗੁਰੂ ਮਹਾਰਾਜ ਜੀ ਅਸਾਨੂੰ ਦਸਦੇ ਹਨ ਕਿ ਪਿਆਰਿਓ! ਵਾਹਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰੋ ਕਿ ਹੇ ਪ੍ਰਭੂ! ਮੇਰੇ ਵਿਚ ਤੈਨੂੰ ਮਿਲਣ ਦੀ ਸਮਰਥਾ ਨਹੀਂ ਹੈ। ਮੈਂ ਇਕ ਅਧਮ ਜੀਵ ਹਾਂ ਮੈਂ ਮਾਇਆ ਦੇ ਜਾਲ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਹਾਂ। ਮੈਂ ਮਾਇਆ ਦੀ ਦਲਦਲ ਵਿਚੋਂ ਉਸ ਤਰ੍ਹਾਂ ਨਹੀਂ ਨਿਕਲ ਸਕਦਾ ਜਿਵੇਂ ਲੰਗੜਾ ਗਧਾ ਦਲਦਲ ਵਿਚ ਫਸਿਆ ਹੋਇਆ ਹੇਠਾਂ ਹੀ ਹੇਠਾਂ ਨਿਘਰਦਾ ਜਾਂਦਾ ਹੈ। ਤੁਸੀਂ ਮੈਨੂੰ ਆਪ ਹੀ ਪ੍ਰਤੱਖ ਹੋ ਕੇ ਇਸ ਮਾਇਆ ਦੀ ਦਲਦਲ ਵਿਚੋਂ ਕੱਢ ਲਵੋ ਤਾਂ ਕਿ ਮੈਂ ਉਸ ਅਨੰਦ ਮੰਡਲ ਵਿਚ ਪਹੁੰਚ ਜਾਵਾਂ ਜਿਸ ਬਾਰੇ ਆਪ ਨੇ ਫੁਰਮਾਨ ਕੀਤਾ ਹੈ –

*ਚੇਤ ਗੋਬਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥*

*ਪੰਨਾ – 133*

ਇਸ ਮਹੀਨੇ ਦੇ ਅਖੀਰ ਵਿਚ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਨਿਸ਼ਚੇਪੂਰਵਕ ਅਸਾਡਾ ਬਚਨ ਮੰਨੋ ਕਿ ਪਹਿਲਾਂ ਤੁਹਾਨੂੰ ਸਮਰਥ ਗੁਰੂ ਮਿਲ ਜਾਵੇ ਅਤੇ ਉਹ ਤੁਹਾਨੂੰ ਵਾਹਿਗੁਰੂ ਜੀ ਨਾਲ ਮਿਲਾ ਦੇਵੇ। ਸੋ ਵਿਸਾਖ ਦਾ ਮਹੀਨਾ, ਤਾਂ ਸੁਹਾਵਾ ਲਗਦਾ ਹੈ–

*ਪ੍ਰੀਤਮ ਚਰਨੀ ਜੋ ਲਗੇ ਤਿਨ ਕੀ ਨਿਰਮਲ ਸੋਇ॥*
*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥*

*ਪੰਨਾ – 134*

ਸੋ ਪਹਿਲੇ ਮਹੀਨੇ ਚੇਤ ਵਿਚ ਬੇਨਤੀ ਕੀਤੀ ਗਈ ਸੀ ਕਿ ਹੇ ਵਾਹਿਗੁਰੂ ਜੀ, ਜੋ ਮੈਨੂੰ ਤੇਰੇ ਨਾਲ ਮਿਲਾਪ ਕਰਾ ਦੇਵੇ ਮੈਂ ਉਸਦੇ ਚਰਨਾਂ ਦੀ ਧੂੜ ਬਣ ਜਾਵਾਂ ਕਿਉਂਕਿ ਮੇਰਾ ਮਨ ਤੇਰੇ ਦਰਸ਼ਨਾਂ ਨੂੰ ਲੋਚਦਾ ਹੈ। ਤੇਰੇ ਮਿਲਾਪ ਤੋਂ ਬਿਨਾਂ ਜੋ ਮੈਨੂੰ ਦੁਖ ਹੋ ਰਿਹਾ ਹੈ ਉਹ ਮੈਂ ਹੀ ਜਾਣਦਾ ਹਾਂ। ਤੇਰੇ ਪਿਆਰ ਤੋਂ ਬਿਨਾਂ ਮੇਰਾ ਜਨਮ ਬਿਰਥਾ ਹੈ। ਚੇਤ ਦੇ ਮਹੀਨੇ ਵਿਚ ਸੰਤਾਂ ਨੇ ਰਸਨਾ ਨਾਲ ਨਾਮ ਜਪਣ ਦੀ ਤਾਕੀਦ ਕੀਤੀ ਸੀ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਤੁਸੀਂ ਆਪ ਮਦਦ ਕਰਕੇ ਆਪਣੇ ਚਰਨਾਂ ਦੇ ਨਾਲ ਲਾਵੋ। ਮੈਂ ਤੈਨੂੰ ਭੁੱਲ ਕੇ ਬੇਅੰਤ ਮਾਇਆ ਦੇ ਆਡੰਬਰਾਂ ਵਿਚ ਖਚਿਤ ਹੋਇਆ ਹੋਇਆ ਹਾਂ, ਮੈਨੂੰ ਇਸ ਗੱਲ ਦੀ ਸੋਝੀ ਗੁਰੂ ਦੁਆਰਾ ਹੋ ਗਈ ਹੈ। ਇਸ ਮਾਨਸ ਜਨਮ ਦੇ ਹੁੰਦਿਆਂ–ਹੁੰਦਿਆਂ ਜੇ ਮੈਂ ਆਪਣੇ ਅੰਦਰ ਤੈਨੂੰ ਨਾ ਵੇਖ ਸਕਿਆ ਤਾਂ ਮੈਂ ਬਾਜ਼ੀ ਜਿੱਤ ਕੇ ਹਾਰਿਆ ਹੋਇਆ ਪਤਾ ਨਹੀਂ ਕਿਹੜੀਆਂ–ਕਿਹੜੀਆਂ ਜੂਨਾਂ ਵਿਚ ਘੁਮੇਟਣੀਆਂ ਖਾਵਾਂਗਾ। ਤੇਰੀ ਰਹਿਮਤ ਦੀ ਲੋੜ ਹੈ। ਕ੍ਰਿਪਾ ਕਰ! ਮਿਲਾ ਆਪਣਾ ਕੋਈ ਪਿਆਰਾ। ਮੈਂ ਆਪਣਾ ਸਭ ਕੁਝ ਉਸ ਪਿਆਰੇ ਦੇ ਚਰਨਾਂ ਤੇ ਨਿਛਾਵਰ ਕਰ ਦੇਵਾਂਗਾ ਜਿਹੜਾ ਮੈਨੂੰ ਤੇਰੇ ਨਾਲ ਮਿਲਾ ਦੇਵੇ। ਮੇਰੀ ਅਰਦਾਸ ਹੈ, ਆਪ ਸਰਵਣ ਕਰੋ–

*ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ॥*
*ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ॥*

*ਪੰਨਾ – 650*

ਕਿਉਂਕਿ ਉਨ੍ਹਾਂ ਦੀ ਸੰਗਤ ਕਰਕੇ ਮੇਰੀ ਯਾਦ ਵਿਚ ਤੂੰ ਵਸਦਾ ਹੈਂ –

*ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ*
*ਸੰਤ ਪ੍ਰਸਾਦਿ ਮੋਹਿ ਜਾਗੀ॥*
*ਸੁਨਿ ਉਪਦੇਸੁ ਭਏ ਮਨ ਨਿਰਮਲ*
*ਗੁਨ ਗਾਏ ਰੰਗਿ ਰਾਂਗੀ॥*
*ਇਹੁ ਮਨੁ ਦੇਇ ਕੀਏ ਸੰਤ ਮੀਤਾ*
*ਕ੍ਰਿਪਾਲ ਭਏ ਬਡਭਾਗੀ॥*
*ਮਹਾ ਸੁਖੁ ਪਾਇਆ ਬਰਨਿ ਨ ਸਾਕਉ*
*ਰੇਨੁ ਨਾਨਕ ਜਨ ਪਾਗੀ॥* *ਪੰਨਾ – 1267*

ਹੇ ਪ੍ਰਭੂ! ਜੋ ਮੈਨੂੰ ਬੰਧਨਾਂ ਤੋਂ ਛੁਡਾ ਦੇਵੇ, ਤੇਰੇ ਨਾਮ ਦੀ ਕਥਾ ਸੁਣਾਵੇ, ਮੇਰੇ ਮਨ ਵਿਚ ਤੇਰਾ ਪਿਆਰ ਦ੍ਰਿੜ੍ਹ ਕਰਾ ਦੇਵੇ ਤੇ ਮੇਰਾ ਮਨ ਫੇਰ ਮਾਇਆ ਵਿਚ ਗੋਤੇ ਨਾ ਖਾਵੇ, ਮੈਨੂੰ ਐਸਾ ਪਿਆਰਾ ਮਿਲਾ ਦੇ। ਜੋ ਕੁਝ ਮੇਰੇ ਕੋਲ ਹੈ ਮੈਂ ਉਸਦੇ ਚਰਨਾਂ ਤੇ ਅਰਪ ਦੇਵਾਂਗਾ –

*ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ॥*
*ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ॥*
*ਹੈ ਕੋਊ ਐਸੋ ਹਮਰਾ ਮੀਤੁ।।*
*ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ॥*

*ਪੰਨਾ – 674*



Sri Satguru Jagjit Singh Ji eLibrary NamdhariElibrary@gmail.com

*ਤਨ ਮਨ ਧਨ ਅਰਪਓ ਤਿਸੈ ਪ੍ਰਭੂ ਮਿਲਾਵੈ ਮੋਹਿ॥*
*ਨਾਨਕ ਭ੍ਰਮ ਭਉ ਕਟੀਐ ਚੂਕੈ ਜਮ ਕੀ ਜੋਹ॥*
*ਪੰਨਾ - 256*

ਹੇ ਪ੍ਰਭੂ! ਹੁਣ ਮੇਰੇ ਮਿਤਰ ਓਹੀ ਹਨ ਜਿਹੜੇ ਮੈਨੂੰ ਤੇਰੇ ਨਾਲ ਜੋੜਦੇ ਹਨ। ਤੋੜਨ ਵਾਲਿਆਂ ਤੋਂ ਵੀ ਤੂੰ ਮੈਨੂੰ ਆਪ ਹੀ ਬਚਾ ਲੈਂਦਾ ਹੈਂ। ਹੁਣ ਮੈਨੂੰ ਪੁਤ੍ਰ-ਕਲਤ੍ਰ, ਧਨ ਓਪਰੇ ਲਗ ਰਹੇ ਹਨ ਅਤੇ ਤੇਰਾ ਪਿਆਰ ਹੀ ਮੇਰੇ ਹਿਰਦੇ ਵਿਚ ਸਮਾਇਆ ਹੋਇਆ ਹੈ। ਮੈਂ ਉਨ੍ਹਾਂ ਮਿਤਰਾਂ ਨੂੰ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਤੇਰਾ ਨਾਮ ਚਿਤ ਆ ਜਾਵੇ ਅਤੇ ਖੋਟੀ ਮਤ ਦੂਰ ਹੋ ਜਾਵੇ, ਸੰਸਾਰ ਵਿਚ ਭਾਲ ਰਿਹਾ ਹਾਂ। ਪਰ ਮੈਂ ਵੇਖਿਆ ਹੈ ਭੇਖਾਂ ਵਾਲੇ ਬਹੁਤ ਹਨ, ਜਿਨ੍ਹਾਂ ਦੇ ਵੱਡੇ-ਵੱਡੇ ਆਸ਼ਰਮ ਹਨ, ਬਹੁਤ ਵੱਡੇ-ਵੱਡੇ ਨਾਮ ਹਨ, ਲੋਕਾਂ ਤੋਂ ਸਤਿਕਾਰ ਪ੍ਰਾਪਤ ਕਰਨ ਲਈ ਬੇਅੰਤ ਕਿਸਮ ਦੇ ਹਰਬੇ ਵਰਤਦੇ ਹਨ। ਅਖਬਾਰਾਂ ਵਿਚ, ਟੈਲੀਵੀਜ਼ਨਾਂ ਵਿਚ ਉਨ੍ਹਾਂ ਦੀ ਜੈ-ਜੈਕਾਰ ਹੁੰਦੀ ਹੈ। ਇਕ ਦੂਜੇ ਨਾਲ ਮਿਲ ਕੇ ਇਕ ਦੂਜੇ ਨੂੰ ਉਚਾ ਚੁਕਣ ਦਾ ਜਤਨ ਕਰਦੇ ਹਨ ਵੱਡੇ-ਵੱਡੇ ਐਵਾਰਡ ਪ੍ਰਾਪਤ ਕਰਦੇ ਹਨ, ਦੁਨੀਆਂ ਉਸਤਤਿ ਕਰਦੀ ਨਹੀਂ ਥਕਦੀ, ਪਰ ਮੈਂ ਹੈਰਾਨ ਹਾਂ ਕਿ ਤੇਰਾ ਪਿਆਰਾ ਤਾਂ ਕੋਈ ਵੀ ਨਹੀਂ ਹੈ। ਇਹ ਭੇਖਧਾਰੀ ਵੀ ਬੜੇ ਅਡੰਬਰਾਂ ਵਿਚ ਧਨ ਪ੍ਰਾਪਤੀ ਲਈ ਫਸੇ ਹੋਏ ਹਨ। ਮੇਲ ਉਨ੍ਹਾਂ ਪਿਆਰਿਆਂ ਨੂੰ ਜਿਨ੍ਹਾਂ ਦੇ ਦਰਸ਼ਨ ਕਰਦੇ ਸਾਰ ਮੇਰੀ ਖੋਟੀ ਮਤ ਦੂਰ ਹੋ ਜਾਵੇ ਤੇ ਮੇਰੇ ਅੰਦਰੋਂ ਨਾਮ ਦੀ ਫੁਹਾਰ, ਫੁਹਾਰੇ ਵਾਂਗੂੰ ਫੁਹਾਰਾਂ ਪਾਵੇ। ਇਹ ਮੇਰੀ ਬੇਨਤੀ ਜ਼ਰੂਰ ਹੀ ਮਨਜ਼ੂਰ ਕਰ ਲਵੋ -

*ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥*
*ਪੰਨਾ - 520*

> ਰਾਗ ਤੁਖਾਰੀ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਅਤੇ ਰਾਗ ਮਾਝ ਵਿਚ ਰਚੇ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹਾ ਵਿਚ ਵੈਸਾਖ ਮਹੀਨੇ ਦਾ ਪਾਠ ਅਤੇ ਉਸ ਦੀ ਸਰਲ ਵਿਆਖਿਆ।

**ਡਾ. ਜਗਜੀਤ ਸਿੰਘ**

**ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ**

**ਵੈਸਾਖੁ**

*ਵੈਸਾਖੁ ਭਲਾ ਸਾਖਾ ਵੇਸ ਕਰੇ॥*
*ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥*
*ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥*
*ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥*
*ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥*
*ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥*
*ਪੰਨਾ - 1108*

ਵੈਸਾਖ ਦਾ ਮਹੀਨਾ ਬੜਾ ਸੁਹਾਵਣਾ, ਸ਼ੋਭਨੀਕ ਤੇ ਚੰਗਾ ਲਗਣ ਵਾਲਾ ਮਹੀਨਾ ਹੈ। ਇਕ ਪਾਸੇ ਕਣਕਾਂ ਦੇ ਖੇਤ ਤਿਆਰ ਹੋ ਕੇ ਭਰ ਜੋਬਨ ਤੇ ਹੁੰਦੇ ਹਨ ਤੇ ਕਿਸਾਨ ਆਪਣੀ ਸਫਲ ਹੋਈ ਮਿਹਨਤ ਵੇਖ ਕੇ ਖੁਸ਼ ਹੁੰਦਾ ਹੈ ਤੇ ਅੰਦਰੋਂ ਅੰਦਰ ਪ੍ਰਭੂ ਧੰਨਵਾਦ ਵਿਚ ਜੁੜਦਾ ਹੈ। ਉਸ ਦੀ ਸਾਂਭ ਸੰਭਾਲ ਦੀ ਤਿਆਰੀ ਕਰਦਾ ਹੈ। ਸਾਂਭ ਸੰਭਾਲ ਕਰਕੇ, ਲੈਣ ਦੇਣ ਮੁਕਾ ਦੇ ਉਹ ਵਿਸਾਖੀ ਦੇ ਮੇਲੇ ਦੀਆਂ ਖੁਸ਼ੀਆਂ ਮਾਣਦਾ ਹੈ। ਇਸ ਮਹੀਨੇ ਵਿਚ ਕੁਦਰਤ ਵੀ ਭਰ ਜੋਬਨ ਤੇ ਹੁੰਦੀ ਹੈ। ਹਰ ਪਾਸੇ ਹਰਿਆਵਲ ਹੀ ਹਰਿਆਵਲ ਵੇਖ ਕੇ ਮਨ ਖਿੜ ਉਠਦਾ ਹੈ। ਰੁੱਖਾਂ ਦੀਆਂ ਟਹਿਣੀਆਂ ਸੋਹਣੇ ਕਪੜੇ ਪਾ ਸਜਾਵਟ ਕਰਦੀਆਂ ਹਨ। (***ਵੈਸਾਖੁ ਭਲਾ ਸਾਖਾ ਵੇਸ ਕਰੇ***) ਨਵੀਆਂ ਫੁੱਟੀਆਂ ਲਗਰਾਂ ਤੇ ਨਵੇਂ ਨਿਕਲੇ ਨਰਮ ਨਰਮ ਕੂਲੇ ਕੂਲੇ, ਹਰੇ ਕਚੂਚ ਪੱਤੇ ਰੁੱਖਾਂ ਨੂੰ ਨਵਾਂ ਰੰਗ ਰੂਪ ਬਖਸ਼ਦੇ ਹਨ ਜਿਸਨੂੰ ਵੇਖ ਕੇ ਕੁਦਰਤ ਤੋਂ ਬਲਿਹਾਰ ਜਾਣ ਨੂੰ ਜੀਅ ਕਰਦਾ ਹੈ। ਇਨ੍ਹਾਂ ਲਗਰਾਂ ਦਾ ਹਾਰ ਸ਼ਿੰਗਾਰ ਵੇਖ ਕੇ ਪਤੀ ਤੋਂ ਵਿਛੁੜੀ ਨਾਰ ਦੇ ਅੰਦਰ ਭੀ ਪਤੀ ਨੂੰ ਮਿਲਣ ਦੀ ਧੂਹ ਪੈਂਦੀ ਹੈ ਅਤੇ ਉਹ ਆਪਣੇ ਘਰ ਦੀ ਦਹਿਲੀਜ਼ ਤੇ ਖਲੋਤੀ ਆਪਣੇ ਪ੍ਰੀਤਮ ਦਾ ਰਾਹ ਤਕਦੀ ਹੈ। ਇਸੇ ਤਰ੍ਹਾਂ ਕੁਦਰਤ ਰਾਣੀ ਦਾ ਸੁਹਜ ਸ਼ਿੰਗਾਰ ਵੇਖ ਕੇ ਉਮਾਹ ਭਰੀ ਜੀਵ ਇਸਤ੍ਰੀ ਆਪਣੇ ਹਿਰਦੇ-ਦਰ ਤੇ ਪ੍ਰਭੂ ਪਤੀ ਦੀ ਉਡੀਕ ਕਰਦੀ ਹੈ ਤੇ ਉਸ ਦੇ ਅੰਦਰੋਂ ਹੂਕ ਨਿਕਲਦੀ ਹੈ, ਹੇ ਪ੍ਰਭੂ ਪਤੀ! ਮਿਹਰ ਕਰਕੇ ਮੇਰੇ ਹਿਰਦੇ ਘਰ ਵਿਚ ਆਉ। ***(ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ)।*** ਹੇ ਮੇਰੇ ਪਿਆਰੇ, ਮੇਰੇ ਹਿਰਦੇ-ਘਰ ਵਿਚ ਆ ਵਸੋ ਤਾਕਿ ਇਹ ਬਿਖਮ ਸੰਸਾਰ ਸਮੁੰਦਰ ਨੂੰ ਮੈਂ ਸਹਿਜੇ ਹੀ ਪਾਰ ਕਰ ਲਵਾਂ। ਤੇਰੇ ਬਿਨਾਂ ਇਸ ਨਿਮਾਣੀ ਨਿਤਾਣੀ ਦਾ ਕੌਡੀ ਮੁੱਲ ਨਹੀਂ। (ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ) ਪਰ ਹੇ ਮਿਤ੍ਰ-ਪ੍ਰਭੂ! ਜੇ ਗੁਰੂ ਕ੍ਰਿਪਾ ਕਰੇ, ਜਿਸਨੂੰ ਤੇਰੇ ਦਰਸ਼ਨ ਪ੍ਰਾਪਤ ਹਨ ਤੇ ਉਹ ਮੈਨੂੰ ਵੀ ਤੇਰੇ ਦਰਸ਼ਨ ਕਰਵਾ ਦੇਵੇ ਤੇ ਜੇ ਮੈਂ ਤੈਨੂੰ ਚੰਗੀ ਲਗ ਜਾਵਾਂ ਤਾਂ ਕੌਣ ਮੇਰਾ ਮੁੱਲ ਪਾ ਸਕਦਾ ਹੈ? ***(ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ)*** ਤੇਰੇ ਤੋਂ ਬਿਨਾਂ ਮੇਰਾ ਅੱਧੀ ਕੌਡੀ ਮੁੱਲ ਨਹੀਂ ਸੀ ਹੁਣ ਤੇਰੇ ਦਰਸ਼ਨਾਂ ਸਦਕਾ ਮੈਂ ਅਮੁੱਲ ਹੋ ਗਈ ਹਾਂ।

ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਜਦੋਂ ਐਸਾ ਅਨੁਭਵ ਬਖਸ਼ਿਸ਼ ਕਰ ਦਿਤਾ ਤੇ ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਮੇਰਾ ਪ੍ਰੀਤਮ ਤਾਂ ਮੇਰੇ ਅੰਦਰ ਵਸ ਰਿਹਾ ਹੈ, ਕਿਤੇ ਦੂਰ ਨਹੀਂ ਗਿਆ। ਹੁਣ ਮੈਨੂੰ ਉਸ ਟਿਕਾਣੇ ਦੀ ਪਛਾਣ ਹੋ ਗਈ ਹੈ ਜਿਥੇ ਤੂੰ ਮੇਰੇ ਪ੍ਰੀਤਮ ਵਸਦਾ ਹੈਂ। ***(ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ)*** ਹੁਣ ਗੁਰੂ ਜੀ ਨੇ ਕ੍ਰਿਪਾ ਕਰਕੇ ਇਹ ਸੋਝੀ ਬਖਸ਼ਿਸ਼ ਕਰਦੇ ਹਨ ਕਿ ਵਿਸਾਖ ਦੀ ਸੋਹਣੀ ਰੁੱਤ ਵਿਚ ਉਹ ਜੀਵ ਇਸਤ੍ਰੀ ਪ੍ਰਭੂ ਪਤੀ ਦਾ ਮਿਲਾਪ ਹਾਸਲ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ



Sri Satguru Jagjit Singh Ji eLibrary NamdhariElibrary@gmail.com

ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਪ੍ਰਭੂ ਦੀ ਸਿਫਤਿ ਸਲਾਹ ਦੇ ਗੀਤ ਗਾਉਂਦਾ ਰਹਿੰਦਾ ਹੈ। ***(ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ)***

ਭਾਵ ਇਹ ਹੈ ਕਿ ਵੈਸਾਖ ਦੀ ਸੁਹਾਵਣੀ ਰੁੱਤ ਵਿਚ ਸੁਰਤਿ ਨੂੰ ਗੁਰ-ਸ਼ਬਦ ਵਿਚ ਜੋੜਨ ਨਾਲ ਪ੍ਰਭੂ ਦੀ ਪ੍ਰਾਪਤੀ ਅਤੇ ਦਰਸ਼ਨ-ਦੀਦਾਰ ਨਸੀਬ ਹੁੰਦੇ ਹਨ।

***ਰਾਗ ਮਾਝ ਬਾਰਹਮਾਹਾ ਮਹਲਾ ੫***
***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥***
***ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥***
***ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥***
***ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥***
***ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥***
***ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥***
***ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥***
***ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥***
***ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥***
***ਪੰਨਾ - 133***

ਵੈਸਾਖ ਦਾ ਮਹੀਨਾ ਬੜੀ ਸੁਹਾਵਣੀ ਰੁੱਤ ਵਾਲਾ ਹੈ ਅਤੇ ਹਰ ਇਸਤ੍ਰੀ ਪੁਰਸ਼ ਲਈ ਖੁਸ਼ੀਆਂ ਭਰਿਆ ਰੀਝਾਂ ਵਾਲਾ ਮਹੀਨਾ ਮੰਨਿਆ ਜਾਂਦਾ ਹੈ ਪਰ ਵੈਸਾਖ ਦੇ ਇਸ ਸੁਹਾਵਣੇ ਮਹੀਨੇ ਵਿਚ ਵੀ ਉਨ੍ਹਾਂ ਇਸਤ੍ਰੀਆਂ ਦਾ ਦਿਲ ਕਿਵੇਂ ਟਿਕ ਸਕਦਾ ਹੈ, ਖੁਸ਼ ਹੋ ਸਕਦਾ ਹੈ ਜੋ ਆਪਣੇ ਪ੍ਰੀਤਮ ਤੋਂ ਵਿਛੁੜੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੇ ਅੰਦਰ ਪਤੀ-ਪਿਆਰ ਦੀ ਅਣਹੋਂਦ ਹੈ ਅਤੇ ਵਿਛੋੜੇ ਦਾ ਅਨੁਭਵ ਹੀ ਨਹੀਂ। ***(ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ)*** ਵਿਛੋੜਾ ਸਭ ਤੋਂ ਵੱਡਾ ਦੁਖ ਹੈ ਪਰ ਇਸ ਤੋਂ ਵੀ ਵੱਡਾ ਦੁਖ ਹੈ ਵਿਛੋੜੇ ਦੇ ਅਨੁਭਵ ਦਾ ਖਤਮ ਹੋ ਜਾਣਾ। ਜੇ ਵਿਛੋੜੇ ਦਾ ਅਹਿਸਾਸ ਹੋਵੇਗਾ ਤਾਂ ਮਿਲਾਪ ਲਈ ਉਦਮ-ਸ਼ੀਲ ਹੋਇਆ ਜਾ ਸਕਦਾ ਹੈ ਪਰ ਜੇ ਭਾਵਨਾ ਹੀ ਮਰ ਜਾਵੇ, ਤਾਂ ਬੜੀ ਦੁਖਦਾਈ ਅਵਸਥਾ ਹੁੰਦੀ ਹੈ। ਇਸ ਤਰ੍ਹਾਂ ਜਿਹੜੇ ਜੀਵਾਂ ਨੂੰ ਮਨ-ਮੋਹਣੀ ਮਾਇਆ ਚੰਬੜ ਜਾਂਦੀ ਹੈ, ਉਹ ਸੱਜਣ ਪ੍ਰਭੂ ਨੂੰ ਭੁੱਲ ਹੀ ਜਾਂਦੇ ਹਨ। ਉਨ੍ਹਾਂ ਨੂੰ ਧੀਰਜ ਕਿਵੇਂ ਪ੍ਰਾਪਤ ਹੋ ਸਕਦਾ ਹੈ? ***(ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹ)*** ਮਾਇਆ ਦੇ ਪਿਆਰ ਵਿਚ ਉਹ ਇਹ ਸਚਾਈ ਭੁੱਲ ਜਾਂਦੇ ਹਨ ਕਿ ਨਾ ਪੁੱਤਰ, ਨਾ ਇਸਤ੍ਰੀ, ਨਾ ਧਨ, ਕੋਈ ਭੀ ਮਨੁੱਖ ਦੇ ਨਾਲ ਨਹੀਂ ਨਿਭਦਾ, ਇਕ ਅਬਿਨਾਸ਼ੀ ਪ੍ਰਮਾਤਮਾ ਹੀ ਨਾਲ ਨਿਭਣ ਵਾਲਾ ਅਸਲ ਸਾਥੀ ਹੈ ਜਿਸ ਨੇ ਸਹਿਜ ਸੁਖ ਸ਼ਾਂਤੀ ਬਖਸ਼ਿਸ਼ ਕਰਨੀ ਹੈ ਅਤੇ ਜਿਸ ਦੇ ਮਿਲਾਪ ਤੋਂ ਜੀਵਨ-ਮਨੋਰਥ ਦੀ ਸਿੱਧੀ ਹੋਣੀ ਹੈ ***(ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ)***

ਇਸ ਸਬੰਧ ਵਿਚ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥***
***ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥***
***ਪੰਨਾ - 700***

ਇਸ ਸਚਾਈ ਦੇ ਬਾਵਜੂਦ ਸਾਰੀ ਲੋਕਾਈ ਨਾਸ਼ਵੰਦ ਸੰਸਾਰਕ ਧੰਦਿਆਂ ਦੇ ਮੋਹ ਵਿਚ, ਉਲਝ ਉਲਝ ਕੇ ਆਪਾ ਬਰਬਾਦ ਕਰ ਰਹੀ ਹੈ, ਆਤਮਿਕ ਮੌਤ ਮਰ ਰਹੀ ਹੈ, ਦੁਖ ਸਹੇੜ ਰਹੀ ਹੈ। ***(ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ)*** ਅਗਿਆਨਤਾ ਦੇ ਘੁੱਪ ਹਨ੍ਹੇਰੇ ਵਿਚ ਮਨੁੱਖ ਇਹ ਭੁਲੀ ਬੈਠਾ ਹੈ ਕਿ ਕੇਵਲ ਪ੍ਰਭੂ-ਨਾਮ ਹੀ ਨਾਲ ਨਿਭਣ ਵਾਲੀ ਅਮੋਲਕ ਵਸਤੂ ਹੈ, ਨਾਮ ਤੋਂ ਬਿਨਾਂ ਹੋਰ ਸਾਰੀਆਂ ਕਿਰਿਆਵਾਂ, ਰਜੋ, ਤਮੋ, ਸਤੋ ਤਿੰਨਾਂ ਗੁਣਾਂ ਵਿਚ ਕੀਤੇ ਸਾਰੇ ਕਰਮ ਪਹਿਲਾਂ ਹੀ ਖੋਹ ਲਏ ਜਾਂਦੇ ਹਨ, ਜੀਵ ਦੇ ਕਲਿਆਣ ਹਿਤ ਇਨ੍ਹਾਂ ਦਾ ਕੋਈ ਮੁੱਲ ਨਹੀਂ ਪੈਂਦਾ। ***(ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ)***

ਪੰਚਮ ਪਾਤਸ਼ਾਹ ਦਾ ਫੁਰਮਾਨ ਹੈ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥***
***ਪੰਨਾ - 747***

ਇਹ ਅਟੱਲ ਸਚਾਈ ਹੈ ਕਿ ਪਿਆਰੇ ਪ੍ਰਭੂ ਨੂੰ ਵਿਸਾਰਨ ਨਾਲ, ਭੁੱਲਣ ਨਾਲ ਜੀਵਨ ਵਿਚ ਖੁਆਰੀ ਹੀ ਖੁਆਰੀ ਹੈ ***(ਹਰਿ ਬਿਸਰਤਿ ਸਦਾ ਖੁਆਰੀ)*** ਕਿਉਂਕਿ ਪ੍ਰਮਾਤਮਾ ਤੋਂ ਬਿਨਾਂ ਜਿੰਦ ਦਾ ਕੋਈ ਸੱਚਾ ਸਾਥੀ ਨਹੀਂ ਹੁੰਦਾ, ਨਾ ਹੀ ਹੋ ਸਕਦਾ ਹੈ ***(ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ)*** ਇਸ ਲਈ ਜਿਹੜੇ ਜੀਵ ਪ੍ਰਭੂ ਪ੍ਰੀਤਮ ਦੀ ਚਰਨੀਂ ਲਗਦੇ ਹਨ ਉਨ੍ਹਾਂ ਦੀ ਲੋਕ ਪ੍ਰਲੋਕ ਵਿਚ ਭਲੀ ਸੋਭਾ ਹੁੰਦੀ ਹੈ। ***(ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ)***

ਤਾਂ ਤੇ ਹੇ ਪ੍ਰਭੂ! ਤੇਰੇ ਦਰ ਤੇ ਸੰਨਿਮਰ ਬੇਨਤੀ ਹੈ ਕਿ ਮੈਨੂੰ ਵੀ ਤੇਰਾ ਦਿਲ ਰੱਜਵਾਂ ਪਿਆਰ ਤੇ ਮਿਲਾਪ ਨਸੀਬ ਹੋਵੇ। ***(ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ)*** ਵਿਸਾਖ ਦਾ ਮਹੀਨਾ ਸੁਹਾਵਣਾ ਹੈ, ਸੋਹਣਾ ਹੈ, ਖੇੜੇ ਤੇ ਹਰਿਆਵਲ ਵਾਲਾ ਹੈ ਪਰ ਜਿੰਦ ਨੂੰ ਵਿਸਾਖ ਦਾ ਖੁਸ਼ੀਆਂ ਭਰਿਆ ਮਹੀਨਾ ਵੀ ਤਾਂ ਹੀ ਸੋਹਣਾ ਲਗਦਾ ਹੈ ਜੇ ਹਰੀ ਸੰਤ ਪ੍ਰਭੂ ਦਾ ਮਿਲਾਪ ਹੋ ਜਾਵੇ। ***(ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ)*** ਤਾਂ ਤੇ ਪ੍ਰਭੂ ਮਿਲਾਪ ਲਈ ਨਾਮ-ਸਿਮਰਨ ਵਿਚ ਜੁੱਟ ਜਾਣਾ ਹੀ ਸਰਵੋਤਮ ਕਿਰਿਆ ਹੈ, ਸੁਖ, ਸਹਿਜ ਸ਼ਾਂਤੀ ਦਾ ਮਾਰਗ ਹੈ। ਇਹੋ ਜੀਵਨ ਮਨੋਰਥ ਹੈ।


Sri Satguru Jagjit Singh Ji eLibrary NamdhariElibrary@gmail.com

# ਸੰਪਾਦਕੀ

***ਡਾ. ਜਗਜੀਤ ਸਿੰਘ***

2003 ਦੀ ਵਿਸਾਖੀ ਨੂੰ ਆਤਮ ਮਾਰਗ ਆਪਣੇ ਲੰਮੇਰੇ ਜੀਵਨ ਪੰਧ ਤੇ ਸਫਲਤਾ ਸਹਿਤ ਚਲਦਿਆਂ ਅੱਠ ਸਾਲ ਸੰਪੰਨ ਕਰ ਲਵੇਗਾ ਜਿਸ ਲਈ ਆਪ ਜੀ 'ਆਤਮ ਮਾਰਗ' ਦੇ ਸਮੂੰਹ ਪਾਠਕ ਅਤੇ ਪ੍ਰੇਮੀ ਹਾਰਦਿਕ ਵਧਾਈ ਦੇ ਪਾਤਰ ਹਨ। ਠੀਕ ਅੱਠ ਸਾਲ ਪਹਿਲਾਂ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਨੇ 1995 ਦੀ ਵਿਸਾਖੀ ਨੂੰ ਇਸ ਦਾ ਸੰਚਾਲਨ ਕੀਤਾ ਅਤੇ ਇਸ ਦਾ ਨਿਸ਼ਾਨਾ ਕੇਵਲ ਅਧਿਆਤਮਵਾਦ, ਰਹੱਸਵਾਦ ਅਤੇ ਰੂਹਾਨੀਅਤ ਦਾ ਪ੍ਰਚਾਰ ਮਿਥਿਆ ਜਿਸ ਦਾ ਉਲੇਖ ਹਰ ਮਹੀਨੇ ਮੈਗਜ਼ੀਨ ਦੇ ਮੁੱਖ ਪੰਨੇ ਤੇ ਅੰਕਿਤ ਹੁੰਦਾ ਹੈ –

***ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

ਐਸਾ ਨਿਸ਼ਾਨਾ ਮਿਥਿਆ ਹੀ ਨਹੀਂ, ਸਗੋਂ ਪੂਰਾ ਜੀਵਨ ਹੰਢਾਇਆ, ਇਸ ਦਾ ਰੱਜ ਕੇ ਪ੍ਰਚਾਰ ਤੇ ਪਸਾਰ ਕੀਤਾ ਅਤੇ 'ਆਤਮ ਮਾਰਗ' ਵਿਚ ਛਪਦੇ ਲੇਖਾਂ ਨੂੰ ਆਪਣੀ ਨਿੱਜੀ ਨਿਗਰਾਨੀ ਵਿਚ ਇਸ ਦ੍ਰਿਸ਼ਟੀ ਤੋਂ ਵਾਚ ਕੇ ਛਾਪਿਆ। ਗੁਰਮਤਿ ਹੀ ਮਹਾਂਪੁਰਸ਼ਾਂ ਦੀ ਮਰਿਆਦਾ ਸੀ ਅਤੇ ਇਸ ਮਰਿਆਦਾ ਦਾ ਉਨ੍ਹਾਂ ਨੇ ਖੁਲ੍ਹ ਕੇ ਪ੍ਰਚਾਰ ਕੀਤਾ। ਗੁਰਮਤਿ ਦੀ ਮਰਿਆਦਾ ਕੀ ਹੈ? ਗੁਰਮਤਿ ਦੀ ਮਰਿਆਦਾ ਕੇਵਲ ਇਕ ਬ੍ਰਹਮ ਦੀ ਉਪਾਸ਼ਕ ਹੈ ਜਿਸਨੂੰ ਨਾਮ, ਸਿਮਰਨ, ਜਪੁ ਅਭਿਆਸ ਰਾਹੀਂ ਸਿਮਰਿਆ ਜਾਂਦਾ ਹੈ, ਜਿਸ ਵਿਚ ਕਿਸੇ ਕਰਮਕਾਂਡ, ਦੇਵੀ ਦੇਵਤਿਆਂ ਦੇ ਪੂਜਨ, ਤੀਰਥਾਂ ਦੇ ਗਮਨ, ਜਾਤ ਪਾਤ ਦੇ ਬੰਧਨ, ਊਚ ਨੀਚ ਦੇ ਵਿਤਕਰੇ, ਸਮੇਂ ਸਥਾਨ ਦੇ ਭੇਦ, ਕਰੜੇ ਹੱਠ, ਜ਼ੋਹਦ, ਤਪ ਪ੍ਰਵਾਨ ਨਹੀਂ, ਬਾਹਰਲੇ ਭੇਖ ਦਿਖਾਵੇ ਨਿਰਮੂਲ ਹਨ। ਗੁਰਮਤਿ ਅਨੁਸਾਰ ਪ੍ਰਮਾਤਮਾ ਪਿਆਰ ਦਾ ਸਾਗਰ ਹੈ, ਪਿਆਰ ਵਿਚ ਹੀ ਸਾਰੀ ਰਚਨਾ ਹੋਈ, ਕੇਵਲ ਪਿਆਰ ਰਾਹੀਂ ਹੀ ਉਸ ਨੂੰ ਮਿਲਿਆ ਜਾ ਸਕਦਾ ਹੈ –

***ਸਾਚ ਕਹੌਂ ਸੁਨ ਲਿਓ ਸਭੈ ਜਿਨ ਪ੍ਰੇਮ ਕੀਓ***
***ਤਿਨ ਹੀ ਪ੍ਰਭ ਪਾਇਓ॥***

ਮਹਾਂਪੁਰਸ਼ਾਂ ਨੇ 'ਸਭਨਾ ਜੀਆ ਕਾ ਇਕ ਦਾਤਾ' ਆਦੇਸ਼ ਨੂੰ ਜੀਵਨ ਵਿਚ ਧਾਰਨ ਕੀਤਾ ਅਤੇ ਸਰਬ ਮਨੁੱਖਤਾ ਵਿਚ ਪ੍ਰਚਾਰਿਆ। ਆਤਮ ਮਾਰਗ ਇਨ੍ਹਾਂ ਆਦਰਸ਼ਾਂ ਦੀ ਪੂਰੀ ਤਨਦੇਹੀ ਨਾਲ ਪਾਲਨਾ ਕਰ ਰਿਹਾ ਹੈ ਅਤੇ ਸਦਾ ਕਰਦਾ ਰਹੇਗਾ। ਆਪ ਜੀ ਸਮੂੰਹ ਪਾਠਕਾਂ ਪ੍ਰਤੀ ਵੀ ਬੇਨਤੀ ਹੈ ਕਿ ਅਸੀਂ ਐਸੇ ਮਹਾਨ ਕਾਰਜ ਵਿਚ ਆਪਣਾ ਫਰਜ਼ ਪਛਾਣ ਕੇ ਸੇਵਾ ਵਿਚ ਯੋਗਦਾਨ ਪਾਈਏ। ਸਭ ਤੋਂ ਉਤਮ ਸੇਵਾ ਆਪ ਗੁਰਮਤਿ ਧਾਰਨ ਕਰਨੀ ਅਤੇ ਦੂਜਿਆਂ ਨੂੰ ਪ੍ਰੇਰਤ ਕਰਨਾ ਹੈ। ਆਪ ਜੀ ਅੰਦਰ ਗੁਰੂ ਸ਼ਰਧਾ ਹੈ, ਮਹਾਂਪੁਰਸ਼ਾਂ ਪ੍ਰਤੀ ਪਿਆਰ ਤੇ ਸਤਿਕਾਰ ਹੈ। ਆਪ ਜੀ ਪ੍ਰਣ ਕਰੋ ਕਿ ਆਪ ਜੀ ਹਰ ਮਹੀਨੇ ਆਤਮ ਮਾਰਗ ਦਾ ਘੱਟੋ ਘੱਟ ਇਕ ਮੈਂਬਰ ਅਤੇ ਸਾਲ ਵਿਚ ਘੱਟੋ ਘੱਟ ਇਕ ਜੀਵਨ-ਕਾਲ-ਮੈਂਬਰ ਜ਼ਰੂਰ ਬਣਾਓਗੇ ਤਾਕਿ ਮਹਾਂਪੁਰਸ਼ਾਂ ਵਲੋਂ ਚਲਾਈ ਗੁਰਮਤਿ ਦੀ ਇਹ ਲਹਿਰ ਸਦਾ ਚੜ੍ਹਦੀ ਕਲਾ ਵਿਚ ਰਹੇ। ਅਸੀਂ ਆਪ ਜੀ ਦੇ ਰਿਣੀ ਹੋਵਾਂਗੇ।

ਇਸ ਮਹੀਨੇ ਵਿਸਾਖੀ ਦਾ ਦਿਵਸ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮਹਾਨ ਕਰਾਮਾਤ ਖਾਲਸੇ ਦੀ ਸਿਰਜਨਾ ਵਲ ਵੀ ਪ੍ਰੇਰਤ ਕਰਦਾ ਹੈ। 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਸਿੱਖ ਕੌਮ ਦੀ ਉਸਾਰੀ ਨੂੰ ਸੰਪੰਨ ਕੀਤਾ ਅਤੇ ਸੰਤ ਭਗਤਾਂ ਦੀ ਸਿੱਖ ਜਮਾਤ ਨੂੰ ਸੰਤ ਸਿਪਾਹੀਆਂ ਦੇ ਸਰੂਪ ਵਿਚ ਬਦਲ ਦਿਤਾ ਅਤੇ ਇਸ ਨੂੰ 'ਖਾਲਸਾ' ਪਦਵੀ ਨਾਲ ਨਿਵਾਜਿਆ। ਸਿੱਖ ਲਹਿਰ ਦਾ ਵਿਰੋਧ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚਲਿਆ ਆ ਰਿਹਾ ਸੀ। ਸੱਚ ਅਤੇ ਕੂੜ ਦਾ ਸਦਾ ਭੇੜ ਹੁੰਦਾ ਆਇਆ ਹੈ। ਜਾਬਰ ਸਦਾ ਹੀ ਪਾਪ ਦੀ ਜੰਞ ਲੈ ਕੇ ਗਰੀਬ ਜਨਤਾ ਨੂੰ ਲੁੱਟਦੇ ਮਾਰਦੇ ਆਏ ਹਨ। ਵਿਰੋਧ ਕਰਨ ਵਾਲਿਆਂ ਨੂੰ ਕਦੀ ਬਰਦਾਸ਼ਤ ਨਹੀਂ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਨੂੰ ਵੀ ਸੱਚ ਦੀ ਸਾਖ ਭਰਨ ਲਈ ਬਾਬਰ ਦੀ ਕੈਦ ਕੱਟਣੀ ਪਈ। ਹੋਏ ਜ਼ੁਲਮ ਤੇ ਬਰਬਾਦੀ ਨੂੰ ਵੇਖ ਕੇ ਉਨ੍ਹਾਂ ਨੇ 'ਖੂਨ ਦੇ ਸੋਹਿਲੇ' ਗਾਏ। ਸੱਚ ਦੀ ਸਾਖ ਭਰਨ ਕਾਰਨ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦ ਹੋਣਾ ਪ੍ਰਵਾਨ ਕੀਤਾ ਤੇ ਹਿੰਦੁਸਤਾਨ ਦੀ ਜਨਤਾ ਨੂੰ ਨਵਾਂ ਰਾਹ ਦੱਸਿਆ ਕਿ ਜਬਰ ਜ਼ੁਲਮ ਦੇ ਸਾਹਮਣੇ ਇਕ ਇਕੱਲਾ ਬੰਦਾ ਵੀ ਖਲੋ ਸਕਦਾ ਹੈ ਜੇ ਉਸ ਦੀ ਆਤਮਾ ਸੁਰਜੀਤ ਹੋਵੇ, ਜੇ ਉਸ ਨੂੰ ਸੱਚ ਦੀ ਸਾਖ ਭਰਨ ਲਈ ਮਰਨਾ ਕਬੂਲ ਹੋਵੇ। ਐਸੀ ਦ੍ਰਿੜ੍ਹਤਾ ਪੈਦਾ ਕਰਨ ਹਿਤ ਹੀ ਨੌਂ ਪਾਤਸ਼ਾਹੀਆਂ ਨੇ ਹਿੰਦੁਸਤਾਨ ਦੀ ਜਨਤਾ ਵਿਚ ਨਵੀਂ ਰੂਹ ਭਰੀ ਅਤੇ ਅੱਜ 1699 ਦੀ ਵਿਸਾਖੀ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੁਸਤਾਨ ਦੇ ਵੱਖ ਵੱਖ ਕੋਨਿਆਂ ਤੋਂ ਗੁਰੂ ਪਿਆਰ ਵਾਲੀ ਸੰਗਤ ਇਕੱਠੀ ਹੋਈ। ਗੁਰੂ ਗੋਬਿੰਦ ਸਿੰਘ ਜੀ ਰਾਹੀਂ ਖਾਲਸੇ ਦੀ ਸਾਜਨਾ ਕੋਈ ਇਕ ਦਮ ਫੁਰਿਆ ਫੁਰਨਾ ਨਹੀਂ ਸੀ ਸਗੋਂ ਲੰਮੇ ਸਮੇਂ ਦੀ ਅਣਥੱਕ ਘਾਲਣਾ ਦਾ ਸਿੱਟਾ ਸੀ। ਆਪ ਜੀ ਨੂੰ ਗੁਰਗੱਦੀ ਤੇ ਸਸ਼ੋਭਿਤ ਹੋਇਆਂ 23 ਵਰ੍ਹੇ ਹੋ ਚੁੱਕੇ ਸਨ ਜਿਸ ਸਮੇਂ ਵਿਚ ਆਪ ਜੀ ਨੂੰ ਬੇਅੰਤ ਕਠਨਾਈਆਂ ਦਾ ਟਾਕਰਾ ਕਰਨਾ ਪਿਆ। ਇਕ ਪਾਸੇ ਪਹਾੜੀ ਰਾਜਿਆਂ ਦਾ ਵਿਰੋਧ, ਦੂਜੇ ਬੰਨੇ ਮੁਗਲ ਹਕੂਮਤ ਦੀ ਹੈਂਕੜ। ਇਨ੍ਹਾਂ ਨਾਲ ਟਕਰਾਉ ਲਈ ਗਰੀਬ ਜਨਤਾ ਕਿਵੇਂ ਨਿਤਰ ਸਕਦੀ ਸੀ

(ਬਾਕੀ ਪੰਨਾ 60 ਤੇ)



Sri Satguru Jagjit Singh Ji eLibrary NamdhariElibrary@gmail.com

# ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਮਿਤੀ 28-1-97 ਨੂੰ ਧਮੋਟ ਵਿਚ ਲੱਗਿਆ ਦੀਵਾਨ)*

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***
***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***
***ਧਾਰਨਾ - ਮਹਿਮਾ ਤੇਰੀ ਨਾ, ਵੇਦ ਜਾਣਦੇ -2, 2.***
***ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ,***
***ਵੇਦ ਜਾਣਦੇ -2, 2.***
***ਮਹਿਮਾ ਤੇਰੀ ਨਾ, ਵੇਦ ਜਾਣਦੇ,.... -2.***
***ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥***
***ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥***
***ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥***
***ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥***
***ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥***
***ਅਪਨੈ ਰੰਗਿ ਕਰਤਾ ਕੇਲ॥ ਆਪਿ ਬਿਛੋਰੈ ਆਪੇ ਮੇਲ॥***
***ਇਕਿ ਭਰਮੇ ਇਕਿ ਭਗਤੀ ਲਾਏ॥ ਅਪਣਾ ਕੀਆ ਆਪਿ ਜਣਾਏ॥***
***ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥***
***ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥ ਨਾਨਕ ਕਾ ਪ੍ਰਭੁ ਆਪੇ ਆਪਿ॥***
***ਪੰਨਾ - 894***

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ। ਹੁਣੇ-ਹੁਣੇ ਤੁਸੀਂ ਮਹਾਂਪੁਰਸ਼ ਸੰਤ ਕਲਿਆਣ ਦਾਸ ਜੀ ਅਨੰਦਪੁਰ ਸਾਹਿਬ ਵਾਲੇ, ਜਿਨ੍ਹਾਂ ਨੂੰ ਮੈਂ ਬੇਨਤੀ ਕਰੀ ਸੀ ਕਿ ਮਹਾਰਾਜ ਤੱਤ ਬੇਤੇ ਮਹਾਂਪੁਰਸ਼ਾਂ ਦਾ ਇਕ ਤਰ੍ਹਾਂ ਨਾਲ ਕਾਲ ਪਿਆ ਹੋਇਆ ਹੈ। ਮਹਾਂਪੁਰਸ਼ਾਂ ਦਾ ਤਾਂ ਕੋਈ ਹਿਸਾਬ ਨਹੀਂ ਹੈ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ, ਪਰ ਗੁਰੂ ਗ੍ਰੰਥ ਸਾਹਿਬ ਜਿਨ੍ਹਾਂ ਨੂੰ ਪ੍ਰਵਾਨ ਕਰਦੇ ਹਨ ਉਹ ਤਾਂ ਉਂਗਲੀਆਂ ਤੇ ਹੀ ਗਿਣਨ ਵਾਲੇ ਹਨ -

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***
***ਪੰਨਾ - 1412***

ਸੰਤਾਂ ਦੇ ਬਚਨ ਰੁਕ ਜਾਣ, ਉਨ੍ਹਾਂ ਦੀ ਭਜਨ ਬੰਦਗੀ, ਤਪ ਕੀਤਾ ਹੋਇਆ ਵੀ ਸੰਸਾਰ ਨੂੰ ਸ਼ਾਂਤੀ ਦਿੰਦਾ ਹੈ ਪਰ ਜੇ ਉਨ੍ਹਾਂ ਦੇ ਮੁਖ ਤੋਂ ਬਚਨ ਨਿਕਲਣ, ਉਹ ਸ਼ਕਤੀਸ਼ਾਲੀ ਹੁੰਦੇ ਨੇ, ਖਾਲੀ ਨਹੀਂ ਹੁੰਦੇ। ਜਿਸ ਤਰ੍ਹਾਂ ਬੰਦੂਕ ਕਾਰਤੂਸਾਂ ਨਾਲ ਭਰੀ ਹੁੰਦੀ ਹੈ, ਗੋਲੀਆਂ ਨਿਕਲਦੀਆਂ ਨੇ, ਜ਼ਖਮੀ ਕਰਦੀਆਂ ਨੇ, ਘਾਇ ਕਰਦੀਆਂ ਨੇ, ਇਸੇ ਤਰ੍ਹਾਂ ਮਹਾਂਪੁਰਸ਼ਾਂ ਦੇ ਹਿਰਦੇ ਵਿਚੋਂ ਕਮਾਏ ਹੋਏ ਨਿਕਲੇ ਬਚਨ ਹਿਰਦਿਆਂ ਵਿਚ ਪ੍ਰਵੇਸ਼ ਕਰਦੇ ਨੇ, ਚਾਹੇ ਥੋੜ੍ਹੇ ਜਿਹੇ ਕਰਨ, ਬਹੁਤਿਆਂ ਦੀ ਲੋੜ ਨਹੀਂ ਹੈ। ਦੋ ਚਾਰ ਬਚਨ ਵੀ ਉਨ੍ਹਾਂ ਦੇ ਕਿਤੇ ਦੀ ਕਿਤੇ ਲੈ ਜਾਂਦੇ ਨੇ। ਸੋ ਉਨ੍ਹਾਂ ਨੇ ਬੜੀ ਕਿਰਪਾ ਕਰੀ - ਸੰਗਤਾਂ ਨੂੰ ਦਰਸ਼ਨ ਦੇਣ ਦੀ, ਆਪਣੇ ਪ੍ਰਵਚਨ ਸੁਣਾਉਣ ਦੀ ਤੇ ਦਰਸ਼ਨ ਕਰਨ ਦੀ। ਬੇਨਤੀ ਕਰਾਂਗਾ ਮੈਂ ਕਿ ਹਰ ਰੋਜ਼ ਹੀ ਆ ਜਾਇਆ ਕਰਨ। ਸਤਿਸੰਗ ਹੈ, ਸੰਜੋਗਾਂ ਨਾਲ, ਭਾਗਾਂ ਨਾਲ ਮਿਲਦਾ ਹੈ। ਕਿਤੇ ਮਿਲ ਗਿਆ, ਕਿਤੇ ਨਾ ਮਿਲਿਆ, ਪਛਤਾਵਾ ਹੀ ਰਹਿ ਜਾਇਆ ਕਰਦਾ ਹੈ। ਸੋ ਆਪ ਨੇ ਜੋ ਬਚਨ ਕੀਤੇ ਨੇ, ਸੁਣਨ ਦਾ ਮਹਾਤਮ ਦੱਸਿਆ ਹੈ। ਇਹ ਸੁਣਕੇ ਕੀ ਹੁੰਦਾ ਹੈ? ਅਸੀਂ ਪ੍ਰਮੇਸ਼ਰ ਨੂੰ ਮਿਲ ਸਕਦੇ ਹਾਂ - ਸੁਣਨ ਨਾਲ, ਕਿਉਂਕਿ ਸੁਣਨ ਦੀ ਸਟੇਜ ਤੋਂ ਬਾਅਦ ਫਿਰ ਮੰਨਣ ਦੀ ਸਟੇਜ ਆਇਆ ਕਰਦੀ ਹੈ। ਮੰਨਣ ਤੋਂ ਬਾਅਦ ਫੇਰ ਜਿਹੜਾ ਕੁਝ ਸੁਣਿਆ ਹੈ ਤੇ ਮੰਨਿਆ ਹੈ ਫੇਰ ਉਸ ਦੀ ਖੋਜ ਕਰੋ ਅੰਦਰ। ਦੇਖੋ ਕਰਕੇ। ਦੋ ਗੱਲਾਂ ਤਾਂ ਹੋ ਗਈਆਂ, ਸੁਣ ਲਿਆ ਤੇ ਮੰਨ ਵੀ ਲਿਆ ਤੇ ਹੁਣ ਉਹ ਜਿਹੜਾ ਤੱਤ ਕਹਿੰਦੇ ਨੇ ਉਹ ਕੱਢੀਏ। ਜਦੋਂ ਤੱਕ ਅਸੀਂ ਸੁਣਕੇ ਤੇ ਮੰਨ ਕੇ ਫੇਰ ਉਸ ਗੱਲ ਤੋਂ ਅੱਗੇ ਨਹੀਂ ਚਲਦੇ, ਓਦੋਂ ਤੱਕ ਕੋਈ ਗੱਲ ਨਹੀਂ ਬਣਿਆ ਕਰਦੀ। ਹੁਣ ਤੁਹਾਡੇ ਅਸੀਂ ਸਕੂਲ ਦੇ ਕੋਲ ਬੈਠੇ ਹਾਂ, ਮਾਸਟਰ ਜੀ ਵੀ ਹਨ, ਹੋਰ ਵੀ ਸਾਰੇ ਪੜ੍ਹੇ-ਲਿਖੇ ਬੰਦੇ ਬੈਠੇ ਨੇ। ਜੇ ਵਿਗਿਆਨ ਦਾ ਅਸੀਂ ਸਿਧਾਂਤ ਸੁਣ ਲਿਆ ਕਿ ਹਾਈਡਰੋਜਨ ਦੇ ਨਾਲ ਜੇ ਆਕਸੀਜਨ ਨੂੰ ਮਿਲਾ ਦਿੱਤਾ ਜਾਵੇ ਤਾਂ ਪਾਣੀ ਬਣ ਜਾਂਦਾ ਹੈ ਕਿਉਂਕਿ ਪਾਣੀ ਦਾ formula (ਗੁਰ, ਨੁਸਖਾ) $H_2O$ ਹੈ, ਦੋਹਾਂ ਗੈਸਾਂ ਤੋਂ ਬਣਿਆ ਕਰਦਾ ਹੈ। ਮਾਸਟਰ ਜੀ ਨੇ ਕਰਕੇ ਵੀ ਦਿਖਾ ਦਿੱਤਾ। ਹੁਣ ਕਹਿੰਦੇ ਤੁਸੀਂ ਕਰੋ, ਪਾਣੀ ਬਣਾਓ। ਜੇ ਅਸੀਂ ਕਰਦੇ ਨਹੀਂ, ਸਾਡੇ ਕੋਲ ਚਾਹੇ 100 ਸਿਲੰਡਰ ਆਕਸੀਜਨ ਦਾ ਪਿਆ ਹੈ, 800 ਸਿਲੰਡਰ ਸਾਡੇ ਕੋਲ ਪਿਆ ਹੈ ਹਾਈਡ੍ਰੋਜਨ ਦਾ। ਪਿਆਸ ਸਾਨੂੰ ਲੱਗੀ ਹੋਈ ਹੈ। ਪਿਆਸ ਸਾਡੀ ਬੁਝ ਹੀ ਨਹੀਂ ਸਕਦੀ। ਦੋ ਗੱਲਾਂ ਤਾਂ ਅਸੀਂ ਦੇਖ ਲਈਆਂ, ਸੁਣ ਵੀ ਲਿਆ ਤੇ ਮੰਨ ਵੀ ਲਿਆ ਤੇ ਖੋਜ ਨਹੀਂ ਕਰੀ, ਨਿਧਿਆਸਣ ਨਹੀਂ ਕਰਿਆ, ਅਭਿਆਸ ਨਹੀਂ ਕਰਿਆ। ਉਸ ਅਭਿਆਸ ਤੋਂ ਬਿਨਾਂ ਸਿਧਾਂਤ ਤਾਂ ਸਾਡੇ ਕੋਲ ਹੋ ਗਿਆ ਬਹੁਤ ਵਧੀਆ। ਪਾਣੀ ਦੀ ਪਿਆਸ ਲੱਗੀ ਹੋਈ ਹੈ, ਉਹ ਅਭਿਆਸ ਨਾ ਕਰਨ ਕਰਕੇ ਪਿਆਸਾ ਹੀ ਆਦਮੀ ਮਰ ਜਾਏਗਾ ਹਾਲਾਂਕਿ ਉਸ ਦੇ ਕੋਲ ਸਾਰਾ ਸਾਧਨ ਹੈ। ਬਿਜਲੀ ਦੀ ਧਾਰਾ ਵੀ ਹੈ, ਹਰੇਕ ਚੀਜ਼ ਹੈ। ਇਹ ਜਿਹੜਾ ਅਧਿਆਤਮਵਾਦ ਦਾ ਮਾਰਗ ਹੈ, ਇਹ ਗੁਪਤ ਮਾਰਗ ਹੈ, ਇਸ ਨੂੰ secret path (ਗੁਪਤ ਰਸਤਾ) ਕਹਿੰਦੇ ਨੇ - ਮਹਾਂ ਪਵਿੱਤਰ ਤੇ ਗੁਪਤ secret path. ਇਹ ਪਵਿੱਤਰ ਵੀ ਹੈ ਤੇ ਗੁਪਤ ਵੀ ਹੈ, ਇਸ ਦੀ ਕੋਈ



Sri Satguru Jagjit Singh Ji eLibrary NamdhariElibrary@gmail.com

ਕਿਤਾਬ ਨਹੀਂ ਹੁੰਦੀ। ਮਹਾਂਪੁਰਸ਼ ਆਪਣੀਆਂ ਕਿਤਾਬਾਂ ਲਿਖਦੇ ਹਨ, ਆਦਮੀ ਉਸ ਦੇ ਮੁਤਾਬਕ ਚਲਦਾ ਨਹੀਂ ਹੈ ਕਿਉਂਕਿ ਬਹੁਤ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ, ਜਦੋਂ ਤੱਕ ਮੁਰਸ਼ਦ-ਏ-ਕਾਮਲ ਨਾਲ ਮੇਲ ਨਾ ਹੋਵੇ। ਅਨੁਭਵੀ ਮਹਾਂਪੁਰਸ਼, ਜਿਸ ਨੇ ਦੇਖਿਆ ਹੋਇਆ ਹੈ, ਉਹ ਨਾ ਮਿਲੇ ਤਾਂ ਅੱਗੇ ਦਾ ਰਸਤਾ ਲੱਭਦਾ ਨਹੀਂ ਹੈ। ਆਹੀ ਸਾਡੇ ਵਿਚ ਥੋੜ੍ਹੀ ਜਿਹੀ ਘਾਟ ਪੈ ਗਈ। ਹੁਣ ਮੈਂ ਆਪਣੀ ਗੱਲ ਕਰਦਾ ਹਾਂ ਦੂਜਿਆਂ ਧਰਮਾਂ ਦੀ ਨਹੀਂ ਕਰਦਾ। ਉਨ੍ਹਾਂ ਦਾ ਠੀਕ ਹੈ ਆਪਣਾ ਲੇਖਾ-ਪੱਤਾ ਹੈ, ਉਹ ਸੰਤੁਸ਼ਟ ਨੇ। ਅਸੀਂ ਉਲਝ ਗਏ। ਜੇ ਸੱਚੀ ਗੱਲ ਕਹਿੰਦੇ ਹਾਂ ਤਾਂ ਕਈਆਂ ਨੂੰ ਬੜੀ ਔਖੀ ਲਗਦੀ ਹੈ ਕਿ ਇਹ ਕੀ ਗੱਲਾਂ ਕਹੀ ਜਾਂਦਾ ਹੈ ਬਾਬਾ ਜੀ। ਮੈਂ ਬਿਲਕੁਲ ਠੀਕ ਗੱਲ ਦਸਦਾ ਹਾਂ। ਅਸੀਂ ਜਿਨ੍ਹਾਂ ਦੀ ਪੂਜਾ ਕਰਦੇ ਹਾਂ, ਉਹ ਇਕੱਲੇ ਗੁਰੂ ਨਹੀਂ ਸੀ, ਉਹ ਗੁਰੂ ਅਵਤਾਰ ਸੀ। ਨਿਰੇ ਗੁਰੂ ਨਹੀਂ ਸੀ, ਉਹ ਗੁਰੂ ਅਵਤਾਰ ਸੀ। ਪਾਰਬ੍ਰਹਮ ਪ੍ਰਮੇਸ਼ਰ ਦਾ ਹੁਕਮ ਸੀ, "ਹੇ ਨਾਨਕ! ਮੈਂ ਪਾਰਬ੍ਰਹਮ ਪਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ!" ਉਹ ਗੁਰੂ ਪ੍ਰਮੇਸ਼ਰ ਸੀ, 10 ਜੋਤਾਂ ਦੇ ਵਿਚ ਆਏ। ਉਨ੍ਹਾਂ ਨੇ ਕਲਜੁਗ ਦੇ ਬੰਦਿਆਂ ਵਾਸਤੇ ਸੁਖਾਲਾ ਰਾਹ ਕੱਢਿਆ, ਸਾਡੀ ਬੋਲੀ ਵਿਚ ਕੱਢਿਆ। ਅਸੀਂ ਉਨ੍ਹਾਂ ਦਾ ਦੇਣਾ ਦੇ ਹੀ ਨਹੀਂ ਸਕਦੇ, ਬਿਲਕੁਲ ਨਹੀਂ ਦੇ ਸਕਦੇ। ਚਾਹੇ ਸੈਂਕੜੇ ਜਨਮ ਆਪਣਾ ਸੀਸ ਭੇਂਟ ਕਰੀ ਜਾਈਏ ਤਾਂ ਵੀ ਨਹੀਂ ਦੇ ਸਕਦੇ। ਉਹ ਜਿਹੜਾ ਮਹਾਂਪੁਰਸ਼ਾਂ ਦਾ ਪਿਛਲਾ ਅਨੁਭਵ ਸੀ, ਸਮਾਂ ਬਦਲਣ ਦੇ ਨਾਲ ਉਹ ਬੋਲੀ ਹੋਰ ਹੋ ਗਈ, ਉਸ ਇਕ-ਇਕ ਅੱਖਰ ਦੇ ਸੈਂਕੜੇ-ਸੈਂਕੜੇ ਅਰਥ ਨਿਕਲਣ ਲੱਗ ਗਏ। ਜਗਿਆਸੂ ਉਲਝ ਗਏ। ਰਾਹ ਨਾ ਲੱਭੇ ਕੋਈ ਵੀ, ਕੁਝ ਨਾ ਪਤਾ ਲੱਗੇ। ਇਸੇ ਕਰਕੇ ਬੇਅੰਤ ਸ਼ਾਸਤ੍ਰ, ਬੇਅੰਤ ਸਿਮਰਤੀਆਂ, ਉਪਨਿਸ਼ਦਾਂ ਬਣ ਗਈਆਂ। ਉਹ ਇਕ ਬਿੰਦੂ ਤੇ ਕੇਂਦਰਤ ਨਾ ਹੋ ਸਕੇ। ਗੁਰੂ ਨਾਨਕ ਪਾਤਸ਼ਾਹ ਨੇ ਸਾਡੀ ਅਧੋਗਤੀ ਨੂੰ ਦੇਖਦੇ ਹੋਏ ਬਹੁਤ ਹੀ ਸੌਖੇ ਅੱਖਰਾਂ ਵਿਚ ਬਹੁਤ ਵੱਡਾ ਦਰਸ਼ਨ ਤੱਤ ਗਿਆਨ ਲਿਆ ਦਿੱਤਾ। ਜੇ ਅਸੀਂ ਇਕੱਲੇ ਮੂਲ-ਮੰਤਰ ਦਾ ਵੀ ਅਰਥ ਸਮਝ ਜਾਈਏ, ਉਂਞ ਤਾਂ ਸਮਝ ਗਏ ਅਸੀਂ, ਕਿਹੜਾ ਅੱਖਰ ਹੈ ਜਿਹੜਾ ਸਾਡੀ ਸਮਝ ਵਿਚ ਨਹੀਂ ਆਉਂਦਾ, ਪਰ ਸਮਝ ਵਿਚ ਆਇਆ ਹੋਇਆ ਫੇਰ ਵੀ ਨਹੀਂ ਆਉਂਦਾ ਸਮਝ ਵਿਚ। ਉਹ ਸਮਝ ਹੀ ਨਹੀਂ ਸਕਦੇ, ਨਾ ਅਸੀਂ ਮੰਨ ਸਕਦੇ ਹਾਂ, ਮਾਮੂਲੀ ਗੱਲ ਹੈ। ਕਿੰਨੀਆਂ ਲਾਈਨਾਂ ਨੇ ਇਹ ਤੁਸੀਂ ਦੇਖ ਲਓ ਆਪੇ। ਇਸ ਦੀਆਂ ਜੇ ਪਿਛਲੀਆਂ ਲਾਈਨਾਂ ਵੀ ਲੈ ਲਈਏ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ - 1***

ਇਹ ਦੋ ਹੀ ਲਾਈਨਾਂ ਨੇ। ਇਹ ਦੋ ਲਾਈਨਾਂ ਬੰਦਾ ਜੇ ਸਾਰੀ ਜ਼ਿੰਦਗੀ ਵਿਚ ਸਮਝ ਗਿਆ, ਉਹ ਪੂਜਣਯੋਗ ਹੋ ਜਾਂਦਾ ਹੈ, ਉਸ ਨੂੰ ਸੰਸਾਰ ਪੂਜੇਗਾ ਕਿਉਂਕਿ ਉਸ ਨੂੰ ਸਤਿ ਦਾ ਗਿਆਨ ਹੋ ਗਿਆ, ਸਤਿ ਦਾ ਥਹੁ ਪਤਾ ਲੱਗ ਗਿਆ। ਦੋਏ ਲਾਈਨਾਂ ਨੇ, ਬਹੁਤਾ ਨਹੀਂ ਹੈ। ਪਰ ਇਸ ਦੇ ਵਿਚ ਕਿੰਨੀ philosophy (ਤੱਤ ਗਿਆਨ) ਭਰੀ ਪਈ ਹੈ। ਪਹਿਲਾਂ 'ਜਪੁਜੀ ਸਾਹਿਬ', ਫੇਰ 1430 ਪੰਨਾ ਇਸ ਸੱਚ ਦੀ ਹੀ ਗੱਲ ਕਰ ਰਿਹਾ ਹੈ ਸਾਰੀ। ਹੁਣ ਗੁਰੂ ਮਹਾਰਾਜ ਨੇ ਬੜੀ ਕਿਰਪਾ ਕਰਕੇ ਸਾਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਲੜ ਲਾ ਦਿੱਤਾ। ਇਹ ਅਕਾਲ ਪੁਰਖ ਤੇ ਦਸਾਂ ਗੁਰੂਆਂ ਦੀ ਜੋਤ ਕਹਿ ਕੇ ਅਸੀਂ ਇਨ੍ਹਾਂ ਦਾ ਸਤਿਕਾਰ ਕਰਦੇ ਹਾਂ। ਜਿਨ੍ਹਾਂ ਨੂੰ ਨਿਸ਼ਚਾ ਹੈ ਅਖਰਾਂ ਦੇ ਵਿਚ ਹੀ ਸੰਪੂਰਨ ਜੋਤ ਹੈ ਕਿਉਂਕਿ ਹਰ ਅੱਖਰ ਵਿਚ ਸ਼ਕਤੀ ਹੋਇਆ ਕਰਦੀ ਹੈ। ਹੁਣੇ ਸੰਤ ਦਸਦੇ ਸੀ ਕਿ ਜੇ ਸ਼ਬਦ ਸਿੱਧ ਕਰ ਲਿਆ ਜਾਵੇ ਤਾਂ ਉਸ ਦੇ ਵਿਚੋਂ ਸ਼ਕਤੀ ਆ ਜਾਂਦੀ ਹੈ। ਅੱਖਰ ਹੀ ਨੇ ਹੋਰ ਕੀ ਨੇ? ਅੱਖਰਾਂ ਦੇ ਨਾਲ ਕੋਈ ਗੱਲ ਬਣਦੀ ਹੁੰਦੀ ਹੈ। ਉਹ ਜਿਹੜਾ ਅੱਖਰ ਬਣਿਆ ਹੈ - ਪੂਰਾ ਅੱਖਰ, ਉਸਦੇ ਵਿਚ ਸ਼ਕਤੀ ਹੁੰਦੀ ਹੈ। ਹੁਣ ਅਸੀਂ ਸੋਟਾ ਕਹਿ ਦਿੱਤਾ, ਇਹ ਦੋ ਹੀ ਅੱਖਰ ਨੇ। ਸੋਟਾ ਕਹੇ ਤੋਂ ਸਾਡੀ ਨਿਗ੍ਹਾ ਦੇ ਵਿਚ ਸੋਟਾ ਆ ਜਾਏਗਾ। ਇਹ ਤਾਂ ਹੁਣ ਇਸ ਦੀ ਸਮਝ ਹੋ ਗਈ, ਹੁਣ ਅੱਗੇ ਇਸ ਦੀ ਸ਼ਕਤੀ ਕਿੰਨੀ ਹੈ। ਸ਼ਕਤੀ ਇਹ ਹੈ ਕਿ ਜਦੋਂ ਬੰਦਾ ਕਿਸੇ ਦੇ ਮਾਰੇ ਤਾਂ ਪੇਟ ਪਾੜ ਦਿੰਦਾ ਹੈ। ਉਹ ਗੁਪਤ ਹੈ ਚੀਜ਼। ਇਸੇ ਤਰ੍ਹਾਂ ਦੇ ਨਾਲ ਜਿਹੜਾ ਇਹ ਹੁਣ ਕਹਿੰਦੇ ਸੀ ਕਿ ਅਰਥ ਸਮਝ ਕੇ ਪੜ੍ਹੋ, ਉਹ ਬੜੀ ਡੂੰਘੀ ਬਾਤ ਹੈ, ਬਹੁਤ ਹੀ ਡੂੰਘੀ ਬਾਤ ਹੈ। ਵਿਰਲਾ-ਵਿਰਲਾ ਬੰਦਾ ਐਥੇ ਆਉਂਦਾ ਹੈ ਜਿਸਦੇ ਸਮਝ ਵਿਚ ਪੈਂਦੀ ਹੈ। ਪੜ੍ਹਾਈ-ਲਿਖਾਈ ਨਾਲ ਤਾਂ ਇਸਦਾ ਸਬੰਧ ਨਹੀਂ, ਨਾ Ph.D. ਨਾ D.lit. ਕੋਈ ਨਹੀਂ ਇਸ ਨੂੰ ਸਾਂਭ ਸਕਦਾ। ਸੰਤਾਂ ਦੇ ਲੇਖ ਤੁਸੀਂ ਪੜ੍ਹਦੇ ਹੋ, ਆਪਣੇ ਮੈਗਜ਼ੀਨ ਵਿਚ ਆਉਂਦੇ ਨੇ। ਪ੍ਰੋਫੈਸਰਾਂ ਦੇ ਨਹੀਂ ਪੜ੍ਹਦੇ ਕਿਉਂਕਿ ਪ੍ਰੋਫੈਸਰ ਉਥੇ ਪਹੁੰਚਦੇ ਨਹੀਂ। ਅਸੀਂ ਲੇਖ ਦਿੰਦੇ ਨਹੀਂ ਉਨ੍ਹਾਂ ਦੇ। ਉਹ ਉਰ੍ਹੇ-ਉਰ੍ਹੇ ਹੀ ਰਹਿ ਜਾਂਦੇ ਨੇ, ਅੱਖਰ ਤੋਂ ਅਗੇ ਸ਼ਕਤੀ ਵਿਚ ਨਹੀਂ ਜਾਂਦੇ, ਉਸ ਦੇ ਲੱਛਣਾਂ ਵਿਚ ਨਹੀਂ ਜਾਂਦੇ। ਅੱਖਰਾਂ ਤੱਕ ਤਾਂ ਉਹ ਪਹੁੰਚ ਜਾਂਦੇ ਨੇ, ਉਸ ਤੋਂ ਅੱਗੇ ਨਹੀਂ ਉਨ੍ਹਾਂ ਨੂੰ ਗਿਆਨ। ਫੇਰ ਮੈਂ reject (ਨਾ ਮਨਜ਼ੂਰ) ਕਰ ਦਿੰਦਾ ਹਾਂ ਕਿ ਨਾ ਭਾਈ! ਇਸ ਨੇ ਕਿਸੇ ਤੇ ਵੀ ਅਸਰ ਨਹੀਂ ਪਾਉਣਾ, ਇਹ ਤਾਂ ਬੁੱਧੀ ਮੰਡਲ ਵਿਚ ਜਾ ਕੇ ਜਮ੍ਹਾਂ ਹੋ ਜਾਣਗੇ।

ਸੋ ਇਸੇ ਤਰ੍ਹਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਅਸੀਂ ਜਦੋਂ ਆਪਣਾ ਗੁਰੂ ਧਾਰ ਕੇ ਸਤਿਕਾਰ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਦੇ ਵਿਚ ਜਿਹੜੇ ਸ਼ਬਦ ਨੇ, ਇਨ੍ਹਾਂ ਵਿਚ ਸ਼ਕਤੀ ਤੇ ਰਹਿਨੁਮਾਈ ਹੈ, ਇਹ ਗੱਲ ਮੇਰੀ ਸਮਝਿਓ। ਉਹ ਅਗਵਾਈ ਕੀ ਹੈ? ਗੁਰੂ ਮਹਾਰਾਜ ਕਹਿੰਦੇ ਕਿ ਤੂੰ ਸੰਤਾਂ ਨੂੰ ਜਾ ਕੇ ਮਿਲ। ਸਾਡਾ ਕੀ ਰੁਝਾਨ ਹੈ, ਅਸੀਂ ਕਹਿੰਦੇ ਹਾਂ ਤੂੰ ਹੀ ਸੰਤ ਹੈ, ਹੋਰ ਕੋਈ ਸੰਤ ਹੈ ਹੀ ਨਹੀਂ। ਇਕ ਤਰਕ ਵਾਲਾ ਇਹ ਕਹੇਗਾ ਕਿ ਜਿਸ ਧਰਮ ਦੇ ਵਿਚ ਹੋਰ ਸੰਤ ਹੀ ਨਹੀਂ ਬਣ ਸਕਦਾ, ਇਕੋ ਹੀ ਸੰਤ ਹੈ, ਉਹ ਧਰਮ ਅਧੂਰਾ ਹੈ, ਉਸ ਦੀ ਤਾਲੀਮ ਅਧੂਰੀ ਹੈ। ਕਿਉਂਕਿ ਵਿਦਿਆਰਥੀਆਂ, ਜਗਿਆਸੂਆਂ ਨੇ ਪੜ੍ਹਨਾ ਹੈ। ਜੇ D.lit ਬਣ ਹੀ ਨਹੀਂ ਸਕਿਆ, ਕੋਈ Doctorate


Sri Satguru Jagjit Singh Ji eLibrary NamdhariElibrary@gmail.com

(ਆਚਾਰੀਆ ਪਦ, ਡਾਕਟਰ ਦੀ ਉਪਾਧੀ) ਹਾਸਲ ਨਹੀਂ ਕਰੀ, ਉਹ ਵਿਦਿਆ ਅਧੂਰੀ ਹੈ। ਉਹ ਜੇ ਪੰਜਵੀਂ, ਸੱਤਵੀਂ, ਅੱਠਵੀਂ ਵੀ ਪਾਸ ਨਹੀਂ ਕਰਾ ਸਕੀ, ਕੋਈ ਕੁਝ ਬਣਦਾ ਹੀ ਨਹੀਂ, ਫੇਰ ਉਸ ਵਿਦਿਆ ਦਾ ਫਾਇਦਾ ਕੀ ਹੈ? ਉਸ ਗੁਰੂ ਦਾ ਕੀ ਫਾਇਦਾ ਹੈ ਜਿਹੜਾ ਜਗਿਆਸੂ ਨੂੰ ਪ੍ਰਮੇਸ਼ਰ ਨਾ ਬਣਾ ਸਕੇ ਕਿਉਂਕਿ ਸਾਡਾ ਜੋ ਅੰਤਮ ਨਿਸ਼ਾਨਾ ਹੈ, ਧੇਅ ਹੈ, ਉਹ ਇਹ ਹੈ ਕਿ ਇਹੀ ਜੀਵ, ਜਿਹੜਾ ਹੇਠਾਂ ਉਤਰ ਕੇ ਜੀਵ ਕੁਹਾਉਣ ਲੱਗ ਪਿਆ, ਹੋਰ ਪੜ੍ਹਿਆ ਹੋਇਆ ਇਸ ਨੂੰ ਜੀਵ ਆਤਮਾ ਕਹਿ ਦਿੰਦਾ ਹੈ, ਉਹ ਜੀਵ ਭਾਵ ਹੀ ਨਾ ਜੋ ਤੋੜ ਸਕਿਆ ਗੁਰੂ, ਤਾਂ ਉਹ ਗੁਰੂ ਅਧੂਰਾ ਹੈ। ਕਬੀਰ ਸਾਹਿਬ ਕਹਿੰਦੇ –

***ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥***
***ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥***

***ਪੰਨਾ – 1371***

ਫੇਰ ਦਸੋ ਉਸਨੂੰ ਗੁਰੂ ਬਣਾਉਣ ਦਾ ਫਾਇਦਾ ਕੀ ਜੇ ਰੂਹਾਨੀ ਤਰੱਕੀ ਹੀ ਨਾ ਹੋਈ। ਗੁਰੂ ਗ੍ਰੰਥ ਸਾਹਿਬ ਸੰਤ ਬਣਾਉਂਦੇ ਹਨ। ਸੰਤ ਕੀ ਹੁੰਦਾ ਹੈ? ਮਹਾਰਾਜ ਕਹਿੰਦੇ ਸੰਤ ਦੀ ਵੀ ਪ੍ਰੀਭਾਸ਼ਾ ਹੈ –

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*** ***ਪੰਨਾ – 397***

ਉਹ ਰੱਬ ਵਰਗਾ ਬਣਾ ਦਿੰਦਾ ਹੈ –

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

***ਪੰਨਾ – 1376***

ਨਾ ਤਾਂ ਉਸ ਦਾ ਕੋਈ ਭੇਖ ਹੁੰਦਾ ਹੈ, ਇਹ ਵੀ ਮੈਂ ਬੇਨਤੀ ਕਰ ਦੇਵਾਂ। ਸੰਤ ਦੇ ਉਤੇ ਬੜਾ ਵਾਦ-ਵਿਵਾਦ ਹੈ ਕਿਉਂਕਿ ਭੇਖ ਨਾਲ ਤਾਂ ਅਸੀਂ ਜਦੇ ਹੀ ਸੰਤ ਬਣ ਜਾਂਦੇ ਹਾਂ। ਕਿਸੇ ਨੂੰ ਵੀ ਚੋਲਾ ਪੁਆ ਕੇ ਗੜਵਾ-ਵਗੈਰਾ ਫੜਾ ਦੇਈਏ, ਸ੍ਰੀ ਸਾਹਿਬ ਫੜੀ ਹੋਈ ਹੈ, ਬੜਾ ਕੁਝ ਹੈ ਅਡੰਬਰ, 50-60 ਬੰਦੇ ਪਿਛੇ ਆ ਰਹੇ ਨੇ, 'ਪਰ੍ਹੇ ਹਟ ਜਾਉ, ਪਰ੍ਹੇ ਹਟ ਜਾਉ' ਕਰਦੇ ਤੁਰੇ ਆ ਰਹੇ ਨੇ, ਉਹ ਇਸ ਤਰ੍ਹਾਂ ਨਹੀਂ ਸੰਤ ਬਣਦਾ ਹੁੰਦਾ। ਛੋਟੀ ਬੁੱਧ ਵਾਲਿਆਂ ਨੂੰ ਤਾਂ ਹੁੰਦਾ ਹੈ, ਤਰਕ ਵਾਲਿਆਂ ਨੂੰ ਤਰਕ ਜਾਗ ਪੈਂਦੀ ਹੈ ਜਿਹੜੇ ਤਿੱਖੀ ਬੁੱਧੀ ਦੇ ਮਾਲਕ ਨੇ। ਮਹਾਰਾਜ ਕਹਿੰਦੇ ਸੰਤ ਜਿਹੜਾ ਹੁੰਦਾ ਹੈ ਉਸ ਨੂੰ ਇਕ ਸੁਆਸ ਵੀ ਪ੍ਰਮੇਸ਼ਰ ਕਦੇ ਨਹੀਂ ਭੁਲਦਾ। ਉਨ੍ਹਾਂ ਦੀ ਬਿਰਤੀ ਮਾਇਆਕਾਰੀ ਕਦੇ ਵੀ ਨਹੀਂ ਹੁੰਦੀ, ਸਦਾ ਹੀ ਆਤਮਕਾਰ ਬਿਰਤੀ ਰਹਿੰਦੀ ਹੈ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

***ਪੰਨਾ – 319***

ਉਹ ਬਹੁਤ ਘੱਟ ਨੇ, ਹੈ ਨਹੀਂ, ਨਜ਼ਰ ਨਹੀਂ ਆਉਂਦੇ। ਫੇਰ ਕਹਿੰਦੇ ਸਾਨੂੰ ਪਤਾ ਕਿਵੇਂ ਲੱਗੇ? ਗੁਰੂ ਮਹਾਰਾਜ ਕਹਿੰਦੇ ਜੇ ਤੁਸੀਂ ਪਤਾ ਲਾਉਣਾ ਚਾਹੁੰਦੇ ਹੋ – ਸੱਚੀ ਮੁੱਚੀ, ਤਾਂ ਇਹ ਹੁੰਦਾ ਹੈ ਕਿ ਸੰਤ ਜੇ ਕੋਲ ਆ ਜਾਵੇ ਤਾਂ ਵਾਹਿਗੁਰੂ ਵਾਹਿਗੁਰੂ ਆਪੇ ਹੀ ਹੋਣ ਲੱਗ ਜਾਂਦਾ ਹੈ, ਆਪਣੇ ਆਪ ਹੀ ਚਲ ਪੈਂਦਾ ਹੈ ਨਾਮ। ਬਾਣੀ ਵਿਚ ਕਹਿੰਦੇ ਨੇ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥***

***ਪੰਨਾ – 520***

ਦਰਸ਼ਨ ਕਰਦੀ ਸਾਰ ਅੰਦਰਲੇ ਪਾਸੇ ਪਰਿਵਰਤਨ ਹੋਕੇ ਸਾਰੇ ਖਿਆਲ ਦਬ ਜਾਂਦੇ ਨੇ ਤੇ ਅੰਦਰ ਕੀ ਹੋਣ ਲੱਗ ਜਾਂਦਾ ਹੈ? ਜਿਹੜੀ ਧੁਨ ਸਾਡੇ ਅੰਦਰ ਚਲਦੀ ਹੈ ਨਾਮ ਦੀ, ਉਹ ਉਪਰ ਆ ਕੇ ਤੇ ਮਧਮਾ ਨੂੰ ਪਾਰ ਕਰਕੇ ਜੀਭ ਦੇ ਉਤੇ ਆ ਕੇ ਵਾਹਿਗੁਰੂ ਵਾਹਿਗੁਰੂ ਹੋਣਾ ਸ਼ੁਰੂ ਹੋ ਜਾਊ vibration ਤਰੰਗ ਲਹਿਰ ਆ ਜਾਏਗੀ ਸਰੀਰ ਵਿਚ। ਇਹ ਸੰਤ ਦੀ ਨਿਸ਼ਾਨੀ ਹੈ, ਦੇਖਦੀਸਾਰ ਪਰਿਵਰਤਨ ਹੁੰਦਾ ਹੈ। ਸੋ ਕਹਿੰਦੇ ਉਨ੍ਹਾਂ ਕੋਲ ਜਾਓ ਤੁਸੀਂ, ਉਹ ਚਾਹੇ ਫੌਜ ਵਿਚ ਨੌਕਰੀ ਕਰਦਾ ਹੈ, ਚਾਹੇ ਉਹ ਹਲ ਚਲਾ ਰਿਹਾ ਹੈ, ਚਾਹੇ ਉਹ ਕਿਸੇ ਆਸ਼ਰਮ ਦੇ ਵਿਚ ਬੈਠਾ ਹੈ, ਚਾਹੇ ਉਹ ਸਕੂਲ ਵਿਚ ਪੜ੍ਹਾ ਰਿਹਾ ਹੈ, ਚਾਹੇ ਉਹ ਹੋਰ ਕਿਰਿਆ ਕਰਦਾ ਹੈ। ਯਾਦ ਕਰਨਾ ਹੋਰ ਚੀਜ਼ ਹੈ – ਆਸ਼ਰਮਾਂ ਵਿਚ ਬਹਿਣਾ, ਡੇਰਿਆਂ ਵਿਚ ਬਹਿਣਾ, ਚੋਲੇ ਧਾਰ ਲੈਣੇ; ਉਹ ਉਨ੍ਹਾਂ ਦਾ ਸਵੈ-ਅਨੁਸ਼ਾਸ਼ਨ ਹੁੰਦਾ ਹੈ। ਸੰਤ ਨਾਲ ਇਸ ਦਾ ਸਬੰਧ ਨਹੀਂ ਹੈ, ਇਹ ਜਮਾਤ ਨਾਲ, ਸੰਪਰਦਾ ਨਾਲ ਸਬੰਧ ਹੁੰਦਾ ਹੈ, ਜਿਵੇਂ ਅਸੀਂ ਪੰਜ ਕਕਾਰ ਪਹਿਨ ਲੈਂਦੇ ਹਾਂ। ਸਾਡੀ ਸੰਪਰਦਾ ਨਾਲ ਇਸ ਦਾ ਸੰਬੰਧ ਹੈ। ਦੂਰੋਂ ਦੇਖ ਕੇ ਅਗਲਾ ਕਹੇਗਾ ਕਿ ਇਹ ਸਿੰਘ ਹੈ। ਸਿੰਘ ਬਣ ਗਏ ਜਾਂ ਨਹੀਂ ਬਣੇ, ਖਾਲਸਾ ਬਣ ਗਏ ਜਾਂ ਨਹੀਂ ਬਣੇ। ਉਸ ਦੇ ਬਾਰੇ ਮਹਾਰਾਜ ਕਹਿੰਦੇ –

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ)***

ਇਥੇ ਅਸੀਂ ਖੁੰਝ ਜਾਂਦੇ ਹਾਂ, ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣਦੇ ਹਾਂ, ਅੱਗੇ ਨਹੀਂ ਕਦਮ ਪੁੱਟਦੇ। ਸੰਤ ਕੋਈ ਵੀ ਆਪਣੇ ਪਿਛੇ ਨਹੀਂ ਲਾਇਆ ਕਰਦਾ ਕਿਉਂਕਿ ਸੰਤ ਹੁੰਦਾ ਨਹੀਂ। ਜਿਸ ਨੂੰ ਕਹਿੰਦੇ ਨੇ ਹੈ, ਉਹ ਹੁੰਦਾ ਨਹੀਂ ਦਰਅਸਲ। ਉਸ ਨੂੰ ਕਹਿੰਦੇ ਹੀ ਤਾਂ ਨੇ ਸੰਤ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***

***ਪੰਨਾ – 657***

ਉਹ ਜਿਹੜੀ ਮੈਂ ਸੀ ਇਸ ਦੇ ਵਿਚ ਉਹ disolve (ਘੁਲ) ਹੋ ਗਈ। ਹੁਣੇ ਸੰਤਾਂ ਨੇ ਤੁਹਾਨੂੰ ਦੱਸਿਆ ਸੀ –

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***

***ਪੰਨਾ – 624***

ਉਹ ਜਿਹੜੀ ਮੈਂ ਹੈ, ਰੱਬ ਦੇ ਦਰਮਿਆਨ ਓਹੀ ਪੜਦਾ ਹੈ। ਜਿਸ ਦੀ ਮੈਂ ਨਿਕਲ ਗਈ ਉਹ ਪਰਦਾ ਟੁਟ ਗਿਆ, ਉਹ ਰੱਬ ਹੋ ਗਿਆ। ਬੜਾ ਸਿਧਾ ਗਿਆਨ ਗੁਰੂ ਮਹਾਰਾਜ ਨੇ ਦਿੱਤਾ ਹੈ। ਜੇ ਮੈਂ ਇਸ ਗੱਲ ਦੀ ਵਿਆਖਿਆ ਕਰਾਂ ਤਾਂ ਬੜੀ ਲੰਮੀ ਚੌੜੀ ਹੈ। ਕਿਉਂਕਿ ਪਹਿਲਾਂ ਉਲਝ ਗਏ ਸੀ ਸਾਰੇ ਜਗਿਆਸੂ। ਗੁਰੂ ਨਾਨਕ ਸਾਹਿਬ ਦੇ ਆਉਣ ਤੋਂ ਪਹਿਲਾਂ ਬੜਾ ਹੀ ਰੌਲਾ-ਰੱਪਾ ਸੀ ਰੂਹਾਨੀਅਤ ਦੇ ਵਿਚ, ਬੁਰੀ ਤਰ੍ਹਾਂ ਉਲਝ ਗਏ ਸੀ। ਕੋਈ ਵੀ ਨਿਕਲਣ ਦਾ ਰਾਹ



Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ ਲੇਕਿਨ ਇਸਲਾਮ ਵਾਲਿਆਂ ਕੋਲ ਸੀ। ਉਹ ਵੀ ਗਿਣਵੇਂ ਬੰਦਿਆਂ ਕੋਲ ਜਿਹੜੇ ਸ਼ਰ੍ਹਾ ਦੀ ਹੱਦ ਨੂੰ ਪਾੜ ਕੇ ਤਰੀਕਤ, ਹਕੀਕਤ, ਮਾਰਫਤ ਦੇ ਵਿਚ ਪਹੁੰਚ ਗਏ ਸੀ। ਪਰ ਉਹ ਸਮਝਦੇ ਨਹੀਂ ਹਨ। ਬੜੀ ਤਕਲੀਫ ਦਿੱਤੀ – ਕਿਸੇ ਦੀ ਖੱਲ ਲਾਹ ਦਿੱਤੀ, ਕਿਸੇ ਨੂੰ ਸੂਲੀ ਤੇ ਚਾੜ੍ਹ ਦਿੱਤਾ ਕਿਉਂਕਿ ਉਹ ਨਹੀਂ ਨਿਕਲਣ ਦੇਣਾ ਚਾਹੁੰਦੇ ਸੀ ਪਰ ਸੰਤ ਦਾ ਅਭਾਵ ਨਹੀਂ ਹੁੰਦਾ ਕਦੇ। ਪਰ ਉਹ ਵਿਰਲੇ-ਵਿਰਲੇ ਹੁੰਦੇ ਨੇ।

ਸੋ ਸੰਤਾਂ ਦਾ ਤੁਸੀਂ ਦਰਸ਼ਨ ਕਰਿਆ – ਸੰਤ ਕਲਿਆਣ ਦਾਸ ਜੀ ਦਾ, ਇਨ੍ਹਾਂ ਦੇ ਬਚਨ ਸੁਣੇ ਨੇ ਬਚਨਾਂ ਤੋਂ ਹੀ ਪਤਾ ਲਗਦਾ ਹੈ ਕਿ ਹਾਂ, ਕੋਈ ਜੋਤ ਇਨ੍ਹਾਂ ਦੇ ਅੰਦਰ ਜਗ ਰਹੀ ਹੈ। ਕੋਈ ਰੌਸ਼ਨੀ ਹੈ ਜਿਸ ਦੇ ਵਿਚੋਂ ਇਹ ਬੋਲ ਰਹੇ ਨੇ। ਯਾਦਾਸ਼ਤ ਦੇ ਬਲ ਤੇ ਨਹੀਂ ਬੋਲਦੇ, ਕੋਈ ਚੀਜ਼ ਦੇਖ ਕੇ ਗੱਲ ਕਰ ਰਹੇ ਨੇ। ਸੋ ਬੜੇ ਸਾਡੇ ਭਾਗ ਚੰਗੇ ਨੇ ਕਿ ਇਨ੍ਹਾਂ ਨੇ ਕਿਹਾ ਕਿ ਮੈਂ ਚਾਰੇ ਦਿਨ ਆਵਾਂਗਾ। ਭਾਵੇਂ ਬਹੁਤ ਰੁਝੇ ਹੋਏ ਨੇ, ਥੋੜ੍ਹਾ ਨਹੀਂ। ਕੱਲ੍ਹ ਜਦੋਂ ਮੈਂ ਗਿਆ ਤਾਂ ਬੜਾ ਕੰਮ ਕਰਾ ਰਹੇ ਸੀ। ਫੇਰ ਮੇਰੇ ਖਿਆਲ ਆਇਆ ਕਿ ਸੰਤਾਂ ਨੂੰ ਤਾਂ ਬਹੁਤ ਕੰਮ ਹੈ, ਕਈ ਗੱਲਾਂ ਮੇਰੇ ਮਨ ਵਿਚ ਆਈਆਂ ਕਿ ਅਸੀਂ ਛੇਤੀ ਭੇਜ ਦਿਆ ਕਰਾਂਗੇ ਪਰ ਫੇਰ ਛੇਤੀ ਭੇਜਣ ਨੂੰ ਮੇਰਾ ਜੀਅ ਨਹੀਂ ਕਰਦਾ। ਮੈਂ ਕਹਿੰਦਾ ਹਾਂ ਕਿ ਇਹ ਸ਼ੁਸ਼ੋਭਤ ਰਹਿਣ, ਪ੍ਰਤਾਪ ਹੁੰਦਾ ਹੈ ਮਹਾਤਮਾ ਦੇ ਦਰਸ਼ਨਾਂ ਦਾ। ਸਾਡਾ ਵੀ ਭਲਾ ਹੋ ਜਾਏਗਾ। ਸੋ ਹੁਣ ਮੈਂ ਬੇਨਤੀ ਜਿਹੜੀ ਕੱਲ੍ਹ ਕਰਦਾ ਸੀ ਉਹ ਬਹੁਤ ਪ੍ਰੇਮੀਆਂ ਨੇ ਬੜੇ ਧਿਆਨ ਨਾਲ ਸਰਵਣ ਕਰੀ। ਉਹ ਸੀ ਪ੍ਰਮੇਸ਼ਰ ਦੇ ਨਾਮ ਬਾਰੇ ਕਿ ਸੰਸਾਰ ਨੂੰ ਨਹੀਂ ਪਤਾ ਕਿ –

***ਨਾਮ ਕੀ ਮਹਿਮਾ ਸੰਤ ਰਿਦ ਵਸੈ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥***
***ਸੰਤ ਕਾ ਸੰਗੁ ਵਡਭਾਗੀ ਪਾਈਐ॥***
***ਸੰਤ ਕੀ ਸੇਵਾ ਨਾਮੁ ਧਿਆਈਐ॥***
***ਨਾਮ ਤੁਲਿ ਕਛੁ ਅਵਰੁ ਨ ਹੋਇ॥***
***ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ਪੰਨਾ – 265***

ਹੁਣ ਸਾਡਾ ਜੀਵਨ, ਕਿਸ ਤਰੀਕੇ ਦੇ ਨਾਲ ਅਸੀਂ ਪਾਰ ਲੰਘ ਸਕਦੇ ਹਾਂ। ਦਿਨ ਸਾਡੇ ਕੋਲ 4 ਨੇ, ਵਿਸ਼ਾ ਸਾਡੇ ਕੋਲ ਪੂਰੀ ਜ਼ਿੰਦਗੀ ਦਾ ਹੈ। ਇਕ ਜਗਿਆਸੂ ਨੂੰ ਚੁੱਕ ਕੇ ਪ੍ਰਮੇਸ਼ਰ ਤੱਕ ਪਹੁੰਚਾਉਣਾ ਹੈ – 4 ਦਿਨਾਂ ਦੇ ਅੰਦਰ ਅੰਦਰ। ਇਨ੍ਹਾਂ ਨੇ ਵੀ ਬਚਨ ਸੁਣਾਉਣੇ ਨੇ, ਮੈਨੂੰ ਵੀ ਮਹਾਰਾਜ ਪ੍ਰੇਰਨਾ ਕਰਨਗੇ ਜਿਥੋਂ ਤੱਕ ਹੋ ਸਕੇਗਾ, ਜਿਥੇ ਤੱਕ ਅਸੀਂ ਗੱਲ ਕਰਾਂਗੇ ਠੀਕ ਹੈ। ਸੋ ਇਸ ਦੇ ਵਾਸਤੇ ਸੁਖਾਲਾ ਰਾਹ ਕਿਹੜਾ ਹੈ? ਅਸੀਂ ਗ੍ਰਿਹਸਤੀ ਕਿਵੇਂ ਲੰਘ ਸਕਦੇ ਹਾਂ? ਕਿਉਂਕਿ ਮਹਾਰਾਜ ਦੀ ਸਿਧਾਂ ਦੇ ਨਾਲ ਬੜੀ ਲੰਮੀ ਚੌੜੀ ਵਾਰਤਾ ਹੋਈ, ਜਿਹੜੀ ਸਿਧ ਗੋਸਟਿ ਵਿਚ ਹੈ। ਸਿਧ ਗੋਸਟਿ ਬਾਣੀ ਜਿਸ ਨੂੰ ਸਮਝ ਆ ਗਈ ਉਹ ਰੂਹਾਨੀਅਤ ਦੀ ਬੜੀ ਉਚੀ ਅਵਸਥਾ ਤੱਕ ਪਹੁੰਚ ਗਿਆ ਕਿਉਂਕਿ ਬਹੁਤ ਉਚੀਆਂ ਬਾਤਾਂ ਨੇ। ਜਿਹੜੇ ਗੋਰਖਨਾਥ ਵਗੈਰਾ ਸੀ ਇਨ੍ਹਾਂ ਦੇ ਮੁਕਾਬਲੇ ਤੇ ਉਸ ਵੇਲੇ ਕੋਈ ਹੈ ਨਹੀਂ ਸੀ। ਉਨ੍ਹਾਂ ਨੇ ਅੰਦਰੋਂ ਪ੍ਰਤੱਖ ਕਰਕੇ ਦੇਖਿਆ ਹੋਇਆ ਸੀ, ਉਥੇ ਦੀ ਗੱਲ ਕਰਦੇ ਸੀ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਸੀ ਕਿ ਇਥੇ ਨਾ ਰੁਕੋ, ਤੁਸੀਂ ਇਸ ਤੋਂ ਅੱਗੇ ਚਲੋ। ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਬੜਾ ਕੁਝ ਕਰਕੇ ਦਿਖਾਇਆ। ਮਹਾਰਾਜ ਕਹਿੰਦੇ ਨਹੀਂ, ਇਹ ਤਾਂ ਤੁਸੀਂ ਰਾਹ ਵਿਚ ਫਸੇ ਹੋਏ ਹੋ।

ਉਹ ਕਹਿਣ ਲੱਗੇ, "ਹੇ ਨਾਨਕ! ਤੂੰ ਆਪਣੇ ਸਿੱਖਾਂ ਨੂੰ ਕਹੀ ਜਾਂਦਾ ਹੈਂ ਕਿ ਤੁਸੀਂ ਗ੍ਰਿਹਸਤ ਵਿਚ ਰਹੋ, ਗ੍ਰਿਹਸਤ ਵਿਚ ਰਹੋ, ਲੋਕਾਂ ਦੇ ਦਰਾਂ ਤੇ ਜਾ ਕੇ ਭਿਖਿਆ ਨਾ ਮੰਗੋ, ਕਮਾਈ ਕਰੋ – ਦਸਾਂ ਨਹੁੰਆਂ ਦੀ, ਨਾਮ ਜਪੋ। ਗ੍ਰਿਹਸਤੀ ਲੰਘ ਕਿਵੇਂ ਸਕਦਾ ਹੈ? ਉਸ ਦੇ ਦੁਆਲੇ ਤਾਂ ਇੰਨੇ ਜੰਜਾਲ ਹੁੰਦੇ ਨੇ।"

***ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥ ਪੰਨਾ – 1385***

'ਪੰਜਾਹ ਸ਼ਿਕਾਰੀ ਇਕ ਪੰਛੀ ਨੂੰ ਫੜਨ ਵਾਸਤੇ ਖੜ੍ਹੇ ਨੇ। ਗ੍ਰਹਿਸਤੀ ਦਾ ਮਨ ਇਕਾਗਰ ਨਹੀਂ ਹੋ ਸਕਦਾ। ਉਹ ਮੋਹ ਵਿਚ ਐਨਾ ਗਲਤਾਨ ਹੋ ਜਾਂਦਾ ਹੈ, ਕਿਤੇ ਕੋਈ ਬੱਚਾ ਬਿਮਾਰ ਹੋ ਜਾਂਦਾ ਹੈ, ਕਦੇ ਕਿਸੇ ਕੁੜਮ ਦਾ ਦਿਹਾਂਤ ਹੋ ਗਿਆ, ਕਦੇ ਕੋਈ ਭਰਾ ਦਾ ਹੋ ਗਿਆ, ਕਦੇ ਕੋਈ ਨੁਕਸ ਆ ਗਿਆ, ਕਦੇ ਕੋਈ ਨੁਕਸ ਗਿਆ। ਉਹ ਤਾਂ ਮੋਹ ਦੇ ਚੱਕਰ ਵਿਚੋਂ ਹੀ ਨਹੀਂ ਨਿਕਲ ਸਕਦਾ। ਜਿਹੋ ਜਿਹਾ 'ਚੱਕਰਵਿਊ' ਸੀ, ਇਹੋ ਜਿਹੇ ਚੱਕਰ ਵਿਚ ਫਸਿਆ ਹੋਇਆ ਗ੍ਰਹਿਸਤੀ ਨਿਕਲ ਕਿਵੇਂ ਜਾਏਗਾ? ਬਿਲਕੁਲ ਨਹੀਂ ਨਿਕਲ ਸਕਦਾ। ਹੇ ਗੁਰੂ ਨਾਨਕ! ਤੂੰ ਤਰਸ ਕਰ, ਤੂੰ ਸਾਡਾ ਮਾਰਗ ਅਪਨਾਅ ਕੇ ਦੇਖ, ਜੋਗੀਆਂ ਵਾਲੇ ਇਸ ਮਾਰਗ ਦਾ ਪ੍ਰਚਾਰ ਕਰ।"

ਮਹਾਰਾਜ ਕਹਿੰਦੇ, "ਗੋਰਖ ਨਾਥ! ਕਲਜੁਗ ਦਾ ਸਮਾਂ ਆ ਗਿਆ। ਆਦਮੀ ਜਿਹੜੇ ਨੇ ਇਨ੍ਹਾਂ ਦਾ ਚਰਿੱਤਰ ਐਨਾ ਪਤਲਾ ਹੋ ਗਿਆ ਕਿ ਸਰੀਰ ਦੀ ਰਕਸ਼ਾ ਵਾਸਤੇ ਜਿਹੜੀਆਂ sensual ਸਰੀਰਕ ਸ਼ਕਤੀਆਂ ਚੀਜ਼ਾਂ ਨੇ ਉਨ੍ਹਾਂ ਤਾਕਤਾਂ ਨੂੰ ਇਹ ਸੰਭਾਲ ਕੇ ਰੱਖ ਨਹੀਂ ਸਕਦਾ। ਜ਼ਾਇਆ ਕਰੀ ਜਾਂਦਾ ਹੈ ਵਿਸ਼ਿਆਂ ਵਿਚ ਪੈ ਕੇ। ਕਾਮ ਵਿਚ ਪੈ ਕੇ ਉਹ ਜਿਹੜੀ vital force (ਜੀਵਨ ਲਈ ਅਤਿ ਜ਼ਰੂਰੀ ਤਾਕਤ) ਹੈ ਉਸ ਨੂੰ ਖਤਮ ਕਰ ਦਿੰਦਾ ਹੈ। ਜੇ ਫੇਰ ਮੈਂ ਇਨ੍ਹਾਂ ਨੂੰ ਪ੍ਰਾਣਾਯਾਮ ਤੇ ਲਾ ਦਿਆਂ, 1000 ਬੰਦਿਆਂ ਵਿਚੋਂ ਸ਼ਾਇਦ ਇਕ ਲੰਘ ਜਾਵੇ ਤਾਂ ਲੰਘ ਜਾਵੇ, 999 ਨੂੰ ਕੋਈ ਹਸਪਤਾਲ ਨਹੀਂ ਜਿਹੜਾ ਸਾਂਭ ਲਏ, ਕਮਲੇ (ਪਾਗਲ) ਹੋ ਜਾਣਗੇ, ਮੈਂ ਕਮਲੇ ਨਹੀਂ ਕਰਨੇ ਗ੍ਰਿਹਸਤੀ। ਅਸੀਂ ਗ੍ਰਿਹਸਤੀਆਂ ਦਾ ਧਰਮ ਦੇਣਾ ਹੈ, ਕਿਰਤ ਕਰਨ ਵਾਲਿਆਂ ਦਾ ਦੇਣਾ ਹੈ। ਨਾਮ ਜਪਣਾ, ਕਿਰਤ ਕਰਨਾ, ਕਿਰਤ ਕਰਕੇ ਫੇਰ ਵੰਡ ਕੇ ਛਕਣਾ। ਨਿਯਮ ਐਸੇ ਬਣਾ ਦੇਣੇ ਨੇ। ਸੋ ਇਹ ਤੁਹਾਡੇ ਵਾਲਾ ਤਪ ਨਹੀਂ ਕਰਵਾਉਣਾ, ਗੁਫਾਵਾਂ ਵਿਚ ਲਿਆ ਕੇ ਨਹੀਂ ਮੈਂ ਆਪਣੇ ਸਿੱਖ ਨੂੰ ਬਿਠਾਉਣਾ, ਬਰਫਾਂ ਵਿਚ ਨਹੀਂ ਬਿਠਾਉਣਾ, ਪੁੱਠੇ ਨਹੀਂ ਲਟਕਣ ਦੇਣਾ, ਭੁੱਖਾ ਨਹੀਂ ਮੈਂ



Sri Satguru Jagjit Singh Ji eLibrary NamdhariElibrary@gmail.com

ਰਹਿਣ ਦੇਣਾ। ਇਹ ਸਭ ਸਾਧਨ ਬਾਹਰਲੇ-ਬਾਹਰਲੇ ਨੇ। ਅਸੀਂ ਐਸਾ ਮਾਰਗ ਦੇਵਾਂਗੇ ਜਿਸ ਦੇ ਨਾਲ ਕਾਰੋਬਾਰ ਕਰਦਾ ਹੋਇਆ, ਬਾਲ-ਬੱਚੇ ਪਾਲਦਾ ਹੋਇਆ, ਸਮਾਜ ਵਿਚ ਰਹਿੰਦਾ ਹੋਇਆ ਨਾਲੇ ਤਾਂ ਸਮਾਜ ਨੂੰ ਸਵਰਗ ਬਣਾ ਦਏਗਾ, ਉਸਦੇ ਵਿਚੋਂ ਬੁਰਿਆਈਆਂ ਕੱਢ ਦਏਗਾ ਤੇ ਨਾਲੇ ਇਹ ਪ੍ਰਮੇਸ਼ਰ ਨੂੰ ਮਿਲ ਜਾਏਗਾ।

ਸੋ ਸਾਧਨ ਬੜਾ ਹੀ ਸੁਖਾਲਾ ਹੈ ਇਥੇ ਸਾਰੇ ਦੁੱਖਾਂ ਦੇ ਖਾਤਮੇ ਵਾਸਤੇ ਪ੍ਰਮੇਸ਼ਰ ਦਾ ਨਾਮ ਹੈ ਤੇ ਛੇਤੀ ਤਰਨ ਵਾਸਤੇ ਪ੍ਰਮੇਸ਼ਰ ਦੀ ਸੇਵਾ, ਸੰਗਤ ਦੀ ਸੇਵਾ, ਗੁਰੂ ਦੀ ਸੇਵਾ, ਸੰਸਾਰ ਦੀ ਸੇਵਾ। ਜਦੋਂ ਨਿਸ਼ਕਾਮ ਹੋਕੇ ਸੇਵਾ ਕਰਦਾ ਹੈ 'ਨਿਹਕਾਮ' ਹੋਕੇ ਸੇਵਾ ਕਰੇਗਾ ਤਾਂ ਵਾਹਿਗੁਰੂ ਨੇ ਇਸ ਨੂੰ ਮਿਲਣਾ ਹੀ ਮਿਲਣਾ ਹੈ ਕਿਉਂਕਿ ਨਾਮ ਦੇ ਵਿਚ ਐਨਾ ਬਲ ਹੈ। ਜਹਾਜ ਦਾ ਇਕ ਫੰਗ (ਖੰਭ) ਤਾਂ ਇਹ ਨਾਮ ਹੋ ਗਿਆ, ਦੂਜਾ ਹੋ ਗਿਆ 'ਸੇਵਾ'।"

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਪੰਨਾ - 286***

ਇਉਂ ਪੜ੍ਹ ਲਓ, ਸਾਰੇ ਪ੍ਰੇਮੀ ਬੋਲਿਆ ਕਰੋ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦਾ -2, 2.***
***ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ -2, 2.***
***ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,.... -2.***

ਬੜਾ ਹੀ ਸੁਖਾਲਾ ਰਾਹ ਹੈ ਨਾਮ ਜਪਣ ਵਾਸਤੇ। ਘਰ ਛੱਡਣ ਦੀ ਲੋੜ ਨਹੀਂ ਹੈ, ਕੋਈ ਕੰਮ ਛੱਡਣ ਦੀ ਲੋੜ ਨਹੀਂ। ਹਲ ਚਲਾਉਣਾ ਹੈ, ਅੰਮ੍ਰਿਤ ਵੇਲੇ ਪਾਣੀ ਲਾਉਣਾ ਹੈ, ਕੋਈ ਬਾਤ ਨਹੀਂ, ਨਾਮ ਉਥੇ ਹੀ ਜਪਿਆ ਜਾ ਸਕਦਾ ਹੈ। ਬਹੁਤ ਹੀ ਸੁਖਾਲਾ ਰਾਹ ਹੈ। ਹੱਥ ਪੈਰ ਤਾਂ ਸਫਲ ਹੁੰਦੇ ਨੇ ਜੇ ਸੇਵਾ ਕਰੇ। ਜੇ ਸੇਵਾ ਨਹੀਂ ਕਰਦਾ, ਮਹਾਰਾਜ ਕਹਿੰਦੇ ਕਿ ਬਿਨਾਂ ਸੇਵਾ ਤੋਂ ਹੱਥ ਤੇ ਪੈਰ ਧ੍ਰਿਕਾਰਯੋਗ ਨੇ। 100 ਵਾਰੀ ਫਿੱਟੇ - ਮੂੰਹ ਕਹੋ, ਇਕ ਵਾਰੀ ਧਿਰਕਾਰਯੋਗ ਕਹਿ ਦਿਓ। ਕਿਉਂ, ਆਦਮੀ ਸੇਵਾ ਦੇ ਨਾਲ ਤਰਦਾ ਹੈ, ਸੇਵਾ ਕਰਕੇ ਹੱਥ ਸਫਲੇ ਹੁੰਦੇ ਨੇ।

ਗੁਰੂ ਦਸਮੇਸ਼ ਪਿਤਾ ਜੀ ਦਾ ਦੀਵਾਨ ਲੱਗਿਆ ਹੋਇਆ ਹੈ, ਗਰਮੀ ਦਾ ਮਹੀਨਾ ਹੈ। ਚੌਰ ਬਰਦਾਰ ਜਿਹੜਾ ਸੀ ਉਹ ਜ਼ਰਾ ਕੁ ਕਿਸੇ ਕੰਮ ਲਈ ਪਾਸੇ ਗਿਆ ਹੋਇਆ ਸੀ ਤੇ ਮਹਾਰਾਜ ਦੇ ਮੁਖਾਰਬਿੰਦ ਤੋਂ ਅਵਾਜ਼ ਆਈ - ਪਾਣੀ, ਜਲ। ਕੋਲ ਇਕ 16-17 ਸਾਲ ਦਾ ਨੌਜਵਾਨ ਬੜਾ ਹੀ ਸੁੰਦਰ ਬੈਠਾ ਸੀ, ਉਸ ਨੇ ਸੁਣ ਲਿਆ। ਉਸਦੇ ਮਨ ਵਿਚ ਆਇਆ ਕਿ ਮੈਂ ਲਿਆਵਾਂ ਪਾਣੀ। ਬਰਤਨ ਪਿਆ ਸੀ ਤੇ ਜਾ ਕੇ ਬਹੁਤ ਸਫਾਈ ਕਰਕੇ ਜਲ ਭਰ ਲਿਆਇਆ ਤੇ ਹਥੇਲੀ ਦੇ ਉਤੇ ਰੱਖ ਲਿਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਗਿਲਾਸ ਨਹੀਂ ਸੀ ਹੁੰਦੇ, ਛੰਨੇ ਜਾਂ ਕਉਲ ਹੁੰਦੇ ਸੀ। ਮਹਾਰਾਜ ਜੀ ਜਦੋਂ ਜਲ ਚੁੱਕਣ ਲੱਗੇ ਤਾਂ ਉਨ੍ਹਾਂ ਦੀ ਨਿਗ੍ਹਾ ਉਸਦੇ ਹੱਥਾਂ ਤੇ ਪਈ ਕਿ ਐਨੇ ਨਰਮ ਹੱਥ। ਜਲ ਚੁੱਕ ਲਿਆ ਤੇ ਸਵਾਲ ਕਰ ਦਿੱਤਾ।

ਕਹਿੰਦੇ, "ਬੇਟਾ! ਤੇਰੇ ਹੱਥ ਬੜੇ ਨਰਮ ਨੇ?"

ਕਹਿੰਦਾ, "ਮਹਾਰਾਜ! ਆਪ ਦੀ ਦਿੱਤੀ ਹੋਈ ਦੌਲਤ ਐਨੀ ਹੈ, ਧੰਨ ਐਨਾ ਹੈ ਕਿ ਮੈਨੂੰ ਕੋਈ ਕੰਮ ਕਰਨ ਦੀ ਲੋੜ ਹੀ ਨਹੀਂ ਪੈਂਦੀ ਕਦੇ ਵੀ।"

ਕਹਿੰਦੇ, "ਦਰੀਆਂ ਝਾੜਦੇ ਹੁੰਦੇ ਹੋ ਸਤਿਸੰਗ ਦੀਆਂ?" ਕਿਉਂਕਿ ਚਰਨ ਧੂੜ ਉਤੇ ਪੈਂਦੀ ਹੈ, ਚਰਨਧੂੜ ਵਿਚ ਬੜੀ ਹੀ ਬਰਕਤ ਹੈ। ਥੋੜ੍ਹੀ ਜਿਹੀ ਬਰਕਤ ਨਹੀਂ ਸਾਧ ਸੰਗਤ ਜੀ! ਇਹ ਐਵੇਂ ਹੀ ਨਹੀਂ ਹੁੰਦੀ ਗਰਦ। ਜੇ ਕੋਈ ਕਹੇ ਗਰਦ ਹੈ, ਬਿਲਕੁਲ ਨਹੀਂ। ਅਸੀਂ ਤਾਂ ਪ੍ਰਤਿਆ-ਪ੍ਰਤਿਆ ਕੇ ਦੇਖਿਆ ਹੋਇਆ ਹੈ ਤੇ ਗੁਰੂ ਮਹਾਰਾਜ ਤਾਂ ਇਸ ਤੋਂ ਵੀ ਵੱਧ ਕਹਿੰਦੇ ਨੇ ਕਿ ਚਰਨਧੂੜ ਦੀ ਕਿੰਨੀ ਪਵਿੱਤਰਤਾ ਹੈ -

***ਗੰਗਾ ਜਮੁਨਾ ਗੋਦਾਵਰੀ ਸਰੁਸਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਪੰਨਾ - 1263***

ਇਹ ਮੁਖੀ ਦੇਵਤੇ ਨੇ ਜਿਨ੍ਹਾਂ ਦਰਿਆਵਾਂ ਦੇ, ਤੀਰਥਾਂ ਦੇ ਅਦਿਸ਼ਠਾਨ ਨੇ ਜਿਹੜੇ ਕਿਉਂ ਆਉਂਦੇ ਨੇ ਇਹ ਸੰਤਾਂ ਕੋਲ ਚਰਨਧੂੜ ਵਾਸਤੇ?

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਪੰਨਾ - 1263***

ਉਹ ਧੂੜੀ ਐਸੀ ਚੀਜ਼ ਹੈ ਕਿ ਰੋਗ ਵੀ ਦੂਰ ਹੋ ਜਾਂਦੇ ਨੇ। ਲੇਖ ਜੇ ਪੁਠੇ ਹੋਣ -

***ਧੂੜੀ ਲੇਖੁ ਮਿਟਾਇਆ................॥***
***ਭਾਈ ਗੁਰਦਾਸ ਜੀ ਦੀ ਵਾਰ 23/3***

ਧੂੜੀ ਲੇਖ ਵੀ ਸਿਧੇ ਕਰ ਦਿੰਦੀ ਹੈ, ਮਿਟ ਜਾਂਦਾ ਹੈ, ਬਗੈਰ ਭੋਗੇ ਤੋਂ ਮਿਟ ਜਾਂਦਾ ਹੈ, ਐਡੀ ਬਰਕਤ, ਆਪੇ ਹੀ ਮਿਲ ਜਾਂਦੀ ਹੈ। ਜਿਹੜੀ ਸੰਗਤ ਹੁਣ ਐਥੇ ਬੈਠੀ ਹੈ, ਇਨ੍ਹਾਂ ਦੇ ਚਿਤ ਵਾਹਿਗੁਰੂ ਨਾਲ ਜੁੜੇ ਹੋਏ ਨੇ, ਵਾਹਿਗੁਰੂ ਜੀ ਦੀ ਜਿਹੜੀ ਸ਼ਕਤੀ ਹੈ, ਜਿਸ ਨੂੰ current (ਧਾਰਾ) ਕਹਿੰਦੇ ਸੀ ਸੰਤ ਹੁਣੇ, ਉਹ ਪ੍ਰਵੇਸ਼ ਕਰੀ ਜਾਂਦੀ ਹੈ ਇਸ ਥਾਂ ਦੇ ਵਿਚ। ਇਹ ਥਾਂ ਪਵਿੱਤਰ ਹੋ ਜਾਂਦਾ ਹੈ -

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***
***ਪੰਨਾ - 319***

ਥਾਨ ਸੁਹਾਵਾ ਹੋ ਜਾਂਦਾ ਹੈ, ਜਿਥੇ ਸੰਗਤ ਦੇ ਚਰਨ ਪੈ ਜਾਣ। ਸੋ ਇਹ ਪਵਿੱਤਰ ਹੋਈਆਂ-ਹੋਈਆਂ ਦਰੀਆਂ ਨੇ, ਜਿਨ੍ਹਾਂ ਉਤੇ ਬੈਠੀ ਹਾ ਸਾਧਸੰਗਤ।

ਮਹਾਰਾਜ ਕਹਿੰਦੇ, "ਫੇਰ ਐਡੀ ਬਰਕਤ ਇਸਦੇ ਵਿਚ ਹੈ ਪ੍ਰੇਮੀਆਂ! ਤੂੰ ਕਦੇ ਦਰੀਆਂ ਵੀ ਨਹੀਂ ਝਾੜੀਆਂ?"

ਕਹਿੰਦਾ, "ਨਹੀਂ।"

ਮਹਾਰਾਜ ਕਹਿੰਦੇ, "ਅੱਛਾ! ਫੇਰ ਕਦੇ ਜੋੜੇ ਸਾਫ ਕਰੇ ਹੋਣ?"

ਕਹਿੰਦਾ, "ਨਹੀਂ ਮਹਾਰਾਜ।"



Sri Satguru Jagjit Singh Ji eLibrary NamdhariElibrary@gmail.com

ਕਹਿੰਦੇ, "ਪੱਖਾ ਝੱਲਿਆ ਹੋਵੇ?"

ਕਹਿੰਦਾ, "ਨਹੀਂ।"

ਕਹਿੰਦੇ, "ਕਦੇ ਪਾਣੀ ਪਿਲਾਇਆ ਹੋਵੇ ਸੰਗਤਾਂ ਨੂੰ।"

ਕਹਿੰਦਾ, "ਨਹੀਂ ਮਹਾਰਾਜ।"

ਕਹਿੰਦੇ, "ਲੰਗਰ ਵਰਤਾਇਆ ਹੋਵੇ?"

ਕਹਿੰਦਾ, "ਨਹੀਂ ਮਹਾਰਾਜ।"

"ਕਦੇ ਬਰਤਨ ਮਾਂਜੇ ਹੋਣ ਸੰਗਤਾਂ ਦੇ।"

ਕਹਿੰਦਾ, "ਨਹੀਂ ਮਹਾਰਾਜ! ਮੇਰਾ ਤਾਂ ਜ਼ਿੰਦਗੀ ਵਿਚ ਪਹਿਲਾ ਦਿਨ ਹੈ ਕਿ ਤੁਹਾਨੂੰ ਜਲ ਛਕਾ ਰਿਹਾ ਹਾਂ।"

ਮਹਾਰਾਜ ਨੇ ਪਿਛੇ ਕਰ ਕੇ ਜਲ ਗਿਰਾ ਦਿੱਤਾ। ਸਾਰੀ ਸੰਗਤ ਨੇ ਦੇਖ ਲਿਆ। ਸਾਰਿਆਂ ਦੇ ਮਨ ਵਿਚ ਸ਼ੰਕਾ ਹੋ ਗਿਆ ਕਿ ਮਹਾਰਾਜ ਨੇ ਜਲ ਪੀਣਾ ਸੀ, ਫੜਿਆ ਤੇ ਡੋਲ੍ਹ ਕਿਉਂ ਦਿੱਤਾ? ਉਸ ਵੇਲੇ ਮਹਾਰਾਜ ਨੇ ਸਾਰਿਆਂ ਦੇ ਮਨ ਦੀ ਜਾਣ ਕੇ ਸ਼ਬਦ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਕਹਿੰਦੇ, "ਪ੍ਰੇਮੀਓਂ! ਕੀ ਸ਼ੰਕਾ ਤੁਹਾਡੇ ਮਨਾਂ ਵਿਚ ਆ ਗਿਆ?"

"ਮਹਾਰਾਜ! ਸ਼ੰਕਾ ਇਹ ਆ ਗਿਆ ਕਿ ਆਪਨੇ ਪਾਣੀ ਮੰਗਾਇਆ, ਫੇਰ ਪੀਤਾ ਕਿਉਂ ਨਹੀਂ?"

ਮਹਾਰਾਜ ਕਹਿੰਦੇ, "ਤੁਸੀਂ ਦੱਸੋ ਪਹਿਲਾਂ, ਮੁਰਦੇ ਨਾਲ ਛੂਹਿਆ ਹੋਇਆ ਪਾਣੀ ਪੀ ਸਕਦੇ ਹੋ?"

ਕਹਿੰਦੇ, "ਮਹਾਰਾਜ! ਮੁਰਦੇ ਨਾਲ ਛੋਹਿਆ? ਉਹ ਤਾਂ ਜਿਹੜੇ ਬਸਤ੍ਰ (ਕੱਪੜੇ) ਪਾ ਕੇ ਅਸੀਂ ਜਾਂਦੇ ਹਾਂ ਜਦੋਂ ਤੱਕ ਪੰਜ ਇਸ਼ਨਾਨਾਂ ਨਹੀਂ ਕਰ ਲੈਂਦੇ ਜਾਂ ਇਸ਼ਨਾਨ ਨਹੀਂ ਕਰ ਲੈਂਦੇ, ਮੂੰਹ ਵਿਚ ਕੁਝ ਵੀ ਨਹੀਂ ਪਾਈਦਾ। ਹੁਣ ਤਾਂ ਕਲਜੁਗ ਆ ਗਿਆ, ਪਹਿਲਾਂ ਮਰਿਯਾਦਾ ਰੱਖਦੇ ਸੀ, ਜਾ ਕੇ ਬਸਤਰ ਤੇ ਵੀ ਛਿਟੇ ਪਾਉਂਦੇ ਹੁੰਦੇ, ਕੋਈ ਪਾਣੀ ਪਾਉਂਦਾ। ਕਹਿੰਦੇ ਉਹ ਤਾਂ ਐਨਾ ਮਹਾਂ ਅਪਵਿੱਤਰ ਹੋ ਜਾਂਦਾ ਹੈ ਕਿ ਖਾਣੇ ਪੀਣੇ ਦਾ ਕੋਈ ਸਵਾਲ ਹੀ ਨਹੀਂ ਹੈ।"

ਕਹਿੰਦੇ, "ਫੇਰ ਮੈਂ ਕਿਵੇਂ ਛਕ ਲੈਂਦਾ?"

ਕਹਿੰਦੇ, "ਮਹਾਰਾਜ! ਇਹ ਤਾਂ ਅਮੀਰ ਦਾ ਬੱਚਾ ਹੈ, ਬੜਾ ਚੰਗਾ ਹੈ ਤੇ ਇਹ ਤਾਂ ਮੁਰਦਾ ਨਹੀਂ ਹੈ।"

ਮਹਾਰਾਜ ਕਹਿੰਦੇ, "ਤੁਹਾਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਨਹੀਂ ਯਾਦ? ਮਹਾਰਾਜ ਫੁਰਮਾਨ ਕਰਦੇ ਹਨ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥*** ***ਪੰਨਾ – 142***

ਜਿਸ ਦੇ ਮਨ ਵਿਚ ਵਾਹਿਗੁਰੂ ਦੇ ਨਾਮ ਦਾ ਵਾਸਾ ਹੋ ਗਿਆ ਉਹ ਤਾਂ ਹੈ ਜੀਉਂਦਾ, ਬਾਕੀ ਤਾਂ ਮੁਰਦੇ ਹੁੰਦੇ ਨੇ।"

ਦੋ ਤਰ੍ਹਾਂ ਦੇ ਮੁਰਦੇ ਨੇ। ਇਕ ਤਾਂ ਮੁਰਦੇ ਉਹ ਨੇ ਜਿਨ੍ਹਾਂ ਦੇ ਵਿਚੋਂ ਚੇਤਨ ਕਲਾ ਨਿਕਲ ਜਾਂਦੀ ਹੈ, ਉਹ ਸਰੀਰ ਗਲ ਜਾਂਦਾ ਹੈ, ਉਸ ਦਾ ਅਸੀਂ ਸਸਕਾਰ ਕਰ ਦਿੰਦੇ ਹਾਂ, ਦੱਬ ਦਿੰਦੇ ਹਾਂ, ਪਾਣੀ ਵਿਚ ਰੋੜ੍ਹ ਦਿੰਦੇ ਹਾਂ, ਬੇਅੰਤ ਤਰੀਕੇ ਨੇ। ਇਕ ਮੁਰਦਾ ਉਹ ਹੈ, ਦੇਖਣ ਨੂੰ ਤੁਰਦਾ-ਫਿਰਦਾ, ਖਾਂਦਾ ਪੀਂਦਾ, ਸੋਹਣਾ ਲਗਦਾ ਹੈ, ਗੱਲਾਂ ਕਰਦਾ ਹੈ, ਸਭ ਕੁਝ ਕਰਦਾ ਹੈ।

ਹੁਣ ਆਪਾਂ ਵਿਚਾਰ ਕਰੋ ਦੁਕਾਨ ਦੇ ਉਤੇ ਬੈਟਰੀ ਪਈ ਹੁੰਦੀ ਹੈ, ਟਰੈਕਟਰ ਵਾਸਤੇ ਬੈਟਰੀ ਚਾਹੀਦੀ ਹੈ। ਬੈਟਰੀ ਖਰੀਦ ਲਈ। ਉਹ ਕਹਿੰਦਾ ਮੈਂ ਰੱਖ ਲਵਾਂ ਟਰੈਕਟਰ ਵਿਚ? ਕਹਿੰਦਾ ਇਹ ਤਾਂ dead (ਮੁਰਦਾ) ਹੈ ਅਜੇ। ਕਹਿੰਦਾ ਇਹ ਤਾਂ ਬਣੀ ਹੋਈ ਹੈ। ਕਹਿੰਦਾ ਬਣੀ ਤਾਂ ਹੋਈ ਹੈ ਪਰ ਇਸ ਦੇ ਵਿਚ current (ਧਾਰਾ) ਨਹੀਂ ਹੈ, ਇਸ ਨੂੰ charge ਚਾਰਜ ਕਰਨਾ ਪੈਣਾ ਹੈ। charge ਕਰੇ ਬਿਨਾਂ current ਨਹੀਂ ਹੁੰਦੀ। ਖਾਲੀ ਬੈਟਰੀ ਨਾ ਕਾਰ ਚਲਾ ਸਕੇ, ਨਾ ਰੋਸ਼ਨੀ ਦੇ ਸਕੇ, ਕੋਈ ਕੰਮ ਵੀ ਨਹੀਂ ਕਰ ਸਕਦੀ।

ਮਹਾਰਾਜ ਕਹਿੰਦੇ, "ਜਿਸ ਦੇ ਵਿਚ ਪ੍ਰਮੇਸ਼ਰ ਦਾ ਪਿਆਰ ਨਹੀਂ ਹੈ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ – 254***

ਉਹ ਤਾਂ ਮੁਰਦਾ ਹੁੰਦਾ ਹੈ – ਸਾਧ ਸੰਗਤ ਜੀ! ਨਾ ਤਾਂ ਇਸ ਨੇ ਕਦੇ ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਨਾ ਕਦੇ ਗੁਰੂ ਪਿਆਰਿਆਂ ਦੀ, ਸੰਗਤਾਂ ਦੀ ਇਸ ਨੇ ਸੇਵਾ ਕਰੀ ਹੈ ਕਿਉਂਕਿ ਗੁਰੂ, ਸੰਗਤਾਂ ਵਿਚ ਵਸਦਾ ਹੈ। ਐਸਾ ਵੀ ਫੁਰਮਾਨ ਆਉਂਦਾ ਹੈ – ਸ਼ਾਸ਼ਤਰਾਂ ਦੇ ਵਿਚ ਕਿ ਜਿਥੇ ਸਤਿਸੰਗ ਹੁੰਦਾ ਹੈ, ਜਿਸ ਥਾਂ ਦੇ ਉਤੇ ਕੀਰਤਨ ਹੁੰਦਾ ਹੈ ਉਥੇ ਸਾਰੇ ਦੇਵਤੇ ਆ ਕੇ ਆਸਣ ਲਾ ਕੇ ਬਹਿ ਜਾਂਦੇ ਨੇ–

***ਹਰਿ ਕੀ ਕਥਾ ਹੋਤ ਹੈ ਜਹਾਂ॥***
***ਗੰਗਾ ਵੀ ਚਲ ਆਵਤ ਤਹਾਂ॥***

ਗੰਗਾ ਦਾ ਮਹਾਤਮ ਹੁੰਦਾ ਹੈ ਉਥੇ। ਇਕ ਵਾਰੀ ਮੈਂ ਐਸਾ ਬਚਨ ਕਰ ਰਿਹਾ ਸੀ। ਰਤਨਗੜ੍ਹ ਪਿੰਡ ਹੈ ਮੋਰਿੰਡੇ ਕੋਲ। ਮੇਰੇ ਮੂੰਹੋਂ ਨਿਕਲ ਗਿਆ, ਮੈਂ ਕਿਹਾ, ਇਥੇ ਸਾਰੇ ਦੇਵਤੇ ਬੈਠੇ ਨੇ, ਮੰਗੋ ਜਿਸ ਨੇ ਮੰਗਣਾ ਹੈ, ਜਿਹੜਾ ਕੁਝ ਉਨ੍ਹਾਂ ਕੋਲ ਹੈ ਉਹ ਮਿਲ ਜਾਏਗਾ ਤੁਹਾਨੂੰ। ਇਕ ਮਾਈ ਆ ਗਈ ਮਹੀਨੇ ਬਾਅਦ, ਰੁਮਾਲਾ ਲਿਆ ਹੋਇਆ, 50/- ਰੁਪਏ ਮੱਥਾ ਟੇਕਿਆ। ਮੈਂ ਕਿਹਾ, "ਮਾਤਾ! ਕੀ ਗੱਲ ਹੈ?"

ਕਹਿਣ ਲੱਗੀ, "ਰਤਨਗੜ੍ਹ ਦੀਵਾਨ ਲੱਗੇ ਹੋਏ ਸੀ ਆਪ ਦੇ?"

ਮੈਂ ਕਿਹਾ, "ਹਾਂ।"



Sri Satguru Jagjit Singh Ji eLibrary NamdhariElibrary@gmail.com

ਕਹਿੰਦੀ, "ਤੁਸੀਂ ਕਿਹਾ ਕਿ ਇਥੇ ਸਾਰੀਆਂ ਸ਼ਕਤੀਆਂ ਬੈਠੀਆਂ ਨੇ ਦੀਵਾਨ ਵਿਚ, ਵਿਸ਼ਨੂੰ ਜੀ ਵੀ ਬੈਠੇ ਨੇ।"

***ਕਹੁ ਕਬੀਰ ਇਹ ਕਹੀਐ ਕਾਹਿ॥***
***ਸਾਧਸੰਗਤਿ ਬੈਕੁੰਠੈ ਆਹਿ॥ ਪੰਨਾ - 325***

ਜਿਥੇ ਬੈਕੁੰਠ ਹੈ, ਉਥੇ ਬੈਕੁੰਠ ਪਤੀ ਨੇ ਆਉਣਾ ਹੈ, ਬੈਕੁੰਠ ਪਤੀ ਆਇਆ, ਨਾਲ ਲਛਮੀ ਨੇ ਵੀ ਆਉਣਾ ਹੈ। ਮੰਗ ਲਓ ਜਿਹੜਾ ਕੁਝ ਮੰਗਣਾ ਹੈ. ਸਤਿਸੰਗ ਵਿਚ ਮਿਲ ਜਾਇਆ ਕਰਦਾ ਹੈ।

ਕਹਿੰਦੀ, "ਆਹ ਤੁਸੀਂ ਕਰਿਆ ਬਚਨ। ਮੈਂ ਕਿਹਾ ਕਿ ਮੇਰਾ ਤਾਂ ਦਮਾ ਹਟ ਜਾਵੇ, ਮੈਨੂੰ ਤਾਂ ਬਚਪਨ ਤੋਂ ਹੀ ਜੰਮਦੀ ਨੂੰ ਹੀ ਦਮਾ ਸੀ, ਮੈਂ ਬੜੀ ਦੁਖੀ ਸੀ, ਕੋਈ ਇਲਾਜ ਨਹੀਂ ਸੀ ਹੁੰਦਾ।"

ਮੈਂ ਕਿਹਾ, "ਫੇਰ ਕੀ ਹੋਇਆ?"

ਕਹਿੰਦੀ, "ਮੁੜ ਕੇ ਹੋਇਆ ਹੀ ਨਹੀਂ।"

ਇਹ ਐਵੇਂ ਹੀ ਨਹੀਂ ਗੱਲਾਂ ਸੰਤ ਕਰਦੇ ਹੁੰਦੇ, ਉਹ ਦੇਖ ਕੇ ਕਰਦੇ ਨੇ, ਆਪਣੇ ਆਪ ਨੂੰ ਵੀ ਮਨਾਉਂਦੇ ਨੇ ਤੇ ਫੇਰ ਨਿਸ਼ਚੇਪੂਰਵਕ ਗੱਲ ਕਰਦੇ ਨੇ।

ਮਹਾਰਾਜ ਕਹਿਣ ਲੱਗੇ, "ਪ੍ਰੇਮੀਓ! ਇਸ ਪ੍ਰੇਮੀ ਨੇ ਨਾ ਕਦੇ ਦਰੀਆਂ ਝਾੜੀਆਂ, ਨਾ ਕਦੇ ਪੱਖਾ ਝੱਲਿਆ, ਨਾ ਕਦੇ ਪਾਣੀ ਭਰਿਆ, ਇਹ ਜੀਉਂਦਿਆਂ ਵਿਚ ਨਹੀਂ ਹੈ। ਜੀਉਂਦੇ ਉਹ ਹੁੰਦੇ ਹਨ ਜਿਨ੍ਹਾਂ ਦੇ ਅੰਦਰ ਨਾਮ ਦੀ current (ਧਾਰਾ) ਪਿਆਰ ਦੀ current (ਧਾਰਾ) ਹੋਵੇ।

ਜਿਸ ਅੰਦਰ ਪਿਆਰ ਨਹੀਂ, ਸੇਵਾ ਨਹੀਂ, ਉਹ ਮੁਰਦਾ ਹੋਇਆ ਕਰਦਾ ਹੈ, ਸੋ ਮੈਂ ਮੁਰਦੇ ਦੇ ਹੱਥ ਦਾ ਪਾਣੀ ਕਿਵੇਂ ਪੀ ਲੈਂਦਾ?"

ਸਾਰੀ ਸੰਗਤ ਨੂੰ ਪਤਾ ਲੱਗ ਗਿਆ ਕਿ ਸੇਵਾ ਦਾ ਤਾਂ ਬਹੁਤ ਵੱਡਾ ਮਹਾਤਮ ਹੈ। ਮਹਾਰਾਜ ਕਹਿੰਦੇ -

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਪੰਨਾ - 286***

ਸੇਵਾ ਕਰਨ ਦੀ ਵਿਧੀ ਹੁੰਦੀ ਹੈ, ਵਿਧੀ ਤੋਂ ਬਗੈਰ ਜਿਹੜੀ ਸੇਵਾ ਹੈ ਉਹ ਸਫਲ ਨਹੀਂ ਹੋਇਆ ਕਰਦੀ ਅਧੂਰੀ ਰਹਿ ਜਾਂਦੀ ਹੈ। ਜੇ ਨਾ ਢੰਗ ਹੋਵੇ, ਸੇਵਾ ਕਰਨ ਦਾ -

***ਮਤਿ ਥੋੜੀ ਸੇਵ ਗਵਾਈਐ॥ ਪੰਨਾ - 468***

ਸੇਵਾ ਤਾਂ ਕਰ ਦਿੱਤੀ, ਰੌਲਾ ਪਾਉਂਦਾ ਫਿਰਦੈ ਕਿ ਜੇ ਮੈਂ ਨਾ ਹੁੰਦਾ ਤਾਂ ਕਦੇ ਵੀ ਨਹੀਂ ਸੀ ਇਹ ਕੰਮ ਹੋਣਾ, ਮੈਂ ਹੀ ਕਰਿਆ ਹੈ। ਤੈਨੂੰ ਬਲ ਕਿਸ ਨੇ ਦਿੱਤਾ ਹੈ?

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥ ਪੰਨਾ - 277***

ਇਹ ਤਾਂ ਨਹੀਂ ਕਹਿੰਦਾ ਕਿ ਗੁਰੂ ਸਾਹਿਬ ਨੇ ਮੈਥੋਂ ਸੇਵਾ ਕਰਾ ਲਈ, ਗੁਰੂ ਸਾਹਿਬ ਨੇ ਮੇਰੀ ਮਾਇਆ ਸਫਲ ਕਰਾ ਲਈ, ਉਹ 'ਮੈਂ' ਵਿਚ ਆ ਜਾਂਦੀ ਹੈ। ਮਹਾਰਾਜ ਕਹਿੰਦੇ, ਹਉਮੈਂ ਵਿਚ ਕੀਤੀ ਹੋਈ ਸੇਵਾ ਨਹੀਂ ਸਫਲ ਹੋਇਆ ਕਰਦੀ। ਉਸ ਦਾ ਫਲ ਨਹੀਂ ਮਿਲਿਆ ਕਰਦਾ। ਕਿਉਂ, ਉਸ ਨੇ ਆਪ ਹੀ ਕੱਟ ਦਿੱਤਾ ਉਸ ਦਾ ਫਲ, ਦਰਖਤ ਹੀ ਵੱਢ ਦਿੱਤਾ ਜਿਸ ਨੂੰ ਫਲ ਲੱਗਣਾ ਸੀ। ਸੋ ਮਹਾਰਾਜ ਕਹਿੰਦੇ -

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26***

ਸੋ ਸਾਡਾ ਜੋ ਸਿਧਾਂਤ ਹੈ ਨਾਮ ਜਪਣਾ, ਨਾਮ ਜੱਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ -2, 2.***
***ਪਿਆਰਿਆ, ਇਕੋ ਨਾਮ ਵਾਹਿਗੁਰੂ ਦਾ -2, 2.***
***ਤੇਰਾ ਸਾਰਿਆਂ ਦੁਖਾਂ ਦੀ ਹੈ ਦਾਰੂ,.... -2, 2.***

ਹੁਣ ਪਤਾ ਲਗ ਗਿਆ ਕਿ ਨਾਮ ਹੀ ਸਾਰੇ ਦੁਖਾਂ ਦੀ ਦਾਰੂ ਹੈ ਪਰ ਨਾਮ ਜਪਣਾ ਕਿਵੇਂ ਹੈ? ਇਸ ਦੀ ਵੀ ਇਕ ਵਿਧੀ ਹੈ। ਨਾਮ ਦਾ ਵਿਧੀ ਵਿਧਾਨ ਕੀ ਹੈ?

ਸਾਨੂੰ ਕੋਈ ਦੱਸਣ ਵਾਲਾ ਨਹੀਂ ਮਿਲਿਆ -

***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਪੰਨਾ - 259***

ਜਦੋਂ ਤੱਕ ਕੋਈ ਸਮਰੱਥ ਮੁਰਸ਼ਦ-ਏ-ਕਾਮਲ ਨਹੀਂ ਮਿਲਦਾ, ਉਸ ਵਿਧੀ ਦਾ ਨਹੀਂ ਪਤਾ ਲਗਦਾ ਕਿ ਕਿਹੜੀ ਵਿਧੀ ਨਾਲ ਨਾਮ ਜਪੀਏ। ਇਸੇ ਕਰਕੇ ਮਹਾਰਾਜ ਪੂਰੇ ਮੁਰਸ਼ਦ ਨੇ, ਉਹ ਕਹਿੰਦੇ ਜਾਹ ਮੇਰੇ ਸੰਤਾਂ ਕੋਲ, ਮੇਰਾ ਤੇ ਉਨ੍ਹਾਂ ਦਾ ਫਰਕ ਨਹੀਂ ਹੈ ਕੋਈ। ਜਿੰਨੀ ਸ਼ਰਧਾ ਰਖੇਂਗਾ, ਉਨਾ ਤੇਰਾ ਕੰਮ ਬਣ ਜਾਏਗਾ। ਜੇ ਤੂੰ ਗਣਤ ਰਖੇਂਗਾ ਉਨ੍ਹਾਂ ਨਾਲ, ਫੇਰ ਨਹੀਂ ਤੇਰਾ ਕੰਮ ਬਣਨਾ। ਉਹ ਕਹਿੰਦੇ ਕਿ ਉਨ੍ਹਾਂ ਨੂੰ ਵਿਧੀ ਦਾ ਪਤਾ ਹੁੰਦਾ ਹੈ -

***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥ ਪੰਨਾ - 259***

ਕੋਈ ਦੁਖ ਵੀ ਨਹੀਂ ਲੱਗਿਆ ਕਰਦਾ। ਵੱਡੇ-ਵੱਡੇ ਦੇਖੇ ਨੇ, ਕਿੰਨੇ ਹੀ ਵਿਘਨ ਹੋਣ, ਕਿੰਨੀਆਂ ਹੀ ਔਕੜਾਂ ਹੋਣ, ਸਾਰੇ ਦੇ ਸਾਰੇ ਨਾਮ ਨੇ ਖਤਮ ਕਰਨੇ ਹਨ। ਹੁਣ ਨਾਮ ਮਿਲੇ ਕਿਥੋਂ? ਗੁਰੂ ਘਰ ਦੇ ਅੰਦਰ ਮਰਿਆਦਾ ਬਣਾ ਦਿੱਤੀ ਗੁਰੂ ਪਾਤਸ਼ਾਹ ਨੇ। ਉਹ ਇਹ ਹੈ ਕਿ ਸਾਨੂੰ ਪਹਿਲਾਂ ਪ੍ਰਤਿਗਿਆ ਲੈਣੀ ਪੈਂਦੀ ਹੈ, ਗੁਰੂ ਦੇ ਬਣਨਾ ਪੈਂਦਾ ਹੈ। ਈਸਾਈਆਂ ਦੇ ਵੀ ਹੈ, ਇਸਲਾਮ ਵਾਲਿਆਂ ਦੇ ਵੀ ਹੈ, ਹਿੰਦੂਆਂ ਦੇ, ਬੋਧੀਆਂ ਦੇ, ਜੈਨੀਆਂ ਦੇ ਸਭ ਦੇ ਹੈ। ਸਾਰਿਆਂ



Sri Satguru Jagjit Singh Ji eLibrary NamdhariElibrary@gmail.com

ਦੀ ਹੀ ਆਪਣੀ-ਆਪਣੀ ਮਰਿਆਦਾ ਹੈ। ਉਹ ਪਹਿਲਾਂ ਪੂਰੀ ਕਰਦੇ ਨੇ, ਉਸ ਤੋਂ ਬਾਅਦ ਮੰਤਰ ਦਿੰਦੇ ਨੇ। ਉਹ ਜਿਹੜਾ ਮੰਤਰ ਦਿੰਦੇ ਨੇ ਉਸ ਦਾ ਫੇਰ ਤਰੀਕੇ ਦੇ ਨਾਲ ਜਾਪ ਕਰਕੇ ਮਥ-ਮਥ ਕੇ ਜਿਵੇਂ ਤੱਤ ਕੱਢੀਦਾ ਹੈ। ਲੱਕੜ ਵਿਚ ਅੱਗ ਹੁੰਦੀ ਹੈ, ਬਾਂਸ ਵਿਚ ਅੱਗ ਹੁੰਦੀ ਹੈ, ਢੰਗ ਦੇ ਨਾਲ ਵਿਚੋਂ ਅੱਗ ਨਿਕਲ ਆਉਂਦੀ ਹੈ। ਇਵੇਂ ਜਿਵੇਂ ਇਸ ਸਰੀਰ ਦੇ ਵਿਚ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਦ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293***

ਮੰਤਰ ਨਾਮ ਤੱਕ ਪਹੁੰਚਾਉਂਦਾ ਹੈ ਜਿਸ ਨੂੰ ਗੁਰ ਮੰਤਰ ਕਹਿੰਦੇ ਹਾਂ। ਗੁਰ ਮੰਤਰ ਨੇ ਨਾਮ ਤੱਕ ਕਿਵੇਂ ਪਹੁੰਚਾਉਣਾ ਹੈ? ਇਸ ਦੇ ਛੋਟੇ ਛੋਟੇ, ਨੇੜੇ-ਨੇੜੇ ਦੇ, ਜਿਸ ਦੇ ਨਾਲ ਲੰਮਾ ਚੱਕਰ ਨਾ ਪਵੇ, ਸੰਤਾਂ ਕੋਲ ਢੰਗ, ਜੁਗਤੀਆਂ ਹੁੰਦੀਆਂ ਹਨ, ਸੰਤਾਂ ਦੀ ਇਹੀ ਸੇਵਾ ਲੱਗੀ ਹੁੰਦੀ ਹੈ।

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1374***

ਉਤੋਂ ਦਰਗਾਹ 'ਚੋਂ ਹੁੰਦਾ ਹੈ, ਫੇਰ ਉਸ ਦੀ ਪਵਿੱਤਰਤਾ ਕਿੰਨੀ ਗਿਣੀ ਗਈ ਹੈ? ਗੁਰੂ ਘਰ ਵਿਚ ਮਹਾਰਾਜ ਕਹਿੰਦੇ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

ਸੋ ਉਹ ਨਾਮ ਜਿਹੜਾ ਹੈ ਪੂਰੇ ਸਤਿਗੁਰ ਦੀ ਮਿਹਰ ਤੋਂ ਬਗੈਰ ਨਹੀਂ ਮਿਲਿਆ ਕਰਦਾ। ਗੁਰੂ ਕੋਲ ਨਾਮ ਹੀ ਹੁੰਦਾ ਹੈ।

***ਨਾਨਕ ਕੈ ਘਰਿ ਕੇਵਲ ਨਾਮੁ॥ ਪੰਨਾ - 1136***

ਉਸ ਦੀ ਸੇਵਾ ਦੇ ਵਿਚ ਲੱਗਿਆਂ ਹੋਇਆਂ ਨਾਮ ਮਿਲਦਾ ਹੈ, ਨਾਮ ਕਿਉਂਕਿ ਜਾਇਦਾਦ ਹੈ, ਉਸ ਦੀ ਹੀ ਹੈ ਪਰ ਸਾਡੇ ਅੰਦਰ, ਲੇਕਿਨ ਹੱਥ ਵਿਚ ਉਸ ਦੇ ਹੈ। ਹਰ ਬੰਦੇ ਦੀ ਅਮਾਨਤ ਕਿਤੇ ਨਾ ਕਿਤੇ ਪਈ ਹੁੰਦੀ ਹੈ - ਕਿਸੇ ਮਹਾਤਮਾ ਕੋਲ। ਕਿਸੇ ਦੀ ਕਿਸੇ ਕੋਲ ਹੁੰਦੀ ਹੈ। ਪਹਿਲਿਆਂ ਜਨਮਾਂ ਵਿਚ ਤਪ ਕਰਦੇ, ਨਾਮ ਜਪਦੇ ਆਉਂਦੇ ਨੇ, ਪੂਰੇ ਹੁੰਦੇ ਨਹੀਂ ਹਨ, ਅਧੂਰੇ ਰਹਿ ਜਾਂਦੇ ਨੇ। ਅਕਾਲ ਪੁਰਖ ਲਿਖ ਦਿੰਦੇ ਹਨ ਕਿ ਤੇਰੀ ਅਮਾਨਤ ਫਲਾਣੇ ਮਹਾਤਮਾ ਕੋਲ ਹੈ ਉਥੋਂ ਹੀ ਮਿਲੇਗੀ। ਸੰਤ ਦੱਸ ਦਿੰਦੇ ਨੇ ਕਿ ਤੂੰ ਭਾਈ! ਮੇਰੇ ਕੋਲ ਨਾ ਆ, ਤੇਰਾ ਤਾਂ ਖਜ਼ਾਨਾ ਫਲਾਣੇ ਮਹਾਤਮਾ ਕੋਲ ਪਿਆ ਹੈ। ਉਥੋਂ ਜਾ ਕੇ ਲੈ ਲੈ, ਉਹ ਤੇਰਾ ਇੰਤਜ਼ਾਰ ਕਰਦੇ ਹਨ।

ਜਦੋਂ ਸੰਤ ਮਹਾਰਾਜ ਜੀ ਦਸਵੀਂ ਜਮਾਤ ਵਿਚ ਇਮਤਿਹਾਨਾਂ ਤੋਂ ਪਹਿਲਾਂ ਇਥੇ ਆਏ ਰੇਰੂ ਸਾਹਿਬ, ਉਨ੍ਹਾਂ ਮਹਾਂਪੁਰਸ਼ਾਂ ਨੇ ਕਦੇ ਕਿਸੇ ਨੂੰ ਇਹੋ ਜਿਹੇ ਬਚਨ ਨਹੀਂ ਕਹੇ। ਜਦੋਂ ਇਹ ਸਾਹਮਣੇ ਆਏ ਤਾਂ ਇਨ੍ਹਾਂ ਦੇ ਸਕੂਲ ਵਾਲੀ ਵਰਦੀ ਸੀ, ਰੇਸ਼ਮੀ ਕੱਪੜੇ ਪਹਿਨੇ ਹੋਏ ਸੀ, ਸਿਰ ਤੇ ਚੀਰਾ ਬੰਨ੍ਹਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਪਟਿਆਲੇ ਵਿਚ ਚੀਰੇ ਰੰਗੇ ਜਾਂਦੇ ਸੀ, ਆਮ ਹੀ ਲੋਕ ਪਹਿਨਦੇ ਸੀ। ਜਦੋਂ ਇਨ੍ਹਾਂ ਨੇ ਨਮਸ਼ਕਾਰ ਕਰੀ ਤਾਂ ਉਨ੍ਹਾਂ ਨੇ ਦੇਖਿਆ ਇਨ੍ਹਾਂ ਨੂੰ, ਮਹਾਰਾਜ ਜੀ ਨੂੰ।

ਕਹਿਣ ਲੱਗੇ, "ਆ ਗਿਆ? ਅਸੀਂ ਤਾਂ ਤੇਰੀ ਤਲਾਸ਼ ਕਰ ਰਹੇ ਸੀ। ਚੰਗਾ ਹੋਇਆ ਤੂੰ ਆ ਗਿਆ। ਤੇਰੀ ਅਮਾਨਤ ਸਾਡੇ ਕੋਲ ਪਈ ਹੈ।" ਫੇਰ ਅਮਾਨਤ ਲੈ ਲਈ ਨਾ, ਲੇਕਿਨ ਲੈਣ ਵਾਸਤੇ ਬਹੁਤ ਜਦੋ ਜਹਿਦ ਕਰਨੀ ਪਈ। ਇਉਂ ਨਹੀਂ ਸੰਤ ਫੜਾਉਂਦੇ ਕਿ ਆਇਆ, ਤੇ ਫੜਾ ਦਿੱਤੀ। ਉਹ ਦੇਖਦੇ ਹਨ ਕਿ ਅਧਿਕਾਰੀ ਵੀ ਹੈ ਇਸਦਾ ਰੱਖ ਵੀ ਲਏਗਾ ਸਾਂਭ ਕੇ, ਗੁਆ ਤਾਂ ਨਹੀਂ ਦਏਗਾ? ਕਿਉਂਕਿ ਉਸ ਅਮਾਨਤ ਵਿਚ ਬੇਅੰਤ ਸ਼ਕਤੀਆਂ ਹੁੰਦੀਆਂ ਹਨ, ਰਿਧੀਆਂ-ਸਿਧੀਆਂ ਹੁੰਦੀਆਂ ਨੇ। ਉਹ ਦਿੰਦੇ ਹੀ ਤਾਂ ਨੇ ਜਦੋਂ ਪਰਖ ਲੈਂਦੇ ਨੇ। ਸੋ ਇਹ ਵਿਚਾਰਾਂ ਆਪਾਂ ਕਰਾਂਗੇ। ਸੋ ਪੂਰੇ ਮਹਾਂਪੁਰਸ਼ ਦੇ ਕੋਲ ਨਾਮ ਦੀ ਅਮਾਨਤ ਹੋਇਆ ਕਰਦੀ ਹੈ, ਐਸਾ ਫੁਰਮਾਨ ਹੈ ਗੁਰਬਾਣੀ ਵਿਚ ਪੜ੍ਹੋ ਪਿਆਰ ਨਾਲ -

***ਧਾਰਨਾ - ਨਾਮ ਅਮੋਲਕ ਰਤਨ ਹੈ,***
***ਪੂਰੇ ਸਤਿਗੁਰ ਪਾਸ -2, 2.***
***ਪਿਆਰੇ, ਪੂਰੇ ਸਤਿਗੁਰੂ ਪਾਸ,***
***ਪੂਰੇ ਸਤਿਗੁਰ ਪਾਸ -2, 2.***
***ਨਾਮ ਅਮੋਲਕ ਰਤਨ ਹੈ,.......... -2.***

ਦੱਸ ਪੈ ਗਈ, ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਦੱਸ ਦਿੱਤਾ ਕਿ ਪਿਆਰਿਓ! ਜਿਹੜਾ ਅਭੇਦ ਅਵਸਥਾ ਦਾ ਹੋ ਗਿਆ, ਪੂਰਾ ਬਣ ਗਿਆ, ਉਸ ਦੇ ਕੋਲ ਨਾਮ ਰਤਨ ਹੋਇਆ ਕਰਦਾ ਹੈ; ਜੇ ਲੈਣਾ ਹੈ ਉਥੋਂ ਲੈ ਲਓ -

***ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥***
***ਸਤਿਗੁਰ ਸੇਵੈ ਲਗਿਆ ...............॥***
***ਪੰਨਾ - 40***

ਜਦੋਂ ਪ੍ਰਸੰਨ ਹੋ ਗਿਆ ਸੇਵਾ ਤੋਂ, ਫੇਰ ਉਹ ਕੀ ਕਰੇਗਾ?

.................***ਕਢਿ ਰਤਨੁ ਦੇਵੈ ਪਰਗਾਸਿ॥***
***ਪੰਨਾ - 40***

ਜਿਹੜੇ ਪੰਜ ਭਰਮ ਪਏ ਹੋਏ ਨੇ, ਉਨ੍ਹਾਂ ਦਾ ਹਨ੍ਹੇਰਾ ਦੂਰ ਕਰ ਦਏਗਾ, ਨਾਮ ਮੰਡਲ, ਆਤਮ ਮੰਡਲ ਦੇ ਵਿਚ ਆਤਮ ਸਾਖਸ਼ਾਤਕਾਰ ਕਰਕੇ ਉਸ ਨੂੰ ਉਸ ਦਾ ਸਰੂਪ ਦਿਖਾ ਦੇਵੇਗਾ। ਪਰਮੇਸ਼ਰ ਦੇ ਕੋਲ ਪਹੁੰਚਾ ਦਿੰਦਾ ਹੈ, ਉਸ ਨੂੰ ਹੀ ਪ੍ਰਮੇਸ਼ਰ ਬਣਾ ਦਿੰਦਾ ਹੈ। ਇਹ ਸਤਿਗੁਰ ਦੀ

(ਬਾਕੀ ਪੰਨਾ 46 ਤੇ)



Sri Satguru Jagjit Singh Ji eLibrary NamdhariElibrary@gmail.com

# ਆਪੇ ਗੁਰ ਚੇਲਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਭਾਰਤ ਰਿਸ਼ੀਆਂ-ਮੁਨੀਆਂ, ਵਿਚਾਰਕਾਂ, ਕਰਮਯੋਗੀਆਂ, ਸਤਿ ਤੇ ਮਰ ਮਿਟਣ ਵਾਲੇ ਯੋਧਿਆਂ ਅਤੇ ਧਰਮ ਨੂੰ ਪੂਰੀ ਤਰ੍ਹਾਂ ਪਾਲਣ ਕਰਨ ਵਾਲੇ ਗ੍ਰਹਿਸਤੀਆਂ ਦਾ ਦੇਸ਼ ਹੈ। ਜਿਸ ਦੇਸ਼ ਨੂੰ ਕਰਮ ਭੂਮੀ ਕਹਿ ਕੇ ਵਡਿਆਇਆ ਜਾਂਦਾ ਰਿਹਾ ਹੈ, ਇਸ ਵਿਚ ਸਦਾਚਾਰ ਤੇ ਅਧਿਆਤਮ ਸੂਝ ਦਾ ਸਦਾ ਹੀ ਬੋਲ-ਬਾਲਾ ਰਿਹਾ ਹੈ ਪਰ ਸਮੇਂ ਬਦਲੇ, ਇਸਦੇ ਅਮਨ-ਅਮਾਨ ਨਾਲ ਵਸਦੇ ਰਾਜਿਆਂ ਉਪਰ ਇਕ-ਇਕ ਕਰਕੇ ਅਫਗਾਨਿਸਤਾਨ, ਇਰਾਨ, ਅਰਬ ਅਤੇ ਬਗਦਾਦ ਦੇ ਸ਼ਾਹਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਪਹਿਲੇ ਪਹਿਲੇ ਇਨ੍ਹਾਂ ਦੇ ਰਾਜਸੀ ਮਨੋਰਥ ਹੋਇਆ ਕਰਦੇ ਸਨ। ਇਕ ਰਾਜਾ ਹਾਰ ਜਾਂਦਾ ਸੀ, ਉਸ ਨਾਲ ਸਮਝੌਤੇ ਕਰਕੇ ਆਪਣੇ ਰਾਜ ਪੱਕੇ ਕਰਿਆ ਕਰਦੇ ਸਨ। ਅੱਠਵੀਂ ਸਦੀ ਤੋਂ ਭਾਰਤ ਦੇ ਅਮਨ ਨੂੰ ਡਾਵਾਂ-ਡੋਲ ਹੋਣਾ ਪਿਆ। ਹੌਲੀ-ਹੌਲੀ ਇਨ੍ਹਾਂ ਦੇਸ਼ਾਂ ਦੇ ਹਮਲਾਵਰ ਜੋ ਇਸਲਾਮ ਨਾਲ ਸਬੰਧ ਰਖਦੇ ਸਨ, ਆਪਣੀਆਂ ਵਧੀਕੀਆਂ ਨੂੰ ਨਫਰਤ ਤੋਂ ਬਚਾਉਣ ਖਾਤਰ ਮਜ਼੍ਹਬੀ ਨਾਹਰੇ ਦੇਣ ਲੱਗੇ।

*ਦਸ਼ਮੇਸ਼ ਪਿਤਾ ਜੀ ਦੇ ਅੰਮ੍ਰਿਤ ਤਿਆਰ ਕਰਨ ਸਮੇਂ ਮਾਤਾ ਸਾਹਿਬ ਕੌਰ ਜੀ ਪਤਾਸੇ ਪਾ ਰਹੇ ਹਨ।*

ਇਸਲਾਮ ਇਕ ਅਜਿਹਾ ਧਰਮ ਹੈ ਜਿਸ ਵਿਚ ਇਨਸਾਫ, ਰਹਿਮ ਅਤੇ ਪ੍ਰਭੂ ਭਗਤੀ ਦੇ ਜਜ਼ਬੇ ਪ੍ਰਭੂ ਪਿਆਰ ਨੂੰ ਪ੍ਰਫੁੱਲਤ ਕਰਦੇ ਸਨ। ਇਹ ਧਰਮ ਅੱਲਾਹ-ਤਾਲਾ ਨੂੰ ਸਰਬ ਕਲਾ ਸਮਰੱਥ ਮੰਨਦਾ ਸੀ ਅਤੇ ਇਸ ਵਿਚ ਦੇਵਤਿਆਂ ਦੀ ਪੂਜਾ ਪ੍ਰਤਿਸ਼ਠਾ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ ਸੀ ਅਤੇ ਇਹ ਨਿਰੋਲ ਵਾਹਿਗੁਰੂ ਨੂੰ ਪਿਆਰ ਕਰਨ ਵਾਲਾ ਧਰਮ ਸੀ ਅਤੇ ਉਸਦੇ ਹੁਕਮ ਤੇ ਰਜ਼ਾ ਨੂੰ ਮੰਨਣ ਵਾਲਾ ਸੀ। ਪ੍ਰਭੂ ਦੀ ਯਾਦ ਨੂੰ ਹਿਰਦੇ ਵਿਚ ਸਦੀਵੀ ਥਾਂ ਦੇਣ ਲਈ ਪੰਜ ਨਮਾਜ਼ਾਂ, ਪੰਜ ਵਕਤਾਂ ਵਿਚ ਪੜ੍ਹੀਆਂ ਜਾਂਦੀਆਂ ਸਨ ਅਤੇ ਸੱਚ ਦੀ ਖੋਜ ਅੰਦਰ ਘੋਰ ਤਪੱਸਿਆ ਕੀਤੀ ਜਾਂਦੀ ਸੀ। ਅੰਦਰੋਂ ਹੀ ਸੱਚ ਦੀ ਪ੍ਰਾਪਤੀ ਲਈ ਨਿਯਮਬੱਧ ਸਦਾਚਾਰਕ ਜੀਵਨ ਜੀਵਿਆ ਜਾਂਦਾ ਸੀ। ਇਨ੍ਹਾਂ ਨਾਲ, ਅਰਬ ਤੇ ਹੋਰ ਦੇਸ਼ਾਂ ਦੇ ਮੂਰਤੀਆਂ ਦੀ ਪੂਜਾ ਕਰਨ ਵਾਲੇ ਦ੍ਵੈਸ਼ ਰਖਦੇ ਸਨ। ਬਹੁਤ ਸਾਰੇ ਜੰਗ ਇਸ ਨਵੇਂ ਧਰਮ ਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਦੂਸਰੇ ਧਰਮ ਅਬਲੰਭੀਆਂ ਨਾਲ ਕੀਤੇ ਅਤੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕਰਕੇ ਇਨਸਾਫ ਅਤੇ ਧਰਮ ਦੇ ਰਾਜ ਚਲਾਏ। ਇਸ ਧਰਮ ਵਿਚ ਮਹਾਨ ਚਿੰਤਕ ਸੂਫੀ ਸੰਪਰਦਾਵਾਂ ਦੇ ਜਨਮ ਹੋਏ ਜਿਨ੍ਹਾਂ ਨੇ ਸੰਸਾਰ ਨੂੰ ਭਰਾਤਰੀ ਭਾਵ, ਪਿਆਰ ਅਤੇ ਪ੍ਰਭੂ ਦੀ ਸੋਝੀ ਦਿਤੀ। ਇਹ ਸੂਫੀ ਵਰਗ ਕਠਿਨ ਜ਼ੋਹਦ ਵਿਚ ਵਿਸ਼ਵਾਸ਼ ਰੱਖਦਾ ਸੀ ਅਤੇ ਪੀਰ ਪ੍ਰਸਤੀ, ਆਪਣੇ ਪੀਰ ਨੂੰ ਰੱਬ ਦਾ ਰੂਪ ਜਾਣ ਕੇ ਉਸਦੀ ਸੇਵਾ ਅਤੇ ਉਸਦੇ ਹੁਕਮ ਨੂੰ ਬਹੁਤ ਹੀ ਪਵਿੱਤਰ ਜਾਣ ਕੇ ਮੰਨਦੇ ਸਨ। ਹੌਲੀ-ਹੌਲੀ ਇਹ ਧਰਮ, ਅਗਿਆਨਤਾ ਵਿਚ ਭਰੇ ਹੋਏ ਲੋਕਾਂ ਨੂੰ ਭਾਅ ਗਿਆ ਅਤੇ ਬਹੁਤ ਸਾਰਿਆਂ ਨੇ ਇਸ ਧਰਮ ਦੇ ਚੰਗੇ ਗੁਣਾਂ ਨੂੰ ਧਾਰਨ ਕਰ ਲਿਆ। ਬਹੁਤ ਵੱਡੀਆਂ-ਵੱਡੀਆਂ ਹਕੂਮਤਾਂ ਕਾਇਮ ਕਰ ਲਈਆਂ।

ਰਾਜ ਮੱਧ ਸਦਾ ਕਿਸੇ ਨੂੰ ਇਕ ਰਸ ਨਹੀਂ ਰਹਿਣ ਦਿੰਦਾ ਅਤੇ ਇਹ ਅਭਿਮਾਨ ਉਤਮ ਤੋਂ ਉਤਮ ਧਰਮ ਦੇ ਧਾਰਨੀ ਹੁੰਦਿਆਂ ਹੋਇਆਂ ਵੀ ਆਪਣੇ ਅਧੀਨ ਕਰ ਲੈਂਦਾ ਹੈ। ਸਮੇਂ ਦੀ ਚਾਲ ਨਾਲ ਇਹ ਅਭਿਮਾਨੀ ਸ਼ਾਹਾਂ ਨੇ ਅਤਿ ਘਿਨਾਉਣੇ ਜ਼ੁਲਮ ਨੂੰ ਆਪਣੇ ਮਜ਼ਹਬ ਦਾ ਰੂਪ ਦੇ ਕੇ ਆਪ ਸ਼ੈਤਾਨ ਦੇ ਅਧੀਨ ਹੋ ਕੇ ਅਜਿਹੇ ਘੋਰ ਅਪਰਾਧ ਮਨੁੱਖਤਾ ਉਪਰ ਕੀਤੇ ਜਿਨ੍ਹਾਂ ਨੂੰ ਪੜ੍ਹਿਆਂ-ਵਾਚਿਆਂ ਚੰਗੇ ਤੋਂ ਚੰਗੇ ਪੁਰਸ਼ ਦਾ ਮਨ ਵੀ ਖੇਦ ਵਿਚ ਆ ਜਾਂਦਾ ਹੈ। ਰਾਜ ਮੱਧ ਵਿਚ ਡੁੱਬਿਆ ਰਾਜਾ ਪ੍ਰੀਪੂਰਨ ਸ਼ੈਤਾਨ ਦਾ ਰੂਪ ਹੁੰਦਾ ਹੈ ਅਤੇ ਅੱਲਾਹ ਦੇ ਹੁਕਮਾਂ ਨੂੰ ਮੰਨਣ ਦੀ ਥਾਂ ਉਹ ਸ਼ੈਤਾਨ ਦਾ ਹੀ ਏਜੰਟ ਹੋਇਆ ਕਰਦਾ ਹੈ। ਇਨ੍ਹਾਂ ਜ਼ਾਲਮ ਰਾਜਿਆਂ ਨੇ ਅਤਿ ਘਿਨਾਉਣੇ ਜ਼ੁਲਮ ਨੂੰ ਕਮਾ ਕੇ ਰੱਬ ਨੂੰ ਪ੍ਰਸੰਨ ਕਰਨ ਦਾ ਇਕ ਗੁਨਾਹ ਭਰਿਆ ਵਿਸ਼ਵਾਸ਼ ਬਣਾ ਲਿਆ ਜਿਸ ਕਰਕੇ ਇਨ੍ਹਾਂ ਨੇ ਵੈਰੀਆਂ ਨਾਲ ਅਜਿਹੇ ਪਸ਼ੂ-ਪੁਣੇ ਦੇ ਜ਼ੁਲਮ ਕੀਤੇ ਕਿ ਧਰਮਰਾਜਾ ਵੀ ਕੰਬ ਗਿਆ ਕਿ ਇਨ੍ਹਾਂ ਪੁਰਸ਼ਾਂ ਨੂੰ, ਜਿਹੜੇ ਪ੍ਰਮਾਰਥ ਦੇ ਕਾਰਨ ਮਹਾਂ ਹਤਿਆਵਾਂ ਕਰਦੇ ਹਨ, ਕਿਹੜੇ



Sri Satguru Jagjit Singh Ji eLibrary NamdhariElibrary@gmail.com

ਨਰਕ ਵਿਚ ਸੁਟਿਆ ਜਾਵੇ।

ਗੁਰੂ ਨਾਨਕ ਸਾਹਿਬ ਮਹਾਰਾਜ ਜੀ ਦਾ ਸੰਸਾਰ ਉਤੇ ਪ੍ਰਕਾਸ਼ ਹੋਣ ਸਮੇਂ ਤਕ ਅਜਿਹਾ ਵਾਤਾਵਰਣ ਰਾਜਿਆਂ ਦੇ ਜ਼ੁਲਮਾਂ ਦਾ ਹੋ ਗਿਆ ਸੀ ਕਿ ਮਹਾਰਾਜ ਜੀ ਨੇ ਇਨ੍ਹਾਂ ਨੂੰ ਇਹ ਕਹਿ ਕੇ ਦੁਰਕਾਰਿਆ –

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***
***ਪੰਨਾ – 145***

ਇਨ੍ਹਾਂ ਕਸਾਈ ਰਾਜਿਆਂ ਨੇ ਧਰਮ ਦੀ ਆੜ ਲੈ ਕੇ ਜਨਤਾ ਦੇ ਉਪਰ ਅਤਿ ਦੇ ਜ਼ੁਲਮ ਕੀਤੇ। ਭਾਵੇਂ ਅਨੇਕ ਥਾਵਾਂ ਤੇ ਭਾਰਤ ਵਾਸੀਆਂ ਨੇ ਆਪਣੀ ਅਣਖ ਤੇ ਗੈਰਤ ਨੂੰ ਬਚਾਉਣ ਲਈ ਬੇਅੰਤ ਕੁਰਬਾਨੀਆਂ ਦਿਤੀਆਂ, ਮਜ਼ਬੂਤ ਰਾਜਿਆਂ ਨੇ ਰਸ–ਮਹਿ–ਜੌਹਰ ਵਿਚ ਆਪਣੀਆਂ ਪਿਆਰੀਆਂ ਪਤਨੀਆਂ, ਲੜਕੀਆਂ ਨੂੰ ਮਹਾਂ ਅਗਨ ਵਿਚ ਸੜਦੀਆਂ ਨੂੰ ਸੁਆਹ ਹੁੰਦੇ ਦੇਖਿਆ ਅਤੇ ਆਪ ਮੈਦਾਨੇ ਜੰਗ ਵਿਚ ਆਪਣੀਆਂ ਜਾਨਾਂ ਤੇ ਖੇਲ੍ਹ ਗਏ ਪਰ ਮਹਾਨ ਜ਼ੁਲਮ ਦੇ ਹੜ੍ਹ ਨੂੰ ਇਹ ਛੋਟੇ–ਛੋਟੇ ਉਦਮ ਰੋਕ ਨਾ ਸਕੇ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਭਾਰਤ ਦੇ ਅਨੇਕ ਵਿਸ਼ਵਾਸ਼ਾਂ ਨੂੰ ਇਕ ਪ੍ਰਮੇਸ਼ਰ ਭਗਤੀ ਉਤੇ ਕੇਂਦਰਤਿ ਕੀਤਾ ਅਤੇ ਸਾਰਿਆਂ ਵਿਚ ਇਕੋ ਅੱਲਾਹ ਦਾ ਨੂਰ ਦੇਖਦਿਆਂ ਹੋਇਆਂ ਇਥੇ ਦੇ ਵਾਸੀਆਂ ਵਿਚ ਪ੍ਰਸਪਰ ਪ੍ਰੇਮ ਨੂੰ ਵਧਾਉਣ ਲਈ ਆਪਣੇ ਪ੍ਰਵਚਨਾਂ ਰਾਹੀਂ ਸੇਧ ਦਿਤੀ। ਗੁਰੂ ਮਹਾਰਾਜ ਦੇ ਸਮੇਂ ਹੀ ਗੁਰੂ ਨਾਨਕ ਸਾਹਿਬ ਨੂੰ ਦੋਹਾਂ ਧਰਮਾਂ ਦੇ ਲੋਕਾਂ ਨੇ ਆਪਣਿਆਂ ਹਿਰਦਿਆਂ ਵਿਚ ਸਤਿਕਾਰ ਦਿਤਾ ਅਤੇ ਅੰਤ ਦੇ ਸਮੇਂ ਗੁਰੂ ਪਾਤਸ਼ਾਹ ਦੇ ਸਰੀਰ ਨੂੰ ਇਸਲਾਮ ਵਾਲਿਆਂ ਨੇ ਪੀਰ ਕਿਹਾ ਅਤੇ ਦੂਸਰਿਆਂ ਨੇ ਆਪਣਾ ਗੁਰੂ ਪ੍ਰਮੇਸ਼ਰ ਕਿਹਾ ਪਰ ਦੂਜੇ ਪਾਸੇ ਰਾਜਸੀ ਸ਼ਾਸ਼ਕ ਕਸਾਈ ਬੁੱਚੜਾਂ ਨੂੰ ਵੀ ਮਾਤ ਪਾ ਗਏ। ਉਨ੍ਹਾਂ ਨੇ ਅਜਿਹੇ ਘਿਨਾਉਣੇ ਜ਼ੁਲਮ ਕੀਤੇ ਜਿਨ੍ਹਾਂ ਬਾਰੇ ਲਿਖ ਕੇ ਆਪਣੇ ਹੀ ਮਨ ਵਿਚ ਬੇਚੈਨੀ ਪੈਦਾ ਕਰਨ ਦੇ ਬਰਾਬਰ ਹੈ।

ਗੁਰੂ ਪੰਜਵੇਂ ਪਾਤਸ਼ਾਹ ਤੇ ਗੁਰੂ ਨੌਵੇਂ ਪਾਤਸ਼ਾਹ ਨੇ ਆਪਣਾ ਪ੍ਰਮ ਪਵਿੱਤਰ ਬਲੀਦਾਨ ਦੇ ਕੇ ਇਸਲਾਮੀ ਰਾਜਿਆਂ ਦੀ ਅੰਧਮਈ ਕਠੋਰ ਆਤਮਾ ਨੂੰ ਜਗਾਉਣ ਦਾ ਉਪਰਾਲਾ ਕੀਤਾ ਪਰ ਪਾਪ ਕਰ–ਕਰ ਕੇ ਸਮੇਂ ਦੇ ਰਾਜਿਆਂ ਦਾ ਮਨ ਅਜਿਹਾ ਕਠੋਰ ਹੋ ਚੁੱਕਿਆ ਸੀ ਕਿ ਇਨ੍ਹਾਂ ਬਲੀਦਾਨਾਂ ਨੂੰ ਵੀ ਆਪਣੇ ਆਪ ਲਈ ਸਵਾਬ (ਪੁੰਨ) ਸਮਝਣ ਦੀ ਢੀਠਤਾ ਕਰ ਰਹੇ ਸਨ। ਇਸ ਤਰ੍ਹਾਂ ਆਮ ਇਨਸਾਨ ਉਪਰ ਵੀ ਬਹੁਤ ਵੱਡਾ ਅਸਰ ਹੋ ਚੁੱਕਿਆ ਸੀ। ਹਿੰਦੂਆਂ ਵਿਚ ਤਾਂ ਬੇ–ਦਿਲੀ ਇਸ ਹੱਦ ਤਕ ਪਹੁੰਚ ਚੁਕੀ ਸੀ ਕਿ ਉਨ੍ਹਾਂ ਨੇ ਸੰਤਾਪ ਨੂੰ ਆਪਣੇ ਬੁਰੇ ਕਰਮਾਂ ਦਾ ਫਲ ਮੰਨ ਕੇ ਹੀ ਭੋਗਣ ਵਿਚ ਬੇਹਤਰੀ ਸਮਝੀ। ਇਸਲਾਮ ਨਾਲ ਸਬੰਧ ਰੱਖਣ ਵਾਲੇ ਆਪਣੇ ਆਪ ਨੂੰ ਵਿਸ਼ੇਸ਼ ਸਮਝਦੇ ਸਨ ਅਤੇ ਕਦੇ ਵੀ ਉਨ੍ਹਾਂ ਨੇ ਕਿਸੇ ਗੁਰੂ ਦੇ ਖਿਲਾਫ ਆਪਣੇ ਧਰਮ ਦੇ ਰਾਜਿਆਂ ਨੂੰ ਸੁਮੱਤ ਨਹੀਂ ਸੀ ਦਿਤੀ। ਭਾਵੇਂ ਅਨੇਕਾਂ ਧਾਰਮਿਕ ਬੰਦਿਆਂ ਦੇ ਅੰਦਰ ਹਾਅ ਦਾ ਨਾਅਰਾ ਸੀ ਪਰ ਇਨ੍ਹਾਂ ਪਸ਼ੂ ਰਾਜਿਆਂ ਨੂੰ ਸਮਝਾਉਣ ਦੀ ਹਿੰਮਤ ਨਹੀਂ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਨੌਵੇਂ ਪਾਤਸ਼ਾਹ ਦੇ ਸਮੇਂ ਤੱਕ ਵਿਚ ਹੋਏ ਗੁਰਸਿਖਾਂ ਵਿਚ ਸਵੈਮਾਨ, ਰਵਾਦਾਰੀ, ਭਰਾਤਰੀ ਭਾਵ ਅਤੇ ***'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'*** ਦਾ ਪਵਿੱਤਰ ਉਤਮ ਖਿਆਲ ਸਰਬ ਦਾ ਭਲਾ ਕਰਨ ਵਾਲਾ ਕਰਮ ਯੋਗੀ ਬਣਾ ਰਿਹਾ ਸੀ ਅਤੇ ਘਟ–ਘਟ ਵਿਚ ਰਮੀ ਆਤਮ ਜੋਤ ਦੀ ਸਾਂਝ ਨੇ ਗੁਰਸਿੱਖ ਨੂੰ ਤਤ੍ਵ ਗਿਆਨੀ ਅਤੇ ਸਰਬ ਸਾਂਝੇ ਰੂਪ ਵਿਚ ਪ੍ਰਗਟ ਕਰ ਦਿਤਾ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਇਨ੍ਹਾਂ ਜੰਗਲੀ ਹਾਕਮਾਂ ਨੂੰ ਸੁਮੱਤ ਦੇਣ ਲਈ ਬਹੁਤ ਹੀ ਵਿਉਂਤਬੱਧ ਸੰਘਰਸ਼ ਕਰਕੇ ਆਪਣੇ ਪ੍ਰਮ ਪਿਆਰੇ ਗੁਰਸਿੱਖਾਂ ਨੂੰ ਪ੍ਰਮਾਤਮਾ ਦੀ ਫੌਜ ਕਹਿ ਕੇ ਸੰਬੋਧਨ ਕੀਤਾ। ਇਸ ਮੰਤਵ ਲਈ 1699 ਈ. ਚੜ੍ਹਦੇ ਹੀ ਤਿਆਰੀਆਂ ਸ਼ੁਰੂ ਹੋ ਗਈਆਂ। ਸੰਗਤਾਂ ਹੁੰਮ–ਹੁਮਾ ਕੇ ਮਾਰਚ ਦੇ ਅੰਤ ਤਕ ਪੁੱਜ ਗਈਆਂ। ਵਿਸਾਖੀ ਤੋਂ ਇਕ ਦਿਨ ਪਹਿਲਾਂ ਤਖਤ ਸਾਹਿਬ ਦੀ ਥਾਂ ਉਤੇ ਜ਼ਰੱਈ ਕਾਬਲੀ ਚਾਂਦਨੀ ਨੂੰ ਤਣਵਾਇਆ, ਨੇੜੇ ਇਕ ਨਵੀਨ ਤੰਬੂ ਲਵਾ ਦਿਤਾ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸਮਾਪਤ ਹੋਇਆ, ਗੁਰੂ ਮਹਾਰਾਜ ਵੀ ਤਖਤ ਤੇ ਬਿਰਾਜਮਾਨ ਸਨ। ਆਪ ਜੀ ਨੇ ਸਾਰੀ ਸੰਗਤ ਨੂੰ ਸਨਮੁਖ ਕਰਕੇ ਸਮੇਂ ਦੇ ਹਾਲਾਤ ਉਪਰ ਰੌਸ਼ਨੀ ਪਾਉਂਦਿਆਂ ਫੁਰਮਾਨ ਕੀਤਾ ਕਿ ਪਿਆਰੇ ਗੁਰਸਿੱਖੋ! ਇਹ ਮੁਗਲਾਂ ਦਾ ਜ਼ੁਲਮੀ ਰਾਜ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਹੀ ਚਲ ਰਿਹਾ ਹੈ। ਗੁਰੂ ਘਰ ਨੇ ਸਦਾ ਹੀ ਉਦਮ ਕੀਤਾ ਹੈ ਕਿ ਹਿੰਦੂ–ਮੁਸਲਮਾਨਾਂ ਵਿਚ ਭਾਈ–ਭਾਈ ਜੈਸੀ ਭਾਵਨਾ ਵਧ ਜਾਵੇ ਅਤੇ ਉਨ੍ਹਾਂ ਦਾ ਗੁਰੂ ਘਰ ਨਾਲ ਪਿਆਰ ਪੱਕਾ ਹੋ ਜਾਵੇ। ਐਸਾ ਹੀ ਗੁਰੂ ਘਰ ਨਾਲ ਸਾਰਿਆਂ ਦਾ ਪਿਆਰ ਵੰਡਿਆ ਗਿਆ। ਗੁਰੂ ਪੰਜਵੇਂ ਪਾਤਸ਼ਾਹ ਨੇ ਭਾਰਤ ਵਿਚ ਪੈਦਾ ਹੋਏ ਸੰਤਾਂ, ਭਗਤਾਂ, ਫਕੀਰਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨ ਦਿਤਾ ਪਰ ਜਨਤਾ ਦਾ ਆਪਸੀ ਪਿਆਰ ਇਨ੍ਹਾਂ ਮੁਗਲ ਰਾਜਿਆਂ ਨੂੰ ਨਹੀਂ ਭਾਇਆ। ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹੀਦ ਕੀਤਾ ਗਿਆ, ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰਾ ਦਿਤਾ ਗਿਆ, ਗੁਰੂ ਨੌਵੇਂ ਪਾਤਸ਼ਾਹ ਨੂੰ ਸ਼ਹੀਦ ਕੀਤਾ ਗਿਆ, ਹਜ਼ਾਰਾਂ ਦੀ ਤਦਾਦ ਵਿਚ ਮੰਦਰ ਗਿਰਵਾ ਦਿਤੇ ਗਏ, ਧਰਮ ਗ੍ਰੰਥ ਸੜਵਾ ਦਿਤੇ, ਲੱਖਾਂ ਹੀ ਭਾਰਤ ਵਿਚ ਵਸਦੇ ਹਿੰਦੂਆਂ ਨੂੰ ਜਾਂ ਤਾਂ ਸ਼ਰ੍ਹਾ ਮੁਹੰਮਦੀ ਵਿਚ ਲੈ ਆਂਦਾ ਜਾਂ ਫਿਰ ਕਤਲ ਕਰਾ ਦਿਤਾ ਗਿਆ। ਤੁਸੀਂ ਗੁਰਸਿੱਖੀ ਧਾਰਨ ਕੀਤੀ ਹੈ। ਮੌਤ ਦੀ ਹੱਦ ਨੂੰ ਤੁਸੀਂ ਪਾਰ ਕਰ ਗਏ ਹੋ ਅਤੇ ਤੁਹਾਡੇ ਲਈ ਮੌਤ ਕੋਈ ਡਰਾਵਣੀ ਚੀਜ਼ ਨਹੀਂ ਰਹੀ ਜਿਵੇਂ ਕਿ



Sri Satguru Jagjit Singh Ji eLibrary NamdhariElibrary@gmail.com

ਫੁਰਮਾਨ ਹੈ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ।।***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।।***
***ਪੰਨਾ – 1365***

ਤੁਸੀਂ ਜਿਉਂਦੇ ਜਾਗਦੇ ਜੀਵਨ ਅਪਣਾਅ ਰਹੇ ਹੋ, ਮੁਰਦਿਆਨ ਤੁਹਾਡੇ ਵਿਚੋਂ ਬਾਣੀ ਤੇ ਨਾਮ ਦੀ ਕਮਾਈ ਨਾਲ ਖਤਮ ਹੋ ਚੁੱਕੀ ਹੈ। ਸੰਸਾਰ ਦੁਖੀ ਹੈ, ਇਨ੍ਹਾਂ ਦੁਖਾਂ ਨੂੰ ਦੂਰ ਕਰਨ ਲਈ ਜ਼ਰੂਰੀ ਹੈ ਕਿ ਉਚ ਕੋਟੀ ਦੇ ਮਹਾਂਪੁਰਸ਼ਾਂ ਦੀ ਬਲੀ ਦਿਤੀ ਜਾਵੇ। ਮਾਣ–ਮਰਯਾਦਾ, ਸਵੈਮਾਨ ਦਾ ਜੀਵਨ ਇਕ ਸੁਪਨਾ ਹੀ ਬਣ ਗਿਆ ਹੈ। ਆਦਮੀ ਡਰ ਵਿਚ ਜੀਵਨ ਲੰਘਾਉਣ ਦਾ ਘੋਰ ਪਾਪ ਕਰ ਰਿਹਾ ਹੈ। ਇਸ ਹਤਿਆਵਾਂ ਭਰੇ ਹੜ੍ਹ ਨੂੰ ਰੋਕਣ ਲਈ ਐਸ ਵੇਲੇ ਮੈਨੂੰ ਕੋਈ ਗੁਰਸਿੱਖ ਆਪਣਾ ਸੀਸ ਭੇਟ ਕਰੇ। ਵਾਰੀ–ਵਾਰੀ ਆਵਾਜ਼ਾਂ ਸੁਣਦਿਆਂ ਪੰਜਾਂ ਸਿੰਘਾਂ ਨੇ ਆਪਣੇ ਸੀਸ ਭੇਟ ਕੀਤੇ। ਸਾਰੇ ਦੀਵਾਨ ਵਿਚ ਭੈਅ ਦਾ ਵਾਤਾਵਰਣ ਛਾ ਗਿਆ ਕਿਉਂਕਿ ਬਹੁਤ ਸਾਰੇ ਸਿੱਖਾਂ ਨੇ ਲਹੂ ਭਰੀ ਤਲਵਾਰ ਨੂੰ ਅੱਖਾਂ ਨਾਲ ਪ੍ਰਤੱਖ ਦੇਖਿਆ ਸੀ ਅਤੇ ਸਿੰਘ ਗਿਰਦੇ ਵੇਖੇ ਸਨ ਪਰ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਦੇਖਿਆ ਕਿ ਸਿੰਘਾਂ ਨੂੰ ਇਕੋ ਜਿਹੇ ਬਸਤਰ ਪਹਿਨਾ ਕੇ ਸੰਗਤਾਂ ਨੂੰ ਦਰਸ਼ਨ ਕਰਾਏ। ਕਿਸੇ ਦੀ ਸਮਝ ਵਿਚ ਨਹੀਂ ਆਇਆ ਕਿ ਕੀ ਕੌਤਕ ਵਰਤਿਆ।

ਇਸ ਮੌਕੇ ਤੇ ਲਿਖਣ ਵਾਲਿਆਂ ਨੇ ਆਪਣੇ–ਆਪਣੇ ਅਨੁਮਾਨ ਨਾਲ ਲਿਖਣ ਦਾ ਜਤਨ ਕੀਤਾ ਹੈ। ਔਰੰਗਜ਼ੇਬ ਦੇ ਇਕ ਜਾਸੂਸ, ਜੋ ਅਰੰਗਜ਼ੇਬ ਨੇ ਖਾਸ ਹਦਾਇਤ ਦੇ ਕੇ ਭੇਜਿਆ ਸੀ ਕਿ ਮੈਨੂੰ ਸਹੀ–ਸਹੀ ਰਿਪੋਰਟ ਦੇਵੋ, ਨੇ ਅੱਖੀ ਦੇਖਿਆ ਹਾਲ ਲਿਖਿਆ ਹੈ ਕਿ ਗੁਰੂ ਨੇ ਤਲਵਾਰ ਨਾਲ ਬਹਾਦਰ ਸਿਖਾਂ ਦੇ ਸਿਰਾਂ ਨੂੰ ਕੱਟਿਆ, ਉਸ ਤੋਂ ਪਿਛੋਂ ਆਪਣੇ ਯੋਗ ਬਲ ਨਾਲ ਪੰਜਾਂ ਹੀ ਸਿੰਘਾਂ ਨੂੰ ਜਿਉਂਦੇ ਕਰ ਦਿਤਾ। ਮੈਨੂੰ ਇਹ ਪੂਰੀ ਤਰ੍ਹਾਂ ਨਾਲ ਪਤਾ ਨਹੀਂ ਲਗ ਸਕਿਆ ਕਿ ਉਠਣ ਵਾਲਿਆਂ ਦੇ ਧੜਾਂ ਉਪਰ ਆਪੋ–ਆਪਣੇ ਸੀਸ ਸਨ ਜਾਂ ਕਿ ਬਦਲੇ ਹੋਏ ਸਨ। ਇਸੇ ਤਰ੍ਹਾਂ ਨਾਲ ਰਾਮਗੜ੍ਹੀਆ ਇਤਿਹਾਸ, ਕਿਰਤ ਬਖਸ਼ੀ ਸਿੰਘ ਆਦਲ ਲਿਖਦਾ ਹੈ ਕਿ ਅਬੁਲ ਤੁਰਾਨੀ ਜੋ ਖੁਫੀਆ ਜਾਸੂਸ ਸੀ, ਲਿਖਦਾ ਹੈ ਕਿ ਕੱਟੇ ਹੋਏ ਧੜਾਂ ਉਪਰ ਤੇ ਸੀਸਾਂ ਉਪਰ ਛਿੱਟੇ ਮਾਰੇ ਗਏ, ਉਹ ਗੁਰੂ ਦਾ ਹੁਕਮ ਸੁਣ ਕੇ ਉਠ ਕੇ ਖੜ੍ਹੇ ਹੋ ਜਾਂਦੇ ਸਨ। ਦੂਸਰਿਆਂ ਦਾ ਖਿਆਲ ਹੈ ਕਿ ਗੁਰੂ ਮਹਾਰਾਜ ਜੀ ਨੇ ਸਚਮੁੱਚ ਸੀਸ ਨਹੀਂ ਕੱਟੇ ਸਨ ਪਰ ਉਨ੍ਹਾਂ ਦੀ ਥਾਂ ਤੇ ਬੱਕਰੇ ਮਾਰੇ ਗਏ ਸਨ। ਇਹ ਦੋਵੇਂ ਵਿਵਾਦ ਪੂਰਨ ਵਿਚਾਰਾਂ ਮੁੱਢ ਤੋਂ ਹੀ ਚਲ ਰਹੀਆਂ ਹਨ। ਹੁਣ ਵੀ ਜਿਨ੍ਹਾਂ ਦਾ ਵਿਚਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਹੈ, ਉਹ ਸਮਝਦੇ ਹਨ ਕਿ ਗੁਰੂ ਅਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਉਨ੍ਹਾਂ ਦਾ ਵਿਸ਼ਵਾਸ਼ ਹੈ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ।।***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ।। ਪੰਨਾ – 442***

ਉਹ ਗੁਰੂ ਨੂੰ ਸਰਬੱਗ ਅਤੇ ਸਮਰੱਥ ਸਮਝਦੇ ਹਨ ਅਤੇ ਏਸ ਗੱਲ ਨੂੰ ਕਿ ਗੁਰੂ ਮਹਾਰਾਜ ਨੇ ਸਿੱਖਾਂ ਦੇ ਸੀਸ ਕੱਟ ਕੇ ਮੁੜ ਜੀਉਂਦੇ ਕਰ ਦਿਤੇ, ਕੋਈ ਅਣਹੋਣੀ ਗੱਲ ਨਹੀਂ ਸਮਝਦੇ, ਸਹਿਜ ਵਿਚ ਹੀ ਲੈਂਦੇ ਹਨ ਕਿਉਂਕਿ ਸਤਿਗੁਰੂ ਸਰਬ ਕਲਾ ਸਮਰੱਥ ਹੋਇਆ ਕਰਦਾ ਹੈ। ਇਹ ਕੋਈ ਅਣਹੋਣੀ ਗੱਲ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਤੋਂ ਪ੍ਰਗਟ ਹੁੰਦਾ ਹੈ ਕਿ ਨਾਮਦੇਵ ਜੀ ਅੱਗੇ ਮਰੀ ਹੋਈ ਗਊ ਸੁੱਟ ਕੇ ਕਿਹਾ ਕਿ ਜਾਂ ਤਾਂ ਇਸ ਗਊ ਨੂੰ ਜਿਉਂਦੀ ਕਰ ਦੇਹ, ਜਾਂ ਰਾਮ ਛੱਡ ਕੇ ਅੱਲਾ–ਅੱਲਾ ਕਰ। ਨਹੀਂ ਤਾਂ ਤੈਨੂੰ ਵੀ ਇਸੇ ਥਾਂ ਮਾਰ ਦਿਤਾ ਜਾਵੇਗਾ, ਨਾਮਦੇਵ ਜੀ ਨੇ ਪ੍ਰਭੂ ਨੂੰ ਅਰਾਧਿਆ ਪ੍ਰਭੂ ਨੇ ਗਊ ਜਿਉਂਦੀ ਕਰ ਦਿਤੀ। ਇਸੇ ਤਰ੍ਹਾਂ ਗੁਰੂ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਾਬਾ ਅਟੱਲ ਜੀ ਸਾਥੀਆਂ ਨਾਲ ਖੇਲ੍ਹ ਰਹੇ ਸਨ, ਦਿਨ ਛਿਪ ਗਿਆ, ਪਾਰੀ (ਪਿੱਤ) ਮੋਹਨ ਦੇ ਸਿਰ ਰਹਿ ਗਈ। ਦੂਜੇ ਦਿਨ ਮੋਹਨ ਖੇਲ੍ਹਣ ਨਾ ਆਇਆ ਤਾਂ ਬਾਬਾ ਜੀ ਨੇ ਜਾ ਕੇ ਆਵਾਜ਼ ਦਿਤੀ ਅਤੇ ਮੋਹਨ ਦੇ ਪਾਸ ਪਹੁੰਚ ਕੇ ਖੂੰਟੀ ਗਲ 'ਚ ਪਾ ਕੇ ਕਿਹਾ ਕਿ ਉਠ ਸਾਡੀ ਪਾਰੀ ਦੇਹ; ਉਹ ਜਿਉਂਦਾ ਹੋ ਗਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੂੰ ਇਹ ਕੌਤਕ ਨਾ ਭਾਇਆ ਤੇ ਬਾਬਾ ਜੀ ਨੇ ਆਪਣੀ ਮਰਜ਼ੀ ਦੇ ਅਨੁਸਾਰ 'ਗੁਰਮੁਖਿ ਆਵੈ ਜਾਇ ਨਿਸੰਗ' ਦੇ ਮਹਾਂਵਾਕ ਅਨੁਸਾਰ ਸਰੀਰ ਛੱਡ ਦਿਤਾ।

ਇਸੇ ਤਰ੍ਹਾਂ ਨਾਲ ਬਾਬਾ ਗੁਰਦਿਤਾ ਜੀ ਤੋਂ ਚੀਤੇ ਦੇ ਭੁਲੇਖੇ ਇਕ ਗਊ ਮਰ ਗਈ। ਉਨ੍ਹਾਂ ਦਾ ਬਾਣ ਉਸਦੇ ਪੇਟ ਵਿਚੋਂ ਆਰ–ਪਾਰ ਨਿਕਲ ਗਿਆ, ਆਂਦਰਾਂ ਕੱਟੀਆਂ ਗਈਆਂ ਪਰ ਉਨ੍ਹਾਂ ਨੇ ਪਹਾੜੀਆਂ ਦੇ ਰੌਲਾ ਪਾਉਣ ਉਤੇ ਸਤਿਨਾਮ–ਵਾਹਿਗੁਰੂ ਕਹਿ ਕੇ ਗਊ ਜਿਉਂਦੀ ਕਰ ਦਿਤੀ।

ਗੁਰੂ ਸਤਵੇਂ ਪਾਤਸ਼ਾਹ ਦੇ ਪਾਸ ਇਕ ਪੰਡਤ ਆਪਣੇ ਮੁਰਦਾ ਬੱਚੇ ਨੂੰ ਲਿਆ ਕੇ ਜਿੱਦ ਕਰਦਾ ਹੈ ਕਿ ਜਾਂ ਤਾਂ ਮੇਰੇ ਬੱਚੇ ਨੂੰ ਜਿਉਂਦਾ ਕਰ ਦੇਵੋ, ਨਹੀਂ ਤਾਂ ਮੈਂ ਜਿਉਂਦਾ ਚਿਖਾ ਵਿਚ ਜਲ ਜਾਵਾਂਗਾ। ਉਸ ਵੇਲੇ ਹਾਲਾਤ ਨੂੰ ਭਾਂਪਦਿਆਂ ਹੋਇਆਂ ਭਾਈ ਜੀਵਨ ਜੀ ਨੇ ਆਪਣਾ ਸਰੀਰ ਛੱਡ ਦਿਤਾ ਅਤੇ ਉਸ ਬ੍ਰਾਹਮਣ ਦੇ ਬੱਚੇ ਨੂੰ ਜੀਵਨ ਦਾਨ ਬਖਸ਼ ਦਿਤਾ। ਇਸੇ ਤਰ੍ਹਾਂ ਨਾਲ ਸਮਸ਼ਤਬਰੇਜ਼ ਦਾ ਧਾਰਮਿਕ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਉਸ ਨੇ ਨਵਾਬ ਦੇ ਮਰੇ ਹੋਏ ਬੱਚੇ ਨੂੰ ਇਹ ਕਹਿ ਕੇ 'ਓ ਲੜਕੇ ਦਰਵੇਸ਼ ਕੇ ਹੁਕਮ ਸੇ ਖੜਾ ਹੋ' ਜਿਉਂਦਾ ਕਰ ਦਿਤਾ। ਗੁਰੂ ਨਾਨਕ


Sri Satguru Jagjit Singh Ji eLibrary NamdhariElibrary@gmail.com

ਦਸ਼ਮੇਸ਼ ਪਿਤਾ ਜੀ ਪੰਜਾਂ ਪਿਆਰਿਆਂ ਪਾਸੋਂ
ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਰਹੇ ਹਨ।

ਪਾਤਸ਼ਾਹ ਦਿੱਲੀ ਜਮਨਾ ਦੇ ਕੰਢੇ ਹਾਥੀ-ਖਾਨੇ ਦੇ ਨੇੜੇ ਬਿਰਾਜਮਾਨ ਹਨ, ਅੰਮ੍ਰਿਤ ਵੇਲੇ ਇਕ ਹਾਥੀ ਮਰ ਗਿਆ। ਉਸਨੂੰ ਸੰਭਾਲਣ ਵਾਲਾ ਪਰਿਵਾਰ ਰੋਣ ਪਿੱਟਣ ਲਗਿਆ। ਉਸ ਦੀ ਆਵਾਜ਼ ਗੁਰੂ ਨਾਨਕ ਪਾਤਸ਼ਾਹ ਤਕ ਪਹੁੰਚੀ ਤਾਂ ਆਪ ਨੇ ਮਰਦਾਨਾ ਜੀ ਨੂੰ ਭੇਜ ਕੇ ਕਿਹਾ ਕਿ ਉਨ੍ਹਾਂ ਦੇ ਮਹਾਵਤ ਨੂੰ ਕਹੋ ਕਿ ਇਹ ਹਾਥੀ ਤਾਂ ਜਿਉਂਦਾ ਹੈ! ਦੇਖਿਆ ਤਾਂ ਉਹ ਮਰਿਆ ਹੋਇਆ ਹਾਥੀ ਸਚਮੁੱਚ ਜਿਉਂਦਾ ਸੀ। ਦੂਸਰੇ ਦਿਨ ਜਦੋਂ ਪਤਾ ਲਗਦਾ ਹੈ ਤਾਂ ਦਿੱਲੀ ਦਾ ਬਾਦਸ਼ਾਹ ਪਹੁੰਚ ਕੇ ਆਖਦਾ ਹੈ ਕਿ ਫਕੀਰ ਸਾਈਂ! ਤੂੰ ਮਰਿਆ ਹੋਇਆ ਹਾਥੀ ਜਿਉਂਦਾ ਕਰ ਦਿਤਾ? ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ ਮਾਰਨ ਜੀਵਾਲਣ ਵਾਲਾ ਤਾਂ ਖੁਦਾ ਹੈ। ਬਾਦਸ਼ਾਹ ਨੇ ਕਿਹਾ ਕਿ ਹੁਣ ਮਾਰ ਕੇ ਦਿਖਾ। ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਹਾਥੀ ਤਾਂ ਪਹਿਲਾਂ ਹੀ ਮਰਿਆ ਹੋਇਆ ਹੈ। ਐਨਾ ਸ਼ਬਦ ਸੁਣਦੇ ਹੀ ਹਾਥੀ ਦੜੰਮ ਕਰਕੇ ਗਿਰ ਗਿਆ ਅਤੇ ਆਪਣੇ ਪ੍ਰਾਣ ਛੱਡ ਗਿਆ। ਜਦੋਂ ਫੇਰ ਜਿਉਂਦਾ ਕਰਨ ਲਈ ਕਿਹਾ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਕਿ ਬਾਦਸ਼ਾਹ! ਰੱਬ ਦੀ ਮਾਰੀ ਹੋਈ ਨੂੰ ਫਕੀਰ ਚੁੱਕ ਲੈਂਦੇ ਹਨ, ਫਕੀਰ ਦੀ ਮਾਰੀ ਹੋਈ ਨੂੰ ਕੋਈ ਨਹੀਂ ਚੁੱਕ ਸਕਦਾ ਜਿਵੇਂ ਫੁਰਮਾਨ ਹੈ -

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ ਪੰਨਾ - 1252*

ਇਸੇ ਤਰ੍ਹਾਂ ਨਾਲ ਨਾਮਦੇਵ ਜੀ ਨੇ ਇਕ ਬ੍ਰਾਹਮਣ ਦੇ ਮਰੇ ਹੋਏ ਬੱਚੇ ਨੂੰ, ਜਿਸਨੂੰ ਅਰਥੀ ਤੇ ਪਾ ਕੇ ਸ਼ਮਸ਼ਾਨ ਭੂਮੀ ਵਲ ਨੂੰ ਲਈਂ ਜਾਂਦੇ ਸਨ, ਜਿਉਂਦਾ ਕਰ ਦਿਤਾ ਸੀ, ਜਿਸ ਕਰਕੇ ਬਾਦਸ਼ਾਹ ਨੇ ਗਊ ਮਾਰ ਕੇ ਉਨ੍ਹਾਂ ਨੂੰ ਜਿਉਂਦੀ ਕਰਨ ਲਈ ਕਿਹਾ ਸੀ।

ਅੱਜ ਦੀ ਦੁਨੀਆਂ ਵਿਚ ਬੰਬਈ ਦੇ ਪ੍ਰਸਿੱਧ ਜਾਦੂਗਰ ਪ੍ਰੋਫੈਸਰ ਅਹਿਮਦ ਹੁਸੈਨ ਦਾ ਇਕ ਮੁਟਿਆਰ ਨੂੰ ਹਵਾ ਵਿਚ ਲਟਕਾ ਦੇਣਾ, ਤਲਵਾਰ ਦੀ ਨੋਕ ਉਤੇ ਲਿਟਾਉਣਾ, ਗਰਦਨ ਕੱਟ ਕੇ ਜੋੜਨੀ, ਆਰੇ ਨਾਲ ਚੀਰ ਦੇਣਾ; ਇਹ ਕਰੱਤਵ ਉਸਨੇ ਰਾਸ਼ਟਰਪਤੀ ਜ਼ਾਕਿਰ ਹੁਸੈਨ ਨੂੰ ਦਿਖਾ ਕੇ ਸਰਟੀਫਿਕੇਟ ਲਿਆ ਸੀ।

ਡਾ. ਸੁਆਮੀ ਰਾਮ ਜੀ ਇਕ ਘਟਨਾ ਦਾ ਜ਼ਿਕਰ ਕਰਦੇ ਦਸਦੇ ਹਨ ਕਿ ਮੈਂ ਆਪਣੇ students ਵਿਦਿਆਰਥੀਆਂ ਨੂੰ ਮੌਤ ਉਪਰ ਲੈਕਚਰ ਦੇ ਰਿਹਾ ਸੀ ਤਾਂ ਇਕ ਯੋਗੀ ਕਲਾਸ ਵਿਚ ਆ ਗਿਆ। ਉਹ ਹਸਦਾ ਰਿਹਾ। ਮੈਨੂੰ ਬੜਾ ਗੁੱਸਾ ਆਇਆ। ਕਲਾਸ ਦਾ ਸਮਾਂ ਪੂਰਾ ਹੋਣ ਉਪਰੰਤ ਮੈਂ ਉਸ ਯੋਗੀ ਉਪਰ ਬਹੁਤ ਨਰਾਜ਼ ਹੋਇਆ ਅਤੇ ਕਿਹਾ, ਤੂੰ ਕਿਉਂ ਹਸਦਾ ਸੀ? ਉਸਨੇ ਉਤਰ ਦਿਤਾ ਕਿ ਤੂੰ (ਸਵਾਮੀ ਰਾਮ ਜੀ) ਇਕ ਬੱਚਾ ਹੀ ਹੈਂ, ਤੈਨੂੰ ਮੌਤ ਦੇ ਭੇਤ ਬਾਰੇ ਕੋਈ ਗਿਆਤ ਨਹੀਂ ਹੈ। ਉਸਨੇ ਮੈਨੂੰ ਕਿਹਾ ਕਿ ਕੋਈ ਚਲਦਾ ਫਿਰਦਾ ਜੀਵ ਲੈ ਕੇ ਆ। ਮੈਂ ਇਕ ਵੱਡਾ ਕੀੜਾ ਫੜ ਕੇ ਉਸ ਦੇ ਅੱਗੇ ਰੱਖ ਦਿਤਾ। ਉਸਨੇ ਚਾਕੂ ਨਾਲ ਉਸਦੇ ਦੋ ਟੁਕੜੇ ਕਰ ਦਿਤੇ ਅਤੇ ਇਕ ਦੂਜੇ ਤੋਂ ਦੂਰ ਕਰ ਦਿਤੇ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਕਟੇ ਹੋਏ ਦੋਨੋਂ ਹਿੱਸੇ ਇਕ ਦੂਜੇ ਵਲ ਵੱਧ ਰਹੇ ਹਨ। ਫਿਰ ਦੋਵੇਂ ਹੀ ਜੁੜ ਗਏ ਅਤੇ ਕੀੜਾ ਪਹਿਲਾਂ ਵਾਂਗ ਹੀ ਜਿਉਂਦਾ ਹੋ ਕੇ ਤੁਰ ਪਿਆ। ਅਜਿਹੀਆਂ ਘਟਨਾਵਾਂ ਅਧਿਆਤਮਵਾਦ ਵਿਚ ਸਹਿਜੇ ਹੀ ਇਕ ਫੁਰਨੇ ਦਾ ਖੇਲ੍ਹ ਹਨ। ਸੋ ਇਹ ਕਹਿ ਦੇਣਾ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੱਟੇ ਹੋਏ ਸੀਸ ਫੇਰ ਜੋੜ ਦਿਤੇ, ਇਹ ਕੋਈ ਬਹੁਤੀ ਵਡਿਆਈ ਵਾਲੀ ਗੱਲ ਨਹੀਂ ਜਦੋਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਅਥਾਹ ਸ਼ਕਤੀਆਂ ਦੇ ਮਾਲਕ ਸਨ। ਸ਼ਕਤੀ ਦਿਖਾਉਣੀ, ਨਾ ਦਿਖਾਉਣੀ, ਉਨ੍ਹਾਂ ਦਾ ਆਪਣਾ ਕਰਤੱਵ ਹੈ, ਅਸੀਂ ਇਸ ਵਿਚ ਕੁਝ ਵੀ ਕਹਿਣ ਤੋਂ ਅਸਮਰੱਥ ਹਾਂ। ਇਸ ਘਟਨਾ ਦਾ ਸੰਗਤਾਂ ਉਪਰ ਬਹੁਤ ਵੱਡਾ ਅਸਰ ਪਿਆ। ਜਿਨ੍ਹਾਂ ਦੇ ਮਨ ਵਿਚ ਥੋੜ੍ਹਾ ਚਿਰ ਪਹਿਲਾਂ ਇਹ ਸ਼ੰਕਾ ਸੀ ਕਿ ਗੁਰੂ ਨੂੰ ਕੀ ਹੋ ਗਿਆ, ਆਪਣੇ ਹੀ ਸਿੱਖਾਂ ਨੂੰ ਮਾਰ-ਮਾਰ ਸੁਟੀ ਜਾਂਦੇ ਹਨ; ਉਤਰ ਗਿਆ ਅਤੇ ਦੂਜੇ ਦਿਨ ਅੰਮ੍ਰਿਤ ਛਕਣ ਵਾਸਤੇ, ਜਿਸ ਵਿਚ ਪਹਿਲੀ ਵਾਰੀ ਜਾਤ-ਪਾਤ ਨੂੰ ਤੋੜਿਆ ਗਿਆ ਸੀ, ਵੀਹ ਹਜ਼ਾਰ ਸਿੰਘ ਨਿਤਰਿਆ। ਸਚਮੁੱਚ ਹੀ ਬਾਣੀ ਵਿਚ ਅਥਾਹ ਸ਼ਕਤੀ ਹੈ ਜਿਸਨੂੰ ਨਾਪਣਾ-ਤੋਲਣਾ ਮਨੁੱਖੀ ਮਨ ਦੀ ਸ਼ਕਤੀ ਤੋਂ ਉਪਰ ਹੈ। ਜਦੋਂ ਉਹ ਖੰਡੇ ਬਾਟੇ ਦੇ ਨਾਲ ਲਾ ਕੇ ਪਾਹੁਲ ਬਣਾ



Sri Satguru Jagjit Singh Ji eLibrary NamdhariElibrary@gmail.com

ਕੇ ਛਕਾਈ ਗਈ ਤਾਂ ਇਸਦਾ ਅਸਰ ਪ੍ਰਤੱਖ ਰੂਪ ਵਿਚ ਦਿਸ ਰਿਹਾ ਸੀ। ਅੰਮ੍ਰਿਤਧਾਰੀ ਸਿੰਘਾਂ ਵਿਚ ਇਕ ਅਥਾਹ ਜੋਸ਼, ਸਵੈਮਾਨ, ਕੁਰਬਾਨੀ ਦਾ ਜਜ਼ਬਾ ਸਰਬੱਤ ਦੇ ਭਲੇ ਦੀ ਲੋਚਾ ਇਉਂ ਜਾਗ ਗਈ ਜਿਵੇਂ ਕੋਈ ਬਹੁਤ ਵੇਗ ਵਾਲਾ ਚਸ਼ਮਾ ਧਰਤੀ ਵਿਚੋਂ ਬੰਜਰ ਜ਼ਮੀਨਾਂ ਦੀ ਪਿਆਸ ਬੁਝਾਉਣ ਲਈ ਫੁੱਟ ਗਿਆ ਹੋਵੇ।

ਵਿਸਾਖੀ ਦੇ ਦਿਨ ਦੀ ਬਹੁਤ ਮਹੱਤਤਾ ਹੈ। ਇਸੇ ਦਿਨ ਗੁਰੂ ਨਾਨਕ ਦੇਵ ਜੀ ਮਹਾਰਾਜ, ਧਰਤ ਲੋਕਾਈ ਨੂੰ ਸੋਧਣ ਲਈ ਚੱਲੇ, ਇਸੇ ਦਿਨ ਹੀ ਗੋਇੰਦਵਾਲ ਸਾਹਿਬ ਬਾਉਲੀ ਦਾ ਕੜ ਟੁੱਟਿਆ, ਦੁਖਭੰਜਨੀ ਬੇਰੀ ਹੇਠ ਇਸੇ ਦਿਨ ਹੀ ਰਜਨੀ ਦਾ ਪਿੰਗਲਾ ਪਤੀ ਰਾਜ਼ੀ ਹੋਇਆ, ਤੇ ਅੰਮ੍ਰਿਤਸਰ ਦਾ ਪਵਿੱਤਰ ਤੀਰਥ ਪ੍ਰਗਟ ਹੋਇਆ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ ਬਾਬਾ ਬਕਾਲਾ ਆਦੇਸ਼ ਹੋਇਆ ਅਤੇ ਇਸੇ ਦਿਨ ਹੀ ਇਨਸਾਨੀਅਤ ਦੇ ਇਤਿਹਾਸ ਵਿਚ ਸੰਤ ਸਿਪਾਹੀ ਦਾ ਆਦਰਸ਼ ਖਾਲਸਾ ਰੂਪ ਵਿਚ ਪ੍ਰਗਟ ਹੋਇਆ।

ਗੁਰੂ ਮਹਾਰਾਜ ਜੀ ਨੇ ਇਸ ਖਾਲਸਾ ਸਿਧਾਂਤ ਨੂੰ ਸਪਸ਼ਟ ਕਰਦਿਆਂ ਕਿਹਾ ਕਿ –

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਆਤਮਾ ਦੇ ਰਸ ਵਿਚ ਲੀਨ ਮਹਾਨ ਉਚੇ ਪੁਰਸ਼ ਨੂੰ ਖਾਲਸਾ ਸੰਗਿਆ ਪ੍ਰਦਾਨ ਕੀਤੀ ਜਿਸ ਆਦਰਸ਼ਧਾਰੀ ਨੂੰ ਗੁਰੂ ਸਾਹਿਬ ਨੇ ਆਪਣਾ ਰੂਪ ਕਥਨ ਕੀਤਾ ਤੇ ਕਿਹਾ –

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)*

ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਛਕਾ ਕੇ ਉਨ੍ਹਾਂ ਹੀ ਪੰਜਾਂ ਤੋਂ ਉਸੇ ਵਿਧੀ ਨਾਲ ਆਪ ਅੰਮ੍ਰਿਤ ਛਕ ਕੇ, ਆਪਣੀ ਮਹਾਨ ਬਲ ਭਰੀ ਸ਼ਕਤੀਸ਼ਾਲ ਪ੍ਰੇਮ ਪੂਜਨੀਕ ਪ੍ਰਮੇਸ਼ਰ ਰੂਪ ਹਸਤੀ ਨੂੰ ਸਦਾ-ਸਦਾ ਲਈ ਆਪਣੇ ਹੀ ਗੁਰਮੁਖ ਪਿਆਰਿਆਂ ਵਿਚ ਲੀਨ ਕਰ ਦਿਤਾ ਅਤੇ ਇਹ ਬਚਨ ਫੁਰਮਾਇਆ –

*ਪੰਥ ਖਾਲਸਾ ਖੇਤੀ ਮੇਰੀ॥*
*ਕਰਉ ਸੰਭਾਲ ਮਹਿ ਤਿਸ ਕੇਰੀ॥*

ਗੁਰੂ ਮਹਾਰਾਜ ਜੀ ਨੇ ਮੁਰਦਿਆਂ ਦੇ ਵਿਚ, 'ਜੀਵਨ' ਦਾ ਟੀਕਾ ਲਾਇਆ ਜਿਨ੍ਹਾਂ ਨੇ ਆਪਣੇ ਫਰਜ਼ਾਂ ਦੀ ਪੂਰਤੀ ਨੂੰ ਪਹਿਚਾਣਦਿਆਂ ਹੋਇਆਂ, ਸਮੁੱਚੇ ਦੇਸ਼ ਦਾ ਇਤਿਹਾਸ ਬਦਲ ਕੇ ਰੱਖ ਦਿਤਾ। ਅੱਜ ਦੀ ਸ਼ਾਂਤੀ, ਖੁਸ਼ਹਾਲੀ ਉਨ੍ਹਾਂ ਆਦਰਸ਼ਕ ਖਾਲਸਾ ਵਿਅਕਤੀਆਂ ਦੀ ਮਹਾਨ ਦੇਣ ਹੈ ਜਿਨ੍ਹਾਂ ਦੇ ਰੋਮ-ਰੋਮ ਵਿਚ ਵਾਹਿਗੁਰੂ ਨਾਮ ਦੀਆਂ ਧੁਨੀਆਂ ਗੁੰਜਾਰ ਪਾਉਂਦੀਆਂ ਸਨ ਤੇ ਸਦਾ ਹੀ ਵਾਹਿਗੁਰੂ ਜੀ ਨਾਲ ਇਕ-ਮਿਕ ਹੋਈ ਲਿਵ ਅਵਸਥਾ ਵਿਚ ਵਿਚਰਦੇ ਸਨ। ਪੁਰਾਤਨ ਗੁਰਸਿੱਖ ਨਾਮ ਬਾਣੀ ਨਾਲ ਐਉਂ ਜੁੜੇ ਹੋਏ ਸਨ ਜਿਵੇਂ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ – 708*

ਅਜ ਜਦ ਅਸੀਂ ਉਸ ਆਦਰਸ਼ ਦੀ ਗੰਭੀਰ ਪੜਚੋਲ ਕਰਦੇ ਹਾਂ ਤਾਂ ਸਪਸ਼ਟ ਹੁੰਦਾ ਹੈ ਕਿ ਅੱਜ ਦੇ ਸਿੱਖ ਵਿਚ ਖਾਲਸਾ ਆਦਰਸ਼ ਮੱਧਮ ਹੋ ਚੁੱਕਿਆ ਹੈ। ਗੁਰੂ ਸਾਹਿਬ ਜੀ ਨੇ ਸੰਤਾਂ ਨੂੰ ਸਿਪਾਹੀ ਬਣਾਇਆ ਸੀ ਜੋ ਸਦਾ ਹੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ, ਸ਼ਬਦ, ਸਪਰਸ਼, ਰੂਪ, ਰਸ, ਗੰਧ ਨਾਲ ਜੂਝਦੇ ਰਹਿੰਦੇ ਸਨ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗਾਂ ਨੂੰ ਦਬਾ ਕੇ ਰਖਦੇ ਸਨ। ਹੰਸ, ਹੇਤ, ਕੋਪ, ਲੋਭ ਚਾਰੇ ਨਦੀਆਂ ਦੀਆਂ ਅੱਗਾਂ ਸ਼ਾਂਤ ਕਰਕੇ ਰਖਦੇ ਸਨ ਅਤੇ ਸਦਾ ਹੀ ਅੰਤਰੀਵੀ ਜੁੱਧ ਦੀ ਵਿਚਾਰ ਕਰਦਿਆਂ ਸਾਵਧਾਨੀ ਵਰਤਦੇ ਰਹਿੰਦੇ ਸਨ ਜਿਨ੍ਹਾਂ ਦੇ ਰੋਮ-ਰੋਮ ਵਿਚ ਨਾਮ ਦੀਆਂ ਧੁਨੀਆਂ ਗੂੰਜਦੀਆਂ ਸਨ ਜਿਹੜੇ ਆਪਣੇ ਅੰਦਰੋਂ ਹੀ ਪ੍ਰਮੇਸ਼ਰ ਦੀ ਖੋਜ ਕਰਕੇ ਪ੍ਰਭੂ ਨੂੰ ਪਾ ਲਿਆ ਕਰਦੇ ਸਨ ਅਤੇ ਘਟ-ਘਟ ਵਿਚ ਵਿਆਪਕ ਪ੍ਰਭੂ ਜੋਤ ਨੂੰ ਪਛਾਣਦਿਆਂ ਜਨ ਸੇਵਾ ਨੂੰ ਪੂਰੀ ਨਿਸ਼ਕਾਮਤਾ ਨਾਲ, ਸਮਝਦਿਆਂ, ਆਪਣਾ ਪ੍ਰਮ ਫਰਜ਼ ਨਿਭਾਇਆ ਕਰਦੇ ਸਨ; ਉਹ ਵਜੂਦ 'ਖਾਲਸਾ' ਹੋਇਆ ਕਰਦਾ ਸੀ ਅਤੇ 'ਖਾਲਸਾ' ਵਾਹਿਗੁਰੂ ਦੀ ਫੌਜ ਅਤੇ ਵਾਹਿਗੁਰੂ ਦੀ ਮੌਜ ਵਿਚ ਪ੍ਰਗਟ ਹੋਇਆ ਕਲਜੁਗ ਦੇ ਮਹਾਂ ਅੰਧਕਾਰ ਦੇ ਵਾਤਾਵਰਣ ਨਾਲ ਜੂਝਣ ਵਾਲਾ ਆਦਰਸ਼ ਸੀ।

*ਖ਼ਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*
*(ਸਰਬ ਲੋਹ ਗ੍ਰੰਥ 'ਚੋਂ)*

ਪਰ ਜਦੋਂ ਅਸੀਂ ਹੁਣ ਇਨ੍ਹਾਂ ਆਦਰਸ਼ਾਂ ਦੇ ਚਾਨਣੇ ਵਿਚ ਪੜਚੋਲ ਕਰਦੇ ਹਾਂ ਤਾਂ ਇਹ ਉਚ ਆਦਰਸ਼ ਸਮੇਂ ਦੇ ਕਲਜੁਗੀ ਪ੍ਰਭਾਵ ਵਿਚ ਕਾਫੀ ਹੱਦ ਤਕ ਅਲੋਪ ਹੋਏ ਪ੍ਰਤੀਤ ਦਿੰਦੇ ਹਨ ਪਰ ਫੇਰ ਵੀ ਕੁਝ ਸੰਪ੍ਰਦਾਵਾਂ, ਜੱਥੇ ਐਸੇ ਹਨ ਜਿਨ੍ਹਾਂ ਨੇ ਇਸ ਖਾਲਸਾ ਆਦਰਸ਼ ਨੂੰ ਆਪਣੇ ਸੁਆਸਾਂ ਗਿਰਾਸਾਂ ਵਿਚ ਸਮਾਇਆ ਹੋਇਆ ਹੈ। ਉਨ੍ਹਾਂ ਦੀ ਬੋਲ-ਬਾਣੀ ਅਤੇ ਜੀਵਨ ਚਾਲ ਖਾਲਸੇ ਦੇ ਆਦਰਸ਼ ਨੂੰ ਉਜਾਗਰ ਕਰਦੀ ਹੈ ਪਰ ਇਕ ਬਹੁਤ ਵੱਡਾ ਅੰਗ ਨਾਮ ਸ਼ਕਤੀ ਤੋਂ ਟੁਟਿਆ ਹੋਇਆ ਪ੍ਰਤੀਤ ਦਿੰਦਾ ਹੈ। ਖਾਲਸੇ ਦੀ ਜਿੱਤ ਹਰ ਮੈਦਾਨ ਵਿਚ ਭਾਵੇਂ ਉਹ ਆਰਥਿਕ ਹੈ, ਰਾਜਸੀ ਹੈ, ਭਾਈਚਾਰਕ ਹੈ, ਰੂਹਾਨੀ ਹੈ, ਇਸ ਗੱਲ ਉਪਰ

(ਬਾਕੀ ਪੰਨਾ 54 ਤੇ)



Sri Satguru Jagjit Singh Ji eLibrary NamdhariElibrary@gmail.com

# ਸੰਤ ਤੁਮਾਰੇ ਤੁਮਰੇ ਪ੍ਰੀਤਮ

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ -54 )*

## ਸਮਝਦਾਰ ਤੇ ਸਿਆਣੇ ਬੱਚੇ

ਜਦੋਂ ਆਪ ਜੀ ਇਥੇ ਚੰਡੀਗੜ੍ਹ ਨਿਵਾਸ ਰੱਖਦੇ ਸੀ ਤਾਂ ਆਪ ਦੇ ਬੱਚੇ ਛੋਟੀਆਂ ਕਲਾਸਾਂ ਵਿਚ ਪੜ੍ਹਿਆ ਕਰਦੇ ਸਨ ਤੇ ਬੀਜੀ ਨੇ ਇਹ ਗੱਲ ਮੈਨੂੰ ਕਈ ਵੇਰਾਂ ਦੱਸੀ ਸੀ ਕਿ ਮੈਂ ਬੱਚਿਆਂ ਨੂੰ ਕਹਿਣਾ ਕਿ 'ਪਾਪਾ ਜੀ' ਪਾਸੋਂ ਸਕੂਲ ਦਾ ਕੰਮ ਪੁਛ ਲਵੋ ਤੇ ਉਨ੍ਹਾਂ ਦੇ ਕੋਲ ਬੈਠ ਕੇ ਪੜ੍ਹਾਈ ਕਰੋ, ਤਾਂ ਚਾਰੇ ਬੱਚਿਆਂ ਨੇ ਆ ਜਾਣਾ। ਥੋੜ੍ਹੀ ਦੇਰ ਤਾਂ ਬਾਬਾ ਜੀ ਨੇ ਦੱਸਦੇ ਰਹਿਣਾ ਤੇ ਉਨ੍ਹਾਂ ਨੂੰ ਕੰਮ ਕਰਵਾ ਦੇਣਾ, ਉਨ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਦੇ ਦੇਣਾ। ਉਸ ਤੋਂ ਬਾਅਦ ਉਨ੍ਹਾਂ ਨੇ ਅੱਖਾਂ ਮੀਟ ਕੇ ਬੈਠ ਜਾਣਾ। ਬੱਚਿਆਂ ਨੇ ਦੇਖਣਾ ਕਿ ਪਾਪਾ ਜੀ ਤਾਂ ਸਮਾਧੀ ਸਥਿਤ ਹੋ ਗਏ ਹਨ, ਥੋੜ੍ਹਾ ਖੜਕਾ ਵਗੈਰਾ ਕਰਨ ਤੇ ਜਦ ਉਨ੍ਹਾਂ ਨੇ ਨੇਤਰ ਨਾ ਖੋਲ੍ਹਣੇ ਤਾਂ ਸਾਰਿਆਂ ਨੇ ਅੱਖ ਬਚਾ ਕੇ, ਇਕ ਇਕ ਕਰਕੇ ਖਿਸਕ ਜਾਣਾ ਤੇ ਬਾਬਾ ਜੀ ਨੂੰ ਬਿਲਕੁਲ ਪਤਾ ਨਾ ਲਗਣਾ ਕਿ ਬੱਚੇ ਕਦੋਂ ਦੇ ਖੇਡਣ ਗਏ ਹੋਏ ਹਨ। ਜਦੋਂ ਬੀਜੀ ਨੇ ਉਸ ਕਮਰੇ ਵਿਚ ਆ ਕੇ ਦੇਖਣਾ ਤੇ ਹੈਰਾਨ ਹੋ ਜਾਣਾ ਕਿ ਬੱਚੇ ਤਾਂ ਹੈ ਨਹੀਂ ਪਰ ਉਨ੍ਹਾਂ ਦੀਆਂ ਕਿਤਾਬਾਂ ਕਾਪੀਆਂ ਪਈਆਂ ਹਨ। ਪਰ ਬੀਜੀ ਕਦੀ ਵੀ ਬਾਬਾ ਜੀ ਦੀ ਭਗਤੀ ਵਿਚ ਵਿਘਨ ਨਹੀਂ ਸਨ ਪਾਉਂਦੇ। ਬੱਸ ਇਤਨਾ ਹੀ ਕਹਿ ਛੱਡਦੇ ਸੀ ਕਿ ਤੁਸੀਂ ਤਾਂ ਅੱਖਾਂ ਮੀਟ ਕੇ ਬੈਠੇ ਹੋਏ ਸੀ ਤੇ ਬੱਚੇ ਇਕ ਇਕ ਕਰਕੇ ਖੇਡਣ ਚਲੇ ਗਏ। ਬਾਬਾ ਜੀ ਨੇ ਕਹਿਣਾ ਕਿ ਮੈਂ ਉਨ੍ਹਾਂ ਨੂੰ ਦੱਸ ਦਿਤਾ ਸੀ ਜੋ ਪੁਛਦੇ ਸੀ ਤੇ ਹੱਸ ਕੇ ਟਾਲ ਦਿੰਦੇ ਸਨ। ਕਈ ਦਫਾ ਘਰ ਵਿਚ ਬੱਚਿਆਂ ਨੇ ਰੇਡਿਓ ਦੀ ਆਵਾਜ਼ ਉਚੀ ਕਰ ਦੇਣੀ ਪਰੰਤੂ ਬਾਬਾ ਜੀ ਦੀ ਸਮਾਧੀ ਵਿਚ ਕੋਈ ਫਰਕ ਨਹੀਂ ਸੀ ਪਿਆ ਕਰਦਾ। ਉਹ ਆਪ ਇਹ ਗੱਲ ਦਸਿਆ ਕਰਦੇ ਸੀ ਕਿ ਮੇਰੇ ਲਾਗੇ ਭਾਵੇਂ ਕੁਝ ਵੀ ਰੌਲਾ ਰੱਪਾ ਹੁੰਦਾ ਰਹਿੰਦਾ ਸੀ ਪਰ ਮੇਰੀ ਸਮਾਧੀ ਇੰਨੀ ਡੂੰਘੀ ਹੁੰਦੀ ਸੀ ਕਿ ਮੈਨੂੰ ਬਾਹਰਲੇ ਕੰਨਾਂ ਰਾਹੀਂ ਕੋਈ ਆਵਾਜ਼ ਨਹੀਂ ਸੀ ਸੁਣਦੀ, ਮੈਂ ਤਾਂ ਕੇਵਲ ਅੰਦਰਲੇ ਕੰਨਾਂ ਨਾਲ ਸ਼ਬਦ ਦੀ ਗੂੰਜ ਤੇ ਅਨੇਕ ਤਰ੍ਹਾਂ ਦੇ ਸਾਜਾਂ ਦੀਆਂ ਆਵਾਜ਼ਾਂ ਵਿਚ ਮਸਤ ਹੁੰਦਾ ਸੀ। ਇਸ ਕਰਕੇ ਮੈਂ ਬੱਚਿਆਂ ਨੂੰ ਕਦੀ ਕੁਝ ਨਹੀਂ ਕਿਹਾ ਕਿ ਤੁਸੀਂ ਕਿਉਂ ਰੌਲਾ ਪਾਉਂਦੇ ਹੋ ਅਤੇ ਨਾ ਹੀ ਕਿਸੇ ਨੂੰ ਝਿੜਕਿਆ ਸੀ, ਮਾਰਨਾ ਤਾਂ ਕਿਧਰੇ ਰਿਹਾ। ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਆਪ ਨੇ ਪੂਰਨ ਗੁਰਮੁਖ ਦਾ, ਭਗਤੀ ਭਾਵ ਵਾਲਾ ਜੀਵਨ, ਬਤੀਤ ਕੀਤਾ ਜੋ ਆਪਣੇ ਆਪ ਵਿਚ ਇਕ ਮਿਸਾਲ ਹੈ ਤੇ ਸਤਿਗੁਰੂ ਜੀ ਦਾ ਇਸ ਬਾਰੇ ਫੁਰਮਾਨ ਹੈ -

***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਪੰਨਾ - 522***

ਬੀਜੀ ਦੱਸਿਆ ਕਰਦੇ ਸੀ ਕਿ ਉਸ ਵੇਲੇ ਚਾਰੇ ਬੱਚੇ ਪੜ੍ਹਦੇ ਸੀ ਅਤੇ ਕੇਵਲ ਬਾਬਾ ਜੀ ਦੀ ਨੌਕਰੀ ਤੇ ਹੀ ਗੁਜ਼ਾਰਾ ਚਲਦਾ ਸੀ। ਪਿੰਡ ਦੀ ਜ਼ਮੀਨ ਆਦਿ ਤੋਂ ਕਦੀ ਵੀ ਉਨ੍ਹਾਂ ਨੇ ਕੋਈ ਵਟਤ ਨਹੀਂ ਸੀ ਲਈ ਅਤੇ ਨਾ ਹੀ ਕਿਸੇ ਨੇ ਦਿਤੀ ਸੀ। ਬਾਬਾ ਜੀ ਦੇ ਹਿਸੇ ਦੀ ਜ਼ਮੀਨ ਦੀ ਵਟਾਈ ਆਦਿ ਤਾਂ ਕਿਧਰੇ ਰਹੀ, ਹਿੱਸਾ ਵੀ ਇਨ੍ਹਾਂ ਨੂੰ ਨਹੀਂ ਸੀ ਮਿਲਿਆ। ਪਰ ਬਾਬਾ ਜੀ ਨੇ ਕਦੀ ਕੋਈ ਸ਼ਿਕਵਾ ਨਹੀਂ ਸੀ ਕੀਤਾ, ਨਾ ਹੀ ਕਦੇ ਕਿਸੇ ਨੂੰ ਕਿਹਾ ਸੀ ਕਿਉਂਕਿ ਸਾਰਾ ਪਰਿਵਾਰ ਸਾਂਝਾ ਸੀ। ਬੱਚੇ ਬਹੁਤ ਸਮਝਦਾਰ ਤੇ ਸਿਆਣੇ ਸਨ ਕਿ ਕਦੀ ਉਨ੍ਹਾਂ ਨੇ ਕੋਈ ਫਾਲਤੂ ਮੰਗ ਨਹੀਂ ਸੀ ਰੱਖੀ। ਜਿਸ ਤਰ੍ਹਾਂ ਦੇ ਸਿਧੇ ਸਾਦੇ ਕਪੜੇ ਹੁੰਦੇ ਸੀ, ਉਹ ਪਾ ਕੇ ਸਕੂਲ ਚਲੇ ਜਾਂਦੇ ਸੀ ਪਰ ਪੜ੍ਹਾਈ ਵਿਚ ਸਾਰੇ ਹੀ ਹੁਸ਼ਿਆਰ ਸਨ।

## ਚੰਡੀਗੜ੍ਹ ਵਿਚ ਸੰਤ ਮਹਾਰਾਜ ਜੀ ਦੇ ਦੀਵਾਨ

ਚੰਡੀਗੜ੍ਹ ਵਿਚ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦੇ ਦੀਵਾਨ ਲਗਾਉਣ ਦਾ ਸਿਹਰਾ ਬਾਬਾ ਜੀ ਦੇ ਸਿਰ ਜਾਂਦਾ ਹੈ। ਬਾਬਾ ਜੀ ਹਰ ਸਾਲ ਸੰਤ ਮਹਾਰਾਜ ਜੀ ਦੇ ਦੀਵਾਨ ਚੰਡੀਗੜ੍ਹ ਦੇ ਸੈਕਟਰ 22, ਸੈਕਟਰ 19, ਅਤੇ ਸੈਕਟਰ 27 ਦੇ ਗੁਰਦਵਾਰਿਆਂ ਵਿਚ ਕਰਵਾਇਆ ਕਰਦੇ ਸਨ ਜਿਸ ਦਾ ਸਦਕਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਰੂਹਾਨੀ ਪ੍ਰਵਚਨਾਂ ਦਾ ਅਨੰਦ ਮਾਣ ਕੇ ਗੱਦ ਗੱਦ ਹੁੰਦੀਆਂ ਸਨ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਦੇ ਲੜ ਲਗਦੀਆਂ ਸਨ। ਸੰਤ ਮਹਾਰਾਜ ਜੀ ਦੇ ਵਿਸ਼ਰਾਮ ਤੇ ਲੰਗਰ ਆਦਿ ਦਾ ਸਾਰਾ ਪਰਬੰਧ ਬਾਬਾ ਜੀ ਦੇ ਜ਼ਿੰਮੇ ਹੁੰਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਜਦੋਂ ਸੰਤ ਮਹਾਰਾਜ ਜੀ ਨੇ ਚੰਡੀਗੜ੍ਹ ਆਉਣਾ ਹੁੰਦਾ ਤਾਂ ਮੈਂ ਕਦੇ ਕਦੇ ਕਰਜ਼ਾ ਲੈ ਲਿਆ ਕਰਦਾ ਸੀ। ਪਹਿਲਾਂ ਪਹਿਲ ਤਿੰਨ ਚਾਰ ਵੇਰਾਂ ਤਾਂ ਸੰਤ ਮਹਾਰਾਜ ਡਾਕਟਰ ਅਜਮੇਰ ਸਿੰਘ ਦੇ ਗ੍ਰਹਿ ਉਨ੍ਹਾਂ ਦੀ ਕੋਠੀ ਵਿਸ਼ਰਾਮ ਕਰਿਆ ਕਰਦੇ, ਉਸ ਤੋਂ ਬਾਅਦ ਜਿੰਨੀ ਵੇਰਾਂ ਵੀ ਦੀਵਾਨ ਚੰਡੀਗੜ੍ਹ ਵਿਖੇ ਲੱਗੇ, ਸਾਰਾ ਪ੍ਰਬੰਧ ਬਾਬਾ ਜੀ ਕਰਿਆ ਕਰਦੇ ਸੀ। ਜਿੰਨਾਂ ਕਰਜ਼ਾ ਲਿਆ ਹੁੰਦਾ ਸੀ, ਉਹ ਸਾਲ ਵਿਚ ਥੋੜ੍ਹਾ ਥੋੜ੍ਹਾ ਕਰਕੇ ਉਤਾਰ ਦਿੰਦੇ ਸੀ ਅਤੇ ਨਵੇਂ ਸਾਲ ਵਿਚ ਫੇਰ ਬੁਲਾ ਲੈਣਾ। ਬੀਜੀ ਦੇ ਨਾਲ ਇਕ ਬੀਬੀ ਹੋਰ ਸੇਵਾ ਕਰਨ ਆਇਆ ਕਰਦੀ ਸੀ। ਬੀਜੀ ਨੇ ਸੰਤ ਮਹਾਰਾਜ ਜੀ ਨਾਲ ਜਿੰਨੀ ਸੰਗਤ ਹੋਣੀ, ਉਨ੍ਹਾਂ ਦਾ ਅਤੇ ਜਥੇ ਦੇ ਲੰਗਰ ਦਾ ਸਾਰਾ



Sri Satguru Jagjit Singh Ji eLibrary NamdhariElibrary@gmail.com

ਪ੍ਰਬੰਧ ਆਪ ਕਰਨਾ ਹੁੰਦਾ ਸੀ। ਸਰਦੀਆਂ ਦੇ ਦਿਨਾਂ ਵਿਚ ਅੰਮ੍ਰਿਤ ਵੇਲੇ ਜਾਗ ਕੇ ਸੰਤ ਮਹਾਰਾਜ ਜੀ ਦੇ ਨਹਾਉਣ ਵਾਸਤੇ ਪਾਣੀ ਗਰਮ ਕਰਨਾ, ਫੇਰ ਚਾਹ ਪਾਣੀ ਲੰਗਰ ਦਾ ਪ੍ਰਬੰਧ ਸਮੇਂ ਸਿਰ ਕਰਨਾ ਹੁੰਦਾ ਸੀ। ਬੀਜੀ ਦਿਨ ਰਾਤ ਸੇਵਾ ਵਿਚ ਲੱਗੇ ਰਹਿੰਦੇ ਸੀ। ਰਾਤ ਨੂੰ ਜਥੇ ਨੇ ਤੇ ਸੰਤ ਮਹਾਰਾਜ ਜੀ ਨੇ ਦੀਵਾਨ ਤੋਂ ਆਉਣਾ ਤਾਂ ਲੰਗਰ ਆਦਿ ਛਕਾ ਕੇ ਤੇ ਬਰਤਨ ਵਗੈਰਾ ਸਾਫ ਕਰਕੇ ਰਾਤ ਦੇ 12 ਵਜੇ ਆਰਾਮ ਕਰਨਾ। ਸੰਤ ਮਹਾਰਾਜ ਸਵੇਰੇ 2 ਵਜੇ ਫਿਰ ਜਾਗ ਪੈਂਦੇ ਸੀ। ਸੰਤ ਮਹਾਰਾਜ ਜੀ ਦਾ ਵਿਸ਼ਰਾਮ ਉਪਰਲੀ ਮੰਜ਼ਲ ਤੇ ਸੀ ਅਤੇ ਬਾਬਾ ਜੀ, ਬੀਜੀ ਥੱਕ ਕੇ ਪੌੜੀਆਂ ਦੇ ਅੱਗੇ ਜ਼ਮੀਨ ਤੇ ਹੀ ਸੌਂ ਜਾਇਆ ਕਰਦੇ ਸਨ। ਬਾਬਾ ਜੀ ਦਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਬਹੁਤ ਦਿਆਲੂ ਤੇ ਕ੍ਰਿਪਾਲੂ ਸਨ। ਇਕ ਵੇਰਾਂ ਬੀਜੀ ਬਿਮਾਰ ਹੋ ਗਏ ਤੇ ਸੰਤ ਮਹਾਰਾਜ ਨੂੰ ਬਾਬਾ ਜੀ ਕਿਸੇ ਤਰ੍ਹਾਂ ਦੱਸ ਬੈਠੇ ਕਿ ਬੀਜੀ ਦੀ ਸਿਹਤ ਠੀਕ ਨਹੀਂ। ਉਸੇ ਦਿਨ ਬੀਜੀ ਠੀਕ ਹੋ ਗਏ ਅਤੇ ਸੰਤ ਮਹਾਰਾਜ ਜੀ ਦੇ ਉਂਗਲ ਤੇ ਪੱਟੀ ਬੱਧੀ ਹੋਈ ਦੇਖੀ ਜੋ ਆਪਨੇ 15 ਦਿਨ ਬੰਨ੍ਹ ਕੇ ਰੱਖੀ। ਜਦੋਂ ਬਾਬਾ ਜੀ ਨੇ ਪੁਛਿਆ ਕਿ ਮਹਾਰਾਜ ਜੀ! ਆਪ ਦੀ ਉਂਗਲੀ ਤੇ ਕੀ ਹੋਇਆ ਹੈ, ਹੱਸ ਕੇ ਕਹਿਣ ਲੱਗੇ ਕਿ ਕੋਈ ਪ੍ਰੇਮੀ ਬੀਮਾਰ ਸੀ, ਉਸ ਦੀ ਬੀਮਾਰੀ ਅਸੀਂ ਲੈ ਕੇ ਰੱਖੀ ਹੋਈ ਹੈ ਤਾਂ ਕਿ ਉਹ ਸੇਵਾ ਕਰ ਸਕੇ। ਇੰਨਾਂ ਕਹਿਣ ਦੀ ਦੇਰ ਸੀ ਕਿ ਬਾਬਾ ਜੀ ਤੇ ਬੀਜੀ ਦੇ ਨੇਤਰਾਂ ਵਿਚੋਂ ਪਿਆਰ ਦੇ ਜਲ ਦੀ ਧਾਰਾ ਵਹਿ ਤੁਰੀ ਤੇ ਬਹੁਤ ਦੇਰ ਬਾਅਦ ਦੋਵੇਂ ਜਣੇ ਸੰਭਲੇ ਅਤੇ ਸੰਤ ਮਹਾਰਾਜ ਜੀ ਦੀ ਦਿਆਲਤਾ ਤੋਂ ਕ੍ਰਿਤ-ਕ੍ਰਿਤ ਹੋ ਰਹੇ ਸਨ ਕਿ ਦੇਖੋ ਕਿਵੇਂ ਉਨ੍ਹਾਂ ਨੇ ਕਸ਼ਟ ਆਪਣੇ ਉਤੇ ਲੈ ਕੇ ਸੇਵਕ ਤੋਂ ਸੇਵਾ ਕਰਵਾਈ ਹੈ। ਪਰੰਤੂ ਜਿਸ ਦਿਨ ਸੰਤ ਮਹਾਰਾਜ ਨੂੰ ਵਿਦਾ ਕੀਤਾ ਤਾਂ ਬੀਜੀ ਫਿਰ ਉਸੇ ਤਰ੍ਹਾਂ ਬੀਮਾਰ ਹੋ ਗਏ ਤੇ ਡਾਕਟਰਾਂ ਪਾਸੋਂ ਦਵਾਈ ਲਈ, ਫੇਰ ਠੀਕ ਹੋਏ।

ਬਾਬਾ ਜੀ ਦੱਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਪਾਸੋਂ ਸਾਡੇ ਘਰ ਦੀ ਮਾਲੀ ਹਾਲਤ ਭੁਲੀ ਹੋਈ ਨਹੀਂ ਸੀ ਤੇ ਪੂਰੇ ਜਾਣੀ ਜਾਣ ਸਨ। ਇਕ ਦਿਨ ਅਸੀਂ ਦੋਵੇਂ ਜਣੇ ਸੰਤ ਮਹਾਰਾਜ ਪਾਸ ਬੈਠੇ ਹੋਏ ਸੀ ਤੇ ਸੰਗਤ ਦਾ ਹੋਰ ਕੋਈ ਪ੍ਰੇਮੀ ਪਾਸ ਨਹੀਂ ਸੀ। ਸੰਤ ਮਹਾਰਾਜ ਬਾਬਾ ਜੀ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ, ਕਿਉਂ ਭਾਈ! ਦਾਨ ਦੇਣ ਨਾਲ ਮਾਇਆ ਘਟ ਜਾਂਦੀ ਹੈ? ਬਾਬਾ ਜੀ ਨੇ ਉਤਰ ਦਿਤਾ ਕਿ ਨਹੀਂ ਮਹਾਰਾਜ। ਸੰਤ ਮਹਾਰਾਜ ਕਹਿਣ ਲੱਗੇ ਕਿ ਜਿਸ ਤਰ੍ਹਾਂ ਜ਼ਮੀਨ ਵਿਚੋਂ ਪਾਣੀ ਦਾ ਚਸ਼ਮਾ ਫੁਟ ਕੇ ਪਾਣੀ ਪੂਰੇ ਜ਼ੋਰ ਨਾਲ ਨਿਕਲਦਾ ਹੈ, ਇਸ ਤਰ੍ਹਾਂ 'ਉਭਲ' ਲੱਗ ਜਾਂਦੀ ਹੈ। ਸੰਤ ਮਹਾਰਾਜ ਜੀ ਦੇ ਬਚਨ ਕਰਨ ਤੋਂ ਭਾਵ ਸੀ ਕਿ ਤੱਤ ਬੇਤੇ ਬ੍ਰਹਮਗਿਆਨੀ ਅਤੇ ਸੰਗਤ ਦੀ ਸੇਵਾ ਕੀਤੀ ਹੋਈ ਨਿਹਫਲ ਨਹੀਂ ਜਾਂਦੀ, ਦਾਨ ਕੀਤਾ ਹੋਇਆ ਨਿਹਫਲ ਨਹੀਂ ਜਾਂਦਾ ਸਗੋਂ ਇਹ ਦਾਨ ਹਜ਼ਾਰਾਂ ਗੁਣਾਂ ਵਧ ਜਾਂਦਾ ਹੈ। ਬਾਬਾ ਜੀ ਤੇ ਬੀਜੀ, ਦੋਵਾਂ ਨੇ ਸਿਰ ਝੁਕਾ ਕੇ ਕਿਹਾ, ਮਹਾਰਾਜ ਜੀ! ਆਪ ਜੀ ਦਾ ਬਚਨ ਸੱਤ ਹੈ ਅਤੇ ਸਾਨੂੰ ਸੌ ਫੀ ਸਦੀ ਵਿਸ਼ਵਾਸ ਹੈ। ਸੰਤ ਮਹਾਰਾਜ ਜੀ ਦੇ ਇਹ ਬਚਨ ਯੂ.ਪੀ. ਫਾਰਮ ਨੂੰ ਆਬਾਦ ਕਰਨ ਤੋਂ ਬਾਅਦ ਪੂਰੇ ਹੋਏ ਜਿਸ ਬਾਰੇ ਪਾਠਕਾਂ ਨੂੰ ਪੁਸਤਕ ਦੇ ਅਗਲੇ ਭਾਗ ਵਿਚ ਗਿਆਤ ਕਰਵਾਇਆ ਜਾਵੇਗਾ।

ਚਾਰੇ ਬੱਚਿਆਂ ਬਾਰੇ ਵੀ ਸੰਤ ਮਹਾਰਾਜ ਜੀ ਨੇ ਪਹਿਲਾਂ ਹੀ ਭਵਿਖਤ ਬਚਨ ਕਰ ਦਿਤੇ ਸੀ ਅਤੇ ਬਾਬਾ ਜੀ ਦੱਸਿਆ ਕਰਦੇ ਸਨ ਕਿ ਇੰਨੀ ਅਪੱਣਤ ਨਾਲ ਉਨ੍ਹਾਂ ਨੇ ਬਚਨ ਕੀਤਾ ਸੀ ਕਿ ਤੁਹਾਨੂੰ ਇਨ੍ਹਾਂ ਦੇ ਭਵਿੱਖਤ ਦਾ ਕੋਈ ਫਿਕਰ ਨਹੀਂ, ਇਹ ਬੱਚੇ ਮੇਰੇ ਹੀ ਹਨ, ਤੁਸੀਂ ਬੇਫਿਕਰ ਰਹੋ। ਜਦੋਂ ਵੀ ਸੰਤ ਮਹਾਰਾਜ ਚੰਡੀਗੜ੍ਹ ਆਉਂਦੇ ਤਾਂ ਬੱਚਿਆਂ ਨਾਲ ਬਹੁਤ ਪਿਆਰ ਕਰਿਆ ਕਰਦੇ ਸਨ। ਵੱਡੇ ਕਾਕੇ ਮਨਜੀਤ ਨੂੰ ਆਪਣੇ ਕਮਰੇ ਵਿਚ ਬੁਲਾ ਲਿਆ ਕਰਦੇ ਸਨ ਅਤੇ ਉਸ ਪਾਸੋਂ ਸਾਇੰਸ ਤੇ ਅੰਗਰੇਜ਼ੀ ਦੀ ਪੁਸਤਕ ਵਿਚੋਂ ਸੁਣਿਆ ਕਰਦੇ ਸਨ। ਇਕ ਵੇਰਾਂ ਕਾਕਾ ਮਨਜੀਤ ਬਿਜਲੀ ਤੇ ਰੋਸ਼ਨੀ ਬਾਰੇ ਪੜ੍ਹ ਕੇ ਸੁਣਾ ਰਿਹਾ ਸੀ ਕਿ ਬਿਜਲੀ ਦੇ ਕਰੰਟ ਤੋਂ ਕਿਸ ਤਰ੍ਹਾਂ ਰੋਸ਼ਨੀ ਉਤਪੰਨ ਹੁੰਦੀ ਹੈ ਅਤੇ ਲਾਈਟ ਦੀ ਸਪੀਡ 1,86,000 ਕਿਲੋਮੀਟਰ ਪ੍ਰਤੀ ਸਕਿੰਟ ਦੀ ਹੈ। ਸਭ ਤੋਂ ਪਹਿਲਾਂ ਸਾਇੰਸਦਾਨ ਐਡੀਸਨ ਨੇ ਇਸ ਨੂੰ ਈਜਾਦ ਕੀਤਾ। ਇਸ ਤਰ੍ਹਾਂ ਨਾਲ ਲਾਈਟ ਦਾ ਕਿੰਨਾ ਸੁਖ ਹੈ ਅਤੇ ਜੇ ਥੋੜ੍ਹੀ ਦੇਰ ਵੀ ਲਾਈਟ ਚਲੀ ਜਾਵੇ ਤਾਂ ਅੰਧੇਰਾ ਛਾ ਜਾਂਦਾ ਹੈ। ਸੰਤ ਮਹਾਰਾਜ ਜੀ ਨੇ ਦੱਸਿਆ ਕਿ ਜੇਕਰ ਲਾਈਟ ਚਲੀ ਜਾਵੇ ਤਾਂ ਵੀ ਅਸੀਂ ਅਨ੍ਹੇਰੇ ਵਿਚ ਆਪਣੀ ਰੋਸ਼ਨੀ ਨਾਲ ਹੀ ਚੀਜ਼ ਲੱਭ ਲੈਂਦੇ ਹਾਂ, ਸਾਨੂੰ ਕੋਈ ਮੁਸ਼ਕਲ ਨਹੀਂ ਆਉਂਦੀ। ਭਜਨ ਬੰਦਗੀ ਤੇ ਨਾਮ ਦੀ ਕਮਾਈ ਸਦਕਾ ਮਹਾਂਪੁਰਸ਼ਾਂ ਦੇ ਅੰਦਰ ਤੇ ਬਾਹਰ ਵੀ ਨਾਮ ਦੀ ਸ਼ਕਤੀ ਹੋਇਆ ਕਰਦੀ ਹੈ, ਉਸ ਨੂੰ ਪ੍ਰਕਾਸ਼ ਰੂਪ ਕਰਕੇ ਉਹ ਇਹ ਕ੍ਰਿਆ ਕਰ ਸਕਿਆ ਕਰਦੇ ਹਨ। ਇਸ ਤਰ੍ਹਾਂ ਨਾਲ ਸਾਰੇ ਬੱਚਿਆਂ ਦਾ ਸੰਤ ਮਹਾਰਾਜ ਜੀ ਨਾਲ ਬਹੁਤ ਸਨੇਹ ਅਤੇ ਉਨ੍ਹਾਂ ਉਤੇ ਪੂਰਨ ਸ਼ਰਧਾ ਸੀ।

ਸੰਤ ਮਹਾਰਾਜ ਜੀ ਦੇ ਜਦੋਂ ਚੰਡੀਗੜ੍ਹ ਦੀਵਾਨ ਲੱਗਦੇ ਸਨ ਤਾਂ ਜਿਥੇ ਆਪ ਨੇ ਦੀਵਾਨਾਂ ਦਾ ਸਾਰਾ ਪ੍ਰਬੰਧ ਕਰਨਾ ਹੁੰਦਾ ਸੀ ਉਥੇ ਸੰਗਤਾਂ ਨੂੰ ਸੰਤ ਮਹਾਰਾਜ ਨਾਲ ਮਿਲਾਉਣ ਦੀ ਵੀ ਡਿਊਟੀ ਆਪ ਦੀ ਹੀ ਹੋਇਆ ਕਰਦੀ ਸੀ। ਆਪ ਜੀ ਸਭ ਨੂੰ ਨੰਬਰਵਾਰ ਖੜ੍ਹੇ ਕਰ ਦਿੰਦੇ, ਲਾਈਨ ਲਗਵਾ ਦਿਆ ਕਰਦੇ ਸਨ। ਜਿਨ੍ਹਾਂ ਨੇ ਘਰੇਲੂ ਸਮਸਿਆਵਾਂ ਦੀ ਗੱਲ ਕਰਨੀ ਹੁੰਦੀ ਉਹਨਾਂ ਨੂੰ ਵੱਖਰੇ ਕੱਢ ਲਿਆ ਕਰਦੇ ਸਨ। ਉਨ੍ਹਾਂ ਵਿਚੋਂ ਜਿਨ੍ਹਾਂ ਦੀ ਸਮੱਸਿਆ ਇਕੋ ਤਰ੍ਹਾਂ ਦੀ ਹੁੰਦੀ,


Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੇ ਗਰੁਪ ਬਣਾ ਕੇ ਇਕੱਠਿਆਂ ਨੂੰ ਲੈ ਜਾ ਕੇ ਸਮੱਸਿਆ ਦਾ ਸਮਾਧਾਨ ਸੰਤ ਮਹਾਰਾਜ ਜੀ ਪਾਸੋਂ ਕਰਵਾ ਦਿਆ ਕਰਦੇ ਸਨ। ਜਿਨ੍ਹਾਂ ਨੇ ਪ੍ਰਮਾਰਥ ਤੇ ਨਾਮ ਬਾਰੇ ਪ੍ਰਸ਼ਨ ਪੁਛਣੇ ਹੁੰਦੇ ਸਨ ਉਨ੍ਹਾਂ ਨੂੰ ਵੱਖਰੇ ਮਿਲਾ ਦਿਆ ਕਰਦੇ ਸਨ। ਇਸ ਤਰ੍ਹਾਂ ਨਾਲ ਘੱਟ ਸਮੇਂ ਵਿਚ ਵੱਧ ਤੋਂ ਵੱਧ ਸੰਗਤ ਨੂੰ ਸੰਤ ਮਹਾਰਾਜ ਨਾਲ ਮਿਲਾ ਦਿਆ ਕਰਦੇ ਸਨ। ਬਾਬਾ ਜੀ ਦੇ ਮਨ ਵਿਚ ਹਮੇਸ਼ਾ ਇਹੋ ਹੁੰਦਾ ਕਿ ਵੱਧ ਤੋਂ ਵੱਧ ਸੰਗਤ ਮਹਾਰਾਜ ਜੀ ਦੇ ਸਮੇਂ ਦਾ ਲਾਭ ਉਠਾ ਸਕੇ। ਇਸ ਪੱਖੋਂ ਸਾਰੇ ਹੈਰਾਨ ਹੋ ਜਾਇਆ ਕਰਦੇ ਸਨ ਕਿਉਂਕਿ ਆਪ ਹਰ ਕੰਮ ਨੂੰ ਕਰਨ ਵਾਸਤੇ ਇਕ ਵਖਰੀ ਹੀ ਵਿਧੀ ਅਪਣਾਇਆ ਕਰਦੇ ਸਨ।

ਇਕ ਦਿਨ ਸੰਤ ਮਹਾਰਾਜ ਜੀ ਦੀ ਕੁਰਸੀ ਲੱਗੀ ਹੋਈ ਸੀ ਤਾਂ ਜਦੋਂ ਘਰੇਲੂ ਸਮੱਸਿਆਵਾਂ ਵਾਲੇ ਸਾਰੇ ਪ੍ਰੇਮੀ ਭੁਗਤ ਗਏ ਤਾਂ ਜਗਿਆਸੂ, ਜੋ ਨਾਮ ਅਭਿਆਸੀ ਸਨ, ਉਹ ਰਹਿ ਗਏ ਤੇ ਸੰਤ ਮਹਾਰਾਜ ਜੀ ਨੇ ਸਾਰਿਆਂ ਨੂੰ ਕਿਹਾ, ਭਾਈ ਬੈਠ ਜਾਵੋ, ਜਿਸ ਨੇ ਪ੍ਰਸ਼ਨ ਕਰਨਾ ਹੈ ਉਠ ਕੇ ਕਰੋ ਤੇ ਫੇਰ ਧਿਆਨ ਨਾਲ ਸੁਣਿਓ। ਇਕ ਪੰਡਤ ਸੀ ਜੋ ਕਾਫੀ ਉਮਰ ਦਾ ਸੀ, ਉਠ ਕੇ ਖੜ੍ਹਾ ਹੋ ਗਿਆ ਤੇ ਉਸ ਨੇ ਕਿਹਾ ਕਿ ਮਹਾਰਾਜ! ਸੁਣਨ ਦੀ ਕੋਸ਼ਿਸ਼ ਕਰਦਾ ਹਾਂ ਪਰ ਸੁਣਦਾ ਨਹੀਂ, ਦੇਖਣ ਦੀ ਕੋਸ਼ਿਸ਼ ਕਰਦਾ ਹਾਂ ਪਰ ਦਿਸਦਾ ਨਹੀਂ, ਇਸ ਦਾ ਕੀ ਕਾਰਨ ਹੈ? ਇਹ ਪ੍ਰਸ਼ਨ ਸੁਣ ਕੇ ਜਿੰਨੇ ਪ੍ਰੇਮੀ ਬੈਠੇ ਸਨ ਹੈਰਾਨ ਹੋ ਰਹੇ ਸਨ। ਸੰਤ ਮਹਾਰਾਜ ਜੀ ਨੇ ਮੁਸਕਰਾ ਕੇ ਉਤਰ ਦਿਤਾ ਕਿ ਭਾਈ ਅਭਿਆਸ ਦੀ ਕਮੀ ਹੈ, ਅਭਿਆਸ ਕਰਿਆ ਕਰੋ, ਫੇਰ ਸੁਣ ਵੀ ਜਾਵੇਗਾ ਤੇ ਦਿਸ ਵੀ ਜਾਵੇਗਾ।

ਇਸ ਤੋਂ ਬਾਅਦ ਤਿੰਨ ਚਾਰ ਹੋਰ ਪ੍ਰੇਮੀ ਇਕੱਠੇ ਉਠ ਕੇ ਖੜ੍ਹੇ ਹੋਏ ਤੇ ਕਹਿਣ ਲੱਗੇ, ਮਹਾਰਾਜ ਜੀ! ਅਸੀਂ ਚਾਰੇ ਜਣੇ ਕਲ ਸ਼ਾਮ ਨੂੰ 19 ਸੈਕਟਰ ਵਿਚੋਂ ਦੀ ਲੰਘੇ ਜਾ ਰਹੇ ਸੀ ਕਿ ਅਸੀਂ ਆਪ ਜੀ ਦੇ ਕੀਰਤਨ ਦੀ ਆਵਾਜ਼ ਸੁਣੀ ਅਤੇ ਉਸ ਆਵਾਜ਼ ਦੀ ਸੇਧ ਵਿਚ ਅਸੀਂ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਦੇਖਿਆ ਕਿ ਸੰਗਤ ਤਾਂ ਬਾਹਰ ਸਕੂਲ ਦੇ ਗਰਾਉਂਡ ਵਿਚ ਵੀ ਬੈਠੀ ਹੋਈ ਹੈ, ਅਸੀਂ ਵੀ ਇਕ ਪਾਸੇ ਹੋ ਕੇ ਆਪ ਜੀ ਦੇ ਬਚਨ ਤੇ ਕੀਰਤਨ ਸੁਣਦੇ ਰਹੇ। ਆਪ ਦੀ ਆਵਾਜ਼ ਵਿਚ ਐਸੀ ਚੁੰਬਕੀ ਖਿੱਚ ਸੀ ਕਿ ਸਾਡੇ ਅੰਦਰੋਂ ਦੀ ਚੀਰਦੀ ਜਾ ਰਹੀ ਸੀ ਜਿਸ ਦਾ ਸਦਕਾ ਅਸੀਂ ਅੱਜ ਆਪ ਦੇ ਦਰਸ਼ਨ ਅਤੇ ਪ੍ਰਵਚਨ ਸੁਣਨ ਵਾਸਤੇ ਆਏ ਹਾਂ। ਕਿਰਪਾ ਕਰਕੇ ਇਹ ਦੱਸੋ ਕਿ ਕੇਵਲ ਆਪ ਦੀ ਆਵਾਜ਼ ਵਿਚ ਹੀ ਐਸੀ ਖਿਚ ਤੇ ਆਕਰਸ਼ਣ ਕਿਉਂ ਹੈ? ਸੰਤ ਮਹਾਰਾਜ ਮੁਸਕਰਾ ਕੇ ਕਹਿਣ ਲੱਗੇ, ਪ੍ਰੇਮੀਓ! ਐਸੀ ਗੱਲ ਨਹੀਂ, ਇਹ ਗੱਲ ਸਰੋਤੇ ਤੇ ਵਕਤੇ ਤੇ ਨਿਰਭਰ ਕਰਿਆ ਕਰਦੀ ਹੈ। ਜਦੋਂ ਸਰੋਤੇ ਦਾ ਮਨ ਇਕਾਗਰ ਹੋਵੇ, ਉਧਰ ਕਥਾ ਤੇ ਕੀਰਤਨ ਕਰਨ ਵਾਲਾ ਉਸ ਪ੍ਰਭੂ ਨਾਲ ਇਕ ਮਿਕ ਹੋ ਕੇ ਕੀਰਤਨ ਕਰ ਰਿਹਾ ਹੋਵੇ ਤਾਂ ਫੇਰ ਇਹ ਰੇਡੀਏਸ਼ਨ ਪੈਦਾ ਹੋ ਜਾਇਆ ਕਰਦੀ ਹੈ ਜੋ ਸਰੋਤੇ ਦੇ ਧੁਰ ਹਿਰਦੇ ਤਕ ਅਸਰ ਕਰਕੇ ਵੈਰਾਗ ਪੈਦਾ ਕਰ ਦਿਆ ਕਰਦੀ ਹੈ। ਇਸ ਤਰ੍ਹਾਂ ਕਰਕੇ ਦੀਵਾਨਾਂ ਦੌਰਾਨ ਚੰਡੀਗੜ੍ਹ ਵਿਚ ਝੱਟ ਇਹ ਖਬਰ ਫੈਲ ਜਾਇਆ ਕਰਦੀ ਸੀ ਕਿ ਕੋਈ ਮਹਾਤਮਾ ਰਾੜਾ ਸਾਹਿਬ ਤੋਂ ਆਏ ਹੋਏ ਹਨ ਤੇ ਸਾਰੇ ਵਹੀਰਾਂ ਘੱਤ ਕੇ ਸੰਤ ਮਹਾਰਾਜ ਜੀ ਦੇ ਕੁਰਸੀ ਦੇ ਬਚਨ ਸੁਣਨ ਵਾਸਤੇ ਅਤੇ ਦੀਵਾਨਾਂ ਵਿਚ ਹਾਜ਼ਰੀਆਂ ਭਰਨ ਵਾਸਤੇ ਪਹੁੰਚਿਆ ਕਰਦੇ ਸਨ।

ਬਾਬਾ ਜੀ, ਬੀਜੀ ਤੇ ਪਰਿਵਾਰ ਵਿਚ ਇੰਨੀ ਖੁਸ਼ੀ ਹੋਇਆ ਕਰਦੀ ਸੀ ਕਿ ਜਿਵੇਂ ਪਤਾ ਨਹੀਂ ਉਨ੍ਹਾਂ ਨੂੰ ਕੀ ਮਿਲ ਗਿਆ ਹੋਵੇ। ਇਸ ਤਰ੍ਹਾਂ ਆਪ ਜੀ ਨੂੰ ਪ੍ਰੇਮ ਦੀ ਮੂਰਤ, ਸੰਤ ਮਹਾਰਾਜ ਜੀ ਦੇ ਬਹੁਤ ਨੇੜੇ ਹੋ ਕੇ ਰਹਿਣ ਦਾ ਸਮਾਂ ਮਿਲ ਜਾਂਦਾ ਸੀ ਜੋ ਕਿ ਵੱਡੇ ਸੁਭਾਗ ਦੀ ਨਿਸ਼ਾਨੀ ਹੁੰਦੀ ਹੈ। ਇਡੇ ਵੱਡੇ ਮਹਾਂਪੁਰਸ਼ਾਂ ਦੀ ਨੇੜਤਾ ਤੇ ਉਨ੍ਹਾਂ ਦਾ ਪਿਆਰ ਕਿਸੇ ਵਿਰਲੇ ਦੇ ਹੀ ਹਿਸੇ ਆਇਆ ਕਰਦਾ ਹੈ।

## ਸਾਥੀਆਂ ਨਾਲ ਗੁਰਧਾਮਾਂ ਦੀ ਯਾਤਰਾ

ਬਾਬਾ ਜੀ ਨੇ ਇਕ ਵਾਰ ਦੱਸਿਆ ਸੀ ਕਿ ਅਸੀਂ ਸਾਰਾ ਪਰਿਵਾਰ  ਅਕਸਰ ਰਾੜਾ ਸਾਹਿਬ ਸੰਤ ਮਹਾਰਾਜ ਦੇ ਦਰਸ਼ਨ ਕਰਨ ਜਾਇਆ ਕਰਦੇ ਸੀ। ਇਸੇ ਤਰ੍ਹਾਂ ਇਨ੍ਹਾਂ ਦੇ ਨਾਲ ਕਈ ਵੇਰਾਂ ਸਕੱਤ੍ਰੇਤ ਵਿਚ ਕੰਮ ਕਰਨ ਵਾਲੇ ਸਾਥੀ ਵੀ ਰਾੜਾ ਸਾਹਿਬ ਜਾਇਆ ਕਰਦੇ ਸੀ। ਇਕ ਵਾਰ ਬਾਬਾ ਜੀ ਦੇ ਨਾਲ ਦੇ ਕਈ ਪ੍ਰੇਮੀਆਂ ਨੇ ਮਿਲ ਕੇ ਸਲਾਹ ਬਣਾਈ ਕਿ ਆਪਾਂ ਨੂੰ ਅੱਗੇ ਦੋ ਛੁਟੀਆਂ ਆ ਰਹੀਆਂ ਹਨ, ਕਿਉਂ ਨਾ ਸਾਰੇ ਇਕੱਠੇ ਸਾਈਕਲਾਂ ਤੇ ਸਵਾਰ ਹੋ ਕੇ ਗੁਰਧਾਮਾਂ ਦੇ ਦਰਸ਼ਨ ਕਰੀਏ? ਇਨ੍ਹਾਂ ਪ੍ਰੇਮੀਆਂ ਵਿਚ ਵੱਖ ਵੱਖ ਸੰਪਰਦਾਵਾਂ ਦੇ ਪ੍ਰੇਮੀ ਸਨ, ਜਿੰਨ੍ਹਾਂ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘ, ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਸੇਵਕ, ਨਾਮਧਾਰੀ ਸਿੰਘ ਅਤੇ ਹੋਰ ਅੱਡ ਅੱਡ ਮਹਾਤਮਾਵਾਂ ਤੇ ਅਕੀਦਾ ਰੱਖਣ ਵਾਲੇ ਪ੍ਰੇਮੀ ਸਨ। ਅਸੀਂ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ ਅਤੇ ਕਤਲਗੜ੍ਹ ਸਾਹਿਬ ਆਦਿ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਹੋਏ ਕਟਾਣਾ ਸਾਹਿਬ ਪਹੁੰਚ ਗਏ ਜੋ ਕਿ ਸਰਹੰਦ ਨਹਿਰ ਦੇ ਕੰਢੇ ਤੇ ਸਥਿਤ ਹੈ। ਅਸੀਂ ਸਾਰੇ ਥੱਕੇ ਹੋਏ ਸਾਂ, ਉਥੇ ਪੁਲ ਤੇ ਬੈਠ ਕੇ ਇਹ ਵਿਚਾਰਾਂ ਕਰਨ ਲੱਗੇ ਕਿ ਇਥੋਂ ਰੇਰੂ ਸਾਹਿਬ ਦੇ ਦਰਸ਼ਨ ਕਰਦੇ ਹੋਏ ਆਲਮਗੀਰ ਪਹੁੰਚੀਏ। ਸਵੇਰੇ ਨਾਰੰਗਵਾਲ ਤੋਂ ਹੁੰਦੇ ਹੋਏ ਰਾੜਾ ਸਾਹਿਬ ਵਿਚੀਂ ਫਤਹਿਗੜ੍ਹ ਸਾਹਿਬ ਦੇ ਦਰਸ਼ਨ ਕਰਦੇ ਹੋਏ ਵਾਪਸ ਚੰਡੀਗੜ੍ਹ ਪਹੁੰਚ ਜਾਈਏ। ਰਾਤ ਠਹਿਰਨ ਦਾ ਵਿਚਾਰ ਹੋ ਰਿਹਾ ਸੀ, ਮੈਂ ਸੁਝਾਅ ਦਿਤਾ ਕਿ



Sri Satguru Jagjit Singh Ji eLibrary NamdhariElibrary@gmail.com

ਅੱਜ ਰਾੜਾ ਸਾਹਿਬ ਪੂਰਨਮਾਸ਼ੀ ਹੈ, ਆਪਾਂ ਸਾਰੇ ਮਹਾਂਪੁਰਸ਼ਾਂ ਦੇ ਪ੍ਰਵਚਨ ਸਰਵਣ ਕਰਾਂਗੇ ਤੇ ਨਾਲੇ ਸਮਾਂ ਪੂਰੀ ਤਰ੍ਹਾਂ ਸਫਲ ਹੋ ਜਾਵੇਗਾ। ਸਾਰਿਆਂ ਨੇ ਮੇਰੀ ਬੇਨਤੀ ਮੰਨ ਲਈ ਪਰੰਤੂ ਉਨ੍ਹਾਂ ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਸਾਨੂੰ ਜਾਂਦਿਆਂ ਸੰਤ ਮਹਾਰਾਜ ਦੇ ਦਰਸ਼ਨ ਹੋ ਜਾਣ ਤਾਂ ਚੰਗਾ ਹੈ। ਉਥੇ ਪਹੁੰਚਦਿਆਂ ਥਕੇਵਾਂ ਲਾਹੁਣ ਲਈ ਗਰਮ ਗਰਮ ਜਲ ਮਿਲ ਜਾਵੇ, ਨਾਲ ਸਰੋਂ ਦਾ ਤੇਲ ਵੀ ਮਿਲ ਜਾਵੇ, ਗਰਮ ਗਰਮ ਦੁਧ ਵੀ ਮਿਲ ਜਾਵੇ। ਅਸੀਂ ਥੱਕੇ ਹੋਏ ਹਾਂ, ਦੀਵਾਨ ਤਾਂ ਸਾਥੋਂ ਸੁਣਿਆ ਨਹੀਂ ਜਾਣਾ ਕਿਉਂਕਿ ਨੀਂਦ ਆਵੇਗੀ। ਥਕੇਵਾਂ ਲਾਹੁਣ ਲਈ ਜੇਕਰ ਇਕ ਵੱਖਰਾ ਕਮਰਾ ਮਿਲ ਜਾਵੇ, ਉਸ ਵਿਚ ਹੇਠਾਂ ਗਦੇਲੇ ਵਿਛੇ ਹੋਏ ਹੋਣ ਤੇ ਉਪਰ ਲੈਣ ਲਈ ਰਜਾਈਆਂ ਮਿਲ ਜਾਣ। ਇਸ ਤਰ੍ਹਾਂ ਦੇ ਨਾਲ ਮੈਂ ਇਹ ਸਾਰੇ ਸਵਾਲ ਇਕ ਕਾਗਜ਼ ਤੇ ਨੋਟ ਕਰ ਲਏ ਅਤੇ ਸਭ ਨੇ ਕਿਹਾ ਕਿ ਇਨ੍ਹਾਂ ਸਾਰੇ ਸਵਾਲਾਂ ਦਾ ਸਮਾਧਾਨ ਕਰਾਉਣਾ ਹੈ। ਇਕ ਹੋਰ ਪ੍ਰੇਮੀ ਭਾਈ ਕੁਲਦੀਪ ਸਿੰਘ ਵੀ ਨਾਲ ਸੀ, ਉਸ ਦੀ ਪਤਨੀ ਨੇ ਆਪਣੇ ਹੱਥਾਂ ਨਾਲ ਸੰਤ ਮਹਾਰਾਜ ਜੀ ਵਾਸਤੇ ਇਕ ਚਾਦਰ ਕੱਢੀ ਸੀ। ਉਸ ਨੇ ਵੀ ਕਿਹਾ ਕਿ ਸੰਤ ਮਹਾਰਾਜ ਜੀ ਇਹ ਚਾਦਰ ਆਪਣੇ ਬਿਸਤਰੇ ਤੇ ਵਿਛਵਾ ਲੈਣ ਤਾਂ ਮੇਰੀ ਭਾਵਨਾ ਵੀ ਪੂਰੀ ਜਾਵੇਗੀ। ਰੇਰੂ ਸਾਹਿਬ ਤੋਂ ਦੁਰਾਹੇ ਤਕ ਪਹੁੰਚਦਿਆਂ ਹਨ੍ਹੇਰਾ ਪੈ ਚੁਕਿਆ ਸੀ ਪਰੰਤੂ ਚੰਦ ਦੀ ਚਾਨਣੀ ਰਾਤ ਸੀ। ਮੈਂ ਸਾਰੇ ਪ੍ਰੇਮੀਆਂ ਨੂੰ ਦੁਰਾਹੇ ਰੱਜ ਕੇ ਦੁਧ ਪਿਆਇਆ ਤੇ ਜਦੋਂ ਰਾੜਾ ਸਾਹਿਬ ਦੇ ਨੇੜੇ ਪਹੁੰਚੇ ਤਾਂ ਮੈਂ ਸਾਰਿਆਂ ਨੂੰ ਕਿਹਾ ਕਿ ਆਪਾਂ ਨੂੰ ਦੁਰਾਹੇ ਦੇਰ ਲਗ ਗਈ ਹੈ, ਕਿਤੇ ਸੰਤ ਮਹਾਰਾਜ ਜੀ ਦੀਵਾਨ ਤੇ ਨਾ ਚਲੇ ਗਏ ਹੋਣ ਕਿਉਂਕਿ ਉਨ੍ਹਾਂ ਦੇ ਦੀਵਾਨ ਦਾ ਸਮਾਂ ਹੋ ਚੁਕਿਆ ਹੈ ਅਤੇ ਸੰਤ ਮਹਾਰਾਜ ਦੀਵਾਨ ਤੇ ਹਮੇਸ਼ਾ ਪੂਰੇ ਟਾਈਮ ਤੇ ਚਲੇ ਜਾਇਆ ਕਰਦੇ ਹਨ। ਪਰੰਤੂ ਮੇਰੇ ਮਨ ਵਿਚ ਇਹ ਪੂਰਾ ਵਿਸ਼ਵਾਸ ਸੀ ਕਿ ਉਹ ਸਾਡੀ ਇੰਤਜ਼ਾਰ ਕਰਕੇ ਹੀ ਦੀਵਾਨ ਤੇ ਜਾਣਗੇ। ਅਸੀਂ ਸਾਰੇ ਹੀ ਜਦੋਂ ਭੋਰੇ ਵਲ ਗਏ ਤਾਂ ਉਸ ਵੇਲੇ ਰਾਤ ਦੇ ਨੌਂ ਵੱਜ ਚੁਕੇ ਸਨ। ਸੇਵਾਦਾਰ ਨੇ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਦਿਤਾ ਅਤੇ ਕਿਹਾ ਕਿ ਸੰਤ ਮਹਾਰਾਜ ਜੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ। ਇਹ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ ਕਿ ਕਮਾਲ ਹੈ, ਉਹ ਤਾਂ ਸਭ ਜਾਣੀ ਜਾਣ ਹਨ। ਉਹ ਸਾਨੂੰ ਪਹਿਲਾਂ ਬਾਥਰੂਮ ਵੱਲ ਲੈ ਗਿਆ ਅਤੇ ਨਾਲ ਦੀ ਨਾਲ ਹੀ ਗਰਮ ਪਾਣੀ ਦੀਆਂ ਬਾਲਟੀਆਂ ਆ ਗਈਆਂ ਤੇ ਨਾਲ ਹੀ ਸਰੋਂ ਦਾ ਤੇਲ ਵੀ ਦੇ ਦਿਤਾ ਤੇ ਉਸ ਸੇਵਾਦਾਰ ਨੇ ਕਿਹਾ ਕਿ ਲਓ ਪ੍ਰੇਮੀਓਂ! ਹੁਣ ਤੁਸੀਂ ਪੰਜ ਇਸ਼ਨਾਨਾ ਕਰੋ। ਉਸ ਵੇਲੇ ਗਰਮਾ-ਗਰਮ ਭਰੀ ਹੋਈ ਦੁੱਧ ਦੀ ਬਾਲਟੀ ਆ ਗਈ ਤੇ ਗਲਾਸਾਂ ਵਿਚ ਪਾ ਕੇ ਕਹਿਣ ਲੱਗਿਆ, ਲਓ ਗਰਮ ਦੁਧ ਪੀਓ, ਤੁਹਾਡਾ ਥਕੇਵਾਂ ਲਹਿ ਜਾਵੇਗਾ। ਸੰਤ ਮਹਾਰਾਜ ਨੇ ਸਭ ਦੇ ਹਿਰਦਿਆਂ ਦੀ ਬੁੱਝ ਕੇ ਪਹਿਲਾਂ ਹੀ ਸਾਰਾ ਇੰਤਜ਼ਾਮ ਕਰ ਦਿਤਾ ਸੀ। ਅਸੀਂ ਸਾਰੇ ਦੁਧ ਪੀ ਕੇ ਸੰਤ ਮਹਾਰਾਜ ਜੀ ਨੂੰ ਨਮਸ਼ਕਾਰ ਕਰਕੇ ਬੈਠ ਗਏ ਅਤੇ ਮੈਂ ਜੇਬ ਵਿਚੋਂ ਉਹ ਕਾਗਜ਼ ਕੱਢ ਲਿਆ ਜਿਸ ਵਿਚ ਉਹ ਸਵਾਲ ਲਿਖੇ ਹੋਏ ਸਨ। ਸੰਤ ਮਹਾਰਾਜ ਜੀ ਨੇ ਉਹ ਕਾਗਜ਼ ਮੇਰੇ ਕੋਲੋਂ ਫੜ ਲਿਆ ਅਤੇ ਕਹਿਣ ਲੱਗੇ ਕਿ ਇਨ੍ਹਾਂ ਸਵਾਲਾਂ ਦੇ ਤਾਂ ਜਵਾਬ ਅਸੀਂ ਦੇ ਚੁਕੇ ਹਾਂ, ਕਿਸੇ ਨੇ ਹੋਰ ਕੋਈ ਸਵਾਲ ਕਰਨਾ ਹੈ ਤਾਂ ਕਰੋ, ਨਹੀਂ ਤਾਂ ਆਪਾਂ ਦੀਵਾਨ ਤੇ ਚਲੀਏ, ਲੇਟ ਹੋ ਰਹੇ ਹਾਂ। ਉਸ ਵੇਲੇ ਸੇਵਾਦਾਰ ਨੂੰ ਇਸ਼ਾਰਾ ਕੀਤਾ ਤੇ ਕਿਹਾ ਕਿ ਝੋਲੇ ਵਿਚੋਂ ਚਾਦਰ ਕੱਢ ਕੇ ਸਾਡੇ ਪਲੰਘ ਤੇ ਵਿਛਾ ਦਿਓ। ਇਹ ਸਾਰੇ ਪ੍ਰੇਮੀ ਵੱਖ ਵੱਖ ਸੰਪਰਦਾਵਾਂ ਵਾਲੇ ਸਨ ਅਤੇ ਕਈ ਤਾਂ ਸੰਤਾਂ ਉਤੇ ਤਰਕ ਕਰਨ ਵਾਲੇ ਵੀ ਸਨ, ਪਰੰਤੂ ਸਾਰਿਆਂ ਨੇ ਸੰਤ ਮਹਾਰਾਜ ਜੀ ਨੂੰ ਸੀਸ ਝੁਕਾ ਕੇ ਮਾਫੀ ਮੰਗੀ ਤੇ ਕਿਹਾ ਕਿ ਮਹਾਰਾਜ ਜੀ! ਅਸੀਂ ਆਪ ਦਾ ਬਹੁਤ ਸਮਾਂ ਲੈ ਲਿਆ ਹੈ, ਅਤੇ ਅਸੀਂ ਸਵੇਰੇ ਅੰਮ੍ਰਿਤ ਵੇਲੇ ਹੀ ਤੁਰ ਪੈਣਾ ਹੈ। ਸੰਤ ਮਹਾਰਾਜ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਇਨ੍ਹਾਂ ਨੂੰ ਕਮਰਾ ਦੇ ਦੇਵੋ ਅਤੇ ਹੇਠਾਂ ਗਦੇਲੇ ਵਿਛਾ ਦੇਣਾ ਅਤੇ ਉਪਰ ਵਾਸਤੇ ਰਜਾਈਆਂ ਦੇ ਦਿਓ। ਇਹ ਪ੍ਰੇਮੀ ਚੰਡੀਗੜ੍ਹ ਦੇ ਰਹਿਣ ਵਾਲੇ ਹਨ, ਬਹੁਤ ਸੋਹਲ ਹਨ, ਵਿਚਾਰੇ ਥੱਕੇ ਹੋਏ ਹਨ, ਇਨ੍ਹਾਂ ਨੂੰ ਚੰਗੀ ਤਰ੍ਹਾਂ ਨੀਂਦ ਆ ਜਾਵੇਗੀ। ਜਦੋਂ ਅਸੀਂ ਸੰਤ ਮਹਾਰਾਜ ਜੀ ਤੋਂ ਆਗਿਆ ਲੈ ਕੇ ਕਮਰੇ ਵਿਚ ਪਹੁੰਚੇ ਤਾਂ ਸਾਰੇ ਹੀ ਪ੍ਰੇਮੀ ਹੈਰਾਨ ਹੋ ਰਹੇ ਸਨ ਤੇ ਨਾਲ ਥੋੜੇ ਸ਼ਰਮਸਾਰ ਵੀ ਸਨ ਕਿ ਸਾਨੂੰ ਸੰਤਾਂ ਦਾ ਐਨਾ ਇਮਤਿਹਾਨ ਨਹੀਂ ਸੀ ਲੈਣਾ ਚਾਹੀਦਾ, ਸਾਥੋਂ ਭੁਲ ਹੋ ਗਈ। ਪਰ ਫੇਰ ਵੀ ਮਹਾਂਪੁਰਸ਼ ਕਿੰਨੇ ਦਿਆਲੂ ਹਨ, ਉਹਨਾਂ ਨੇ ਇਸ ਗੱਲ ਨੂੰ ਗੌਲਿਆ ਹੀ ਨਹੀਂ। ਸਾਡੇ ਔਗੁਣਾ ਨੂੰ ਚਿਤਾਰਿਆ ਹੀ ਨਹੀਂ, ਸਗੋਂ ਸਾਡੇ ਆਰਾਮ ਦਾ ਕਿੰਨਾ ਖਿਆਲ ਕੀਤਾ ਹੈ ਤੇ ਆਪ ਵੀ ਦੀਵਾਨ ਤੋਂ ਲੇਟ ਹੋ ਗਏ। ਸਾਰਿਆਂ ਦੇ ਨੇਤਰਾਂ ਵਿਚ ਪਛਤਾਵੇ ਦੇ ਅਥਰੂ ਸਨ ਕਿ ਹੈਰਾਨੀ ਦੀ ਗੱਲ ਹੈ ਕਿ ਐਨੀ ਵੱਡੀ ਪਦਵੀ ਦੇ ਮਾਲਕ ਆਪਣੇ ਆਪ ਨੂੰ ਬਿਲਕੁਲ ਹੀ ਨਹੀਂ ਦਰਸਾਉਂਦੇ ਅਤੇ ਗੁਪਤ ਹੀ ਵਰਤ ਰਹੇ ਹਨ।

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥***

***ਪੰਨਾ - 1385***

## ਧਾਰਮਿਕ ਸੇਵਾ ਤੇ ਸਮਾਜ ਸੁਧਾਰ

ਚੰਡੀਗੜ੍ਹ ਵਿਚ ਰਹਿੰਦਿਆਂ ਹੋਇਆਂ ਬਾਬਾ ਜੀ ਜਿਥੇ ਆਪਣੇ ਸੰਪਰਕ ਵਿਚ ਆਉਣ ਵਾਲੇ ਪ੍ਰੇਮੀਆਂ ਨੂੰ ਗੁਰਬਾਣੀ ਨਾਲ ਜੋੜਦੇ ਸਨ, ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਦਰਸ਼ਨ ਤੇ ਉਨ੍ਹਾਂ ਦੀ ਸੰਗਤ ਦਾ ਸੁਭਾਗ ਬਖਸ਼ਦੇ ਸਨ, ਉਥੇ ਉਹ ਧਾਰਮਿਕ ਅਦਾਰਿਆਂ



Sri Satguru Jagjit Singh Ji eLibrary NamdhariElibrary@gmail.com

ਨਾਲ ਵੀ ਜੁੜੇ ਹੋਏ ਸਨ। ਇਹ ਗੱਲ ਉਸ ਵੇਲੇ ਦੀ ਹੈ ਜਦੋਂ ਆਪ ਗੁਰਦੁਆਰਾ ਸਿੰਘ ਸਭਾ, ਸੈਕਟਰ 19 ਦੇ ਸੈਕਟਰੀ ਸਨ। ਆਪ ਜੀ ਦੱਸਿਆ ਕਰਦੇ ਸਨ ਕਿ ਉਹ ਜਿੰਨਾਂ ਚਿਰ ਇਥੇ ਸੈਕਟਰੀ ਰਹੇ, ਓਨਾਂ ਚਿਰ ਉਥੇ ਧੜੇਬੰਦੀ ਨਹੀਂ ਹੋਣ ਦਿਤੀ ਅਤੇ ਸਰਬ ਸੰਮਤੀ ਨਾਲ ਜਿਹੜਾ ਪ੍ਰਧਾਨ ਸੇਵਾ ਕਰਕੇ ਅੱਗੇ ਹੁੰਦਾ ਸੀ ਉਸ ਨੂੰ ਹੀ ਪ੍ਰਧਾਨ ਬਣਾ ਦਿਤਾ ਜਾਂਦਾ ਸੀ। ਇਸ ਕਰਕੇ ਕਮੇਟੀ ਵਿਚ ਜਦ ਕਦੀ ਵੀ ਕੋਈ ਆਪਸੀ ਅਣਬਣ ਜਾਂ ਖਿਆਲਾਂ ਦਾ ਟਕਰਾਅ ਹੁੰਦਾ ਤਾਂ ਆਪ ਨੂੰ ਇਸ ਦਾ ਸਮਾਧਾਨ ਕਰਨ ਬਾਰੇ ਬੁਲਾਇਆ ਜਾਂਦਾ ਸੀ। ਉਹਨਾਂ ਦਿਨਾਂ ਵਿਚ ਇਕ ਰਾਗੀ ਜਥਾ ਗੁਰਦੁਆਰਾ ਸਾਹਿਬ ਵਿਚ ਦੋਵੇਂ ਟਾਈਮ (ਸਵੇਰ ਸ਼ਾਮ) ਕੀਰਤਨ ਕਰਿਆ ਕਰਦਾ ਸੀ ਜਿਨ੍ਹਾਂ ਦਾ ਕੀਰਤਨ ਬਹੁਤ ਰਸ ਭਿੰਨਾ ਅਤੇ ਸਰੋਤਿਆਂ ਦੇ ਮਨਾਂ ਨੂੰ ਭਾਇਆ ਕਰਦਾ ਸੀ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਆਪਸ ਵਿਚ ਸਲਾਹ ਕੀਤੀ ਕਿ ਇਨ੍ਹਾਂ ਰਾਗੀਆਂ ਨੂੰ ਸੇਵਾ ਨਵਿਰਤ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੇ ਖਿਲਾਫ ਇਕ ਅਜਿਹਾ ਅਪਰਾਧ ਕਰਨ ਦਾ ਸਬੂਤ ਸੀ ਜੋ ਕਿ ਉਨ੍ਹਾਂ ਦੀ ਇਮਾਨਦਾਰੀ ਤੇ ਪ੍ਰਸ਼ਨ ਚਿੰਨ੍ਹ ਬਣ ਗਿਆ ਸੀ। ਸਾਰਿਆਂ ਨੇ ਫੈਸਲਾ ਕੀਤਾ ਕਿ ਬੇਹਤਰ ਇਹ ਹੈ ਕਿ ਆਪਾਂ ਇਹ ਮਾਮਲਾ ਸੈਕਟਰੀ ਸਾਹਿਬ (ਸਰਦਾਰ ਵਰਿਆਮ ਸਿੰਘ ਜੀ) ਨੂੰ ਸੌਂਪੀਏ, ਉਹ ਇਸ ਮਾਮਲੇ ਦੀ ਜਾਂਚ ਪੜਤਾਲ ਕਰਕੇ ਜੋ ਫੈਸਲਾ ਲੈਣਗੇ, ਸਾਨੂੰ ਮਨਜ਼ੂਰ ਹੋਵੇਗਾ। ਬਾਬਾ ਜੀ ਨੂੰ ਬੁਲਾ ਕੇ ਰਾਗੀਆਂ ਦੀ ਉਸ ਹਰਕਤ ਬਾਰੇ ਦੱਸਿਆ ਗਿਆ ਕਿ ਉਹ ਰਾਤ ਨੂੰ ਗੁਰਦੁਆਰਾ ਸਾਹਿਬ ਦੇ ਪਿਛੇ ਹੀ ਕੁਆਟਰ ਵਿਚ ਰਹਿੰਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਚਾਬੀ ਉਨ੍ਹਾਂ ਕੋਲ ਹੀ ਹੁੰਦੀ ਹੈ ਅਤੇ ਰਾਤ ਨੂੰ ਮੌਕਾ ਪਾ ਕੇ ਉਹ ਗੋਲਕ ਵਿਚੋਂ ਮਾਇਆ ਕੱਢ ਲੈਂਦੇ ਹਨ। ਬਾਬਾ ਜੀ ਕਹਿਣ ਲੱਗੇ, ਗੋਲਕ ਨੂੰ ਤਾਂ ਤਾਲਾ ਲੱਗਿਆ ਹੁੰਦਾ ਹੈ ਤੇ ਨਾ ਹੀ ਇਸ ਵਿਚ ਹੱਥ ਪੈ ਸਕਦਾ ਹੈ, ਫੇਰ ਇਹ ਪ੍ਰੇਮੀ ਮਾਇਆ ਕਿਸ ਤਰ੍ਹਾਂ ਕੱਢ ਲੈਂਦੇ ਹਨ? ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਸਾਨੂੰ ਪੂਰਾ ਸ਼ੱਕ ਹੈ ਕਿਉਂਕਿ ਜਦੋਂ ਅਸੀਂ ਗੋਲਕ ਗਿਣਦੇ ਹਾਂ, ਮਾਇਆ ਪਹਿਲਾਂ ਜਿੰਨੀ ਨਹੀਂ ਹੁੰਦੀ, ਜਦ ਕਿ ਸੰਗਤ ਦੀ ਹਾਜ਼ਰੀ ਪਹਿਲਾਂ ਨਾਲੋਂ ਵੀ ਵੱਧ ਹੁੰਦੀ ਹੈ। ਬਾਬਾ ਜੀ ਕਹਿਣ ਲੱਗੇ ਠੀਕ ਹੈ, ਇਹ ਕੰਮ ਤੁਸੀਂ ਮੇਰੇ ਤੇ ਛੱਡ ਦਿਓ, ਮੈਂ ਆਪ ਹੀ ਪੁਛ ਪੜਤਾਲ ਕਰਾਂਗਾ। ਬਾਬਾ ਜੀ ਨੇ ਉਹਨਾਂ ਰਾਗੀਆਂ ਨੂੰ ਇਕੱਲਿਆਂ ਹੀ ਬੁਲਾਇਆ, ਉਥੇ ਕਮੇਟੀ ਦਾ ਹੋਰ ਕੋਈ ਮੈਂਬਰ ਨਹੀਂ ਸੀ। ਪੁਛਿਆ ਕਿ ਪ੍ਰੇਮੀਓਂ! ਤੁਹਾਡੇ ਤੇ ਇਲਜ਼ਾਮ ਹੈ ਕਿ ਤੁਸੀਂ ਗੋਲਕ ਵਿਚੋਂ ਮਾਇਆ ਕੱਢਦੇ ਹੋ, ਕੀ ਇਹ ਸੱਚ ਹੈ? ਤਿੰਨਾਂ ਜਣਿਆਂ ਨੇ ਉਸ ਵੇਲੇ ਮੋਨ ਧਾਰ ਲਿਆ, ਕੋਈ ਜਵਾਬ ਨਾ ਦੇਣ। ਬਾਬਾ ਜੀ ਕਹਿਣ ਲੱਗੇ, ਪ੍ਰੇਮੀਓਂ! ਤੁਸੀਂ ਗੁਰੂ ਘਰ ਦੇ ਕੀਰਤਨੀਏ ਹੋ, ਧੁਰ ਕੀ ਬਾਣੀ ਜੋ ਗੁਰੂ ਸਾਹਿਬਾਨ ਰਾਹੀਂ ਉਚਾਰੀ ਗਈ ਹੈ, ਉਸ ਦਾ ਗਾਇਨ ਕਰਕੇ ਸੰਗਤਾਂ ਨੂੰ ਸਰਵਣ ਕਰਵਾਉਂਦੇ ਹੋ। ਇਹ ਬਾਣੀ ਸਤਿ ਹੈ ਤੇ ਇਸ ਦੇ ਗਾਇਨ ਕਰਨ ਵਾਲੇ ਵੀ ਸਤਿ ਦੇ ਧਾਰਨੀ ਹੋਣੇ ਚਾਹੀਦੇ ਹਨ। ਤੁਹਾਡੇ ਤੇ ਸ਼ੱਕ ਕਰਨ ਦਾ ਕਿਸੇ ਨੂੰ ਖਿਆਲ ਵੀ ਨਹੀਂ ਆਉਣਾ ਚਾਹੀਦਾ, ਪਰ ਤੁਹਾਡੇ ਤੇ ਇਹ ਇਲਜ਼ਾਮ ਲੱਗ ਰਿਹਾ ਹੈ ਕਿ ਤੁਸੀਂ ਗੋਲਕ ਦੀ ਮਾਇਆ ਚੋਰੀ ਕਰਦੇ ਹੋ। ਜੇਕਰ ਇਹ ਸੱਚ ਹੈ ਤਾਂ ਮੈਂ ਉਸ ਗੁਰੂ ਦਾ ਵਾਸਤਾ ਪਾ ਕੇ ਤੁਹਾਨੂੰ ਕਹਿੰਦਾ ਹਾਂ ਕਿ ਸੱਚ ਸੱਚ ਮੈਨੂੰ ਦੱਸ ਦਿਓ, ਨਹੀਂ ਤਾਂ ਤੁਸੀਂ ਗੁਰੂ ਦੇ ਕੀਰਤਨੀਏ ਕਹਿਲਾਉਣ ਦੇ ਹੱਕਦਾਰ ਨਹੀਂ ਹੋ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਤੁਹਾਡੇ ਨਾਲ ਬੇਇਨਸਾਫੀ ਨਹੀਂ ਹੋਵਗੀ। ਜੇ ਤੁਸੀਂ ਸੱਚ ਸੱਚ ਸਾਰੀ ਗੱਲ ਮੈਨੂੰ ਦਸੋਗੇ, ਆਪਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਹਾਂ। ਜਦੋਂ ਬਾਬਾ ਜੀ ਪਾਸੋਂ ਇਹੋ ਜਿਹੇ ਬਚਨ ਸੁਣੇ ਤਾਂ ਜੋ ਮੁਖੀ ਸੀ ਉਹ ਬੋਲ ਪਿਆ ਕਿ ਇਹ ਸੱਚ ਹੈ ਕਿ ਅਸੀਂ ਚੋਰੀ ਕਰਦੇ ਰਹੇ ਹਾਂ, ਗੋਲਕ ਵਿਚੋਂ ਮਾਇਆ ਕੱਢਦੇ ਰਹੇ ਹਾਂ। ਬਾਬਾ ਜੀ ਨੇ ਪੁਛਿਆ ਕਿ ਤੁਹਾਡੇ ਕੋਲ ਡੁਪਲੀਕੇਟ ਚਾਬੀ ਸੀ? ਕਹਿਣ ਲੱਗੇ, ਨਹੀਂ, ਅਸੀਂ ਤਾਂ ਸਲਾਈ ਨਾਲ ਕੱਢਿਆ ਕਰਦੇ ਸੀ। ਅਸੀਂ ਸਿਲਾਈ ਨੂੰ ਫਿਕਸੋ ਜਾਂ ਗੂੰਦ ਲਗਾ ਕੇ ਅੰਦਰ ਪਾ ਦਿੰਦੇ ਸੀ ਅਤੇ ਉਸ ਨਾਲ ਨੋਟ ਚਿੰਬੜ ਜਾਂਦੇ ਸੀ ਅਤੇ ਜਿੰਨੀ ਸਾਡੀ ਜ਼ਰੂਰਤ ਹੁੰਦੀ ਸੀ, ਅਸੀਂ ਕੱਢ ਲੈਂਦੇ ਸੀ। ਹੁਣ ਐਸੀ ਜ਼ਰੂਰਤ ਵੇਲੇ ਹੋਰ ਕੋਈ ਦਿੰਦਾ ਨਹੀਂ ਸੀ, ਅਸੀਂ ਸੋਚਿਆ ਕਿ ਗੁਰੂ ਸਾਹਿਬ ਦੀ ਮਾਇਆ ਹੈ, ਗੁਰੂ ਪਾਸੋਂ ਹੀ ਲੈ ਲਈਏ। ਬਾਬਾ ਜੀ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਤੁਸੀਂ ਸੱਚ ਸੱਚ ਦੱਸ ਦਿਤਾ ਹੈ ਪਰ ਇਹ ਮਾੜੀ ਗੱਲ ਹੈ, ਇਹ ਧੋਖਾ ਹੈ। ਜੇਕਰ ਤੁਹਾਡੀ ਤਨਖਾਹ ਘੱਟ ਸੀ, ਤੁਹਾਨੂੰ ਕਮੇਟੀ ਦੇ ਕਿਸੇ ਮੈਂਬਰ ਜਾਂ ਪ੍ਰਧਾਨ ਨਾਲ ਗਲ ਕਰਨੀ ਚਾਹੀਦੀ ਸੀ। ਕਹਿਣ ਲੱਗੇ ਕਿ ਅਸੀਂ ਇਕ ਵੇਰਾਂ ਉਨ੍ਹਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਪਰ ਕਿਸੇ ਨੇ ਸੁਣਵਾਈ ਨਹੀਂ ਕੀਤੀ। ਅਸੀਂ ਸੋਚਿਆ ਕਿ ਜੇ ਦੁਬਾਰਾ ਕਿਹਾ ਤਾਂ ਕਿਤੇ ਸਾਨੂੰ ਨੌਕਰੀ ਤੋਂ ਨਾ ਕਢ ਦੇਣ। ਬਾਬਾ ਜੀ ਕਹਿਣ ਲੱਗੇ ਕਿ ਇਸ ਦਾ ਮਤਲਬ ਇਹ ਹੋਇਆ ਕਿ ਤੁਹਾਡਾ ਗੁਜ਼ਾਰਾ ਠੀਕ ਨਹੀਂ ਚਲਦਾ ਜਿਸ ਕਰਕੇ ਤੁਹਾਨੂੰ ਇਹ ਕੰਮ ਕਰਨਾ ਪੈ ਰਿਹਾ ਸੀ? ਕਹਿਣ ਲੱਗੇ, ਬਿਲਕੁਲ ਠੀਕ ਹੈ ਜੀ, ਇਸ ਕਰਕੇ ਹੀ ਅਸੀਂ ਇਹ ਹਰਕਤ ਕਰਨ ਵਾਸਤੇ ਮਜ਼ਬੂਰ ਹੋਏ ਸੀ। ਬਾਬਾ ਜੀ ਕਹਿਣ ਲੱਗੇ, ਜੇਕਰ ਤੁਹਾਡੀ ਤਨਖਾਹ ਵਧਾ ਦਿਤੀ ਜਾਵੇ ਫੇਰ ਤਾਂ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ? ਉਨ੍ਹਾਂ ਨੇ ਉਤਰ ਦਿਤਾ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਸਾਖਸ਼ੀ ਮੰਨ ਕੇ ਆਪ ਨਾਲ ਇਹ ਵਾਅਦਾ ਕਰ ਰਹੇ ਹਾਂ ਕਿ ਫੇਰ ਕਦੀ ਇਸ ਤਰ੍ਹਾਂ ਨਹੀਂ ਕਰਾਂਗੇ। ਬਾਬਾ ਜੀ ਨੇ ਕਿਹਾ, ਬਹੁਤ ਚੰਗੀ ਗੱਲ ਹੈ ਤੁਹਾਨੂੰ ਇਸ ਗੱਲ ਦਾ



Sri Satguru Jagjit Singh Ji eLibrary NamdhariElibrary@gmail.com

ਅਹਿਸਾਸ ਹੋ ਗਿਆ ਹੈ। ਇਸ ਬਾਰੇ ਥੋੜ੍ਹਾ ਹੋਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਡਾ ਸਿਧਾ ਸੰਪਰਕ ਸੰਗਤ ਨਾਲ ਗੁਰੂ ਮਹਾਰਾਜ ਜੀ ਦੀ ਬਾਣੀ ਰਾਹੀਂ ਹੁੰਦਾ ਹੈ। ਸੰਗਤ ਤੇ ਅਸਰ ਤਾਂ ਹੁੰਦਾ ਹੈ ਜੇਕਰ ਤੁਹਾਡਾ ਹਿਰਦਾ ਸ਼ੁਧ ਹੋਵੇਗਾ। ਜੇਕਰ ਗੁਰਬਾਣੀ ਦਾ ਗਾਇਨ ਕਰਦਿਆਂ ਤੁਹਾਡੇ ਮਨ ਵਿਚ ਪੈਸੇ ਜਾਂ ਮਾਇਆ ਦਾ ਲਾਲਚ ਵਸਿਆ ਰਹੇਗਾ ਤਾਂ ਸਾਰਾ ਕੁਝ ਉਤੋਂ ਉਤੋਂ ਦੀ ਲੰਘ ਜਾਇਆ ਕਰਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***
***ਪੰਨਾ - 669***

ਜਦੋਂ ਤੁਸੀਂ ਪ੍ਰਭੂ ਪ੍ਰੇਮ ਵਿਚ ਗਾਇਨ ਕਰੋਗੇ ਤਾਂ ਸੰਗਤ ਵਿਚ ਵੀ ਪ੍ਰੇਮ ਦੀਆਂ ਤਰੰਗਾਂ ਫੈਲਣਗੀਆਂ, ਸੁਣਨ ਦਾ ਅਨੰਦ ਪ੍ਰਾਪਤ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਗਾਇਆ ਹੋਇਆ, ਤੁਹਾਡੀ ਸਿਫਤ ਕੀਤੀ ਹੋਈ ਅਤੇ ਸੰਗਤ ਦੀ ਸੁਣੀ ਹੋਈ, ਦੋਵਾਂ ਦਾ ਥਾਂ ਪੈ ਜਾਵੇਗਾ। ਇਸ ਤੋਂ ਵੀ ਹੋਰ ਉਪਰ ਦੀ ਗੱਲ ਹੈ ਕਿ ਜੋ ਗਾਇਨ ਕੀਤਾ ਜਾ ਰਿਹਾ ਹੈ ਤੇ ਸੁਣਿਆ ਜਾ ਰਿਹਾ ਹੈ, ਉਸ ਤੇ ਵਿਚਾਰ ਕਰਕੇ, ਸਤਿ ਕਰਕੇ ਮੰਨ ਲਿਆ ਜਾਵੇ ਤਾਂ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋ ਜਾਇਆ ਕਰਦੀ ਹੈ। ਭਾਵੇਂ ਤੁਸੀਂ ਇਹ ਸੇਵਾ ਤਨਖਾਹ ਲੈ ਕੇ ਕਰਦੇ ਹੋ, ਪਰੰਤੂ ਇਸ ਤਰ੍ਹਾਂ ਕਰਨ ਨਾਲ ਸੇਵਾ ਥਾਂ ਪੈ ਜਾਵੇਗੀ ਕਿਉਂਕਿ ਤੁਸੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਨ ਦਾ ਕੰਮ ਕਰਦੇ ਹੋ। ਰਾਗੀ ਵੀਰਾਂ ਨੂੰ ਬਾਬਾ ਜੀ ਦੀ ਗੱਲ ਪੂਰੀ ਤਰ੍ਹਾਂ ਸਮਝ ਆ ਗਈ। ਉਧਰ ਕਮੇਟੀ ਮੈਂਬਰ ਵੀ ਉਡੀਕ ਰਹੇ ਸਨ ਕਿ ਬਾਬਾ ਜੀ ਆਪਣਾ ਫੈਸਲਾ ਸੁਣਾਉਣ ਕਿ ਇਨ੍ਹਾਂ ਦੀਆਂ ਸੇਵਾਵਾਂ ਰੱਖੀਆਂ ਜਾਣ ਜਾਂ ਇਹਨਾਂ ਨੂੰ ਸੇਵਾ ਤੋਂ ਮੁਕਤ ਕਰ ਦਿਤਾ ਜਾਵੇ। ਬਾਬਾ ਜੀ ਨੇ ਸਾਰੇ ਕਮੇਟੀ ਮੈਂਬਰਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਇਹਨਾਂ ਨੇ ਆਪਣਾ ਕਸੂਰ ਮੰਨ ਲਿਆ ਹੈ ਪਰੰਤੂ ਇਨ੍ਹਾਂ ਦੇ ਬਾਲ ਬੱਚੇ ਵੀ ਹਨ, ਘਰ ਦਾ ਖਰਚਾ ਪੂਰਾ ਨਹੀਂ ਹੁੰਦਾ। ਗ੍ਰਹਿਸਤੀਆਂ ਨੂੰ ਅਨੇਕ ਤਰ੍ਹਾਂ ਦੇ ਪਰਿਵਾਰਕ ਖਰਚ ਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ ਜੋ ਪੈਸੇ ਤੋਂ ਬਿਨਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਲਈ ਸਾਡਾ ਫਰਜ਼ ਹੈ ਕਿ ਇਨ੍ਹਾਂ ਦੀ ਲੋੜ ਪੂਰੀ ਕਰੀਏ ਤੇ ਇਨ੍ਹਾਂ ਦੀ ਤਨਖਾਹ ਦੋ-ਦੋ ਸੌ ਰੁਪਿਆ ਹੋਰ ਵਧਾ ਦਿਤੀ ਜਾਵੇ। ਮਾਇਆ ਸੰਗਤ ਦੀ ਹੈ, ਇਹ ਕੀਰਤਨ ਦੁਆਰਾ ਸੰਗਤ ਨੂੰ ਹੀ ਨਿਹਾਲ ਕਰਦੇ ਹਨ, ਇਸ ਕਰਕੇ ਅਗਰ ਇਹਨਾਂ ਦੀ ਮਾਇਆ ਦੀ ਪੂਰਤੀ ਹੋ ਜਾਵੇਗੀ ਤਾਂ ਹੋਰ ਵਧੇਰੇ ਪਿਆਰ ਤੇ ਸ਼ਰਧਾ ਨਾਲ ਇਹ ਕੀਰਤਨ ਦੀ ਸੇਵਾ ਨਿਭਾ ਸਕਣਗੇ। ਮੇਰੀ ਬੇਨਤੀ ਹੈ ਕਿ ਆਪ ਸਾਰੇ ਇਨ੍ਹਾਂ ਦੀ ਪਿਛਲੀ ਗਲਤੀ ਨੂੰ ਮਾਫ ਕਰ ਦਿਓ ਕਿਉਂਕਿ ਗੁਰੂ ਘਰ ਵਿਚ ਕਿਸੇ ਦੇ ਔਗੁਣਾਂ ਨੂੰ ਨਾ ਚਿਤਾਰਦੇ ਹੋਏ ਉਸ ਨੂੰ ਖਿਮਾ ਕਰ ਦੇਣਾ ਬਹੁਤ ਵੱਡਾ ਪੁੰਨ ਹੁੰਦਾ ਹੈ। ਅੱਗੇ ਵਾਸਤੇ ਇਨ੍ਹਾਂ ਦੀ ਉਜਰਤ ਵਧਾ ਕੇ ਇਨ੍ਹਾਂ ਨੂੰ ਹੋਰ ਸੇਵਾ ਦਾ ਮੌਕਾ ਦੇ ਕੇ ਕ੍ਰਿਤਾਰਥ ਕਰੋ। ਸਾਰੀ ਕਮੇਟੀ ਤੇ ਪ੍ਰਧਾਨ ਸਾਹਿਬ ਨੇ ਬਾਬਾ ਜੀ ਦੇ ਇਸ ਫੈਸਲੇ ਨੂੰ ਪ੍ਰਵਾਨਗੀ ਦੇ ਦਿਤੀ ਤੇ ਉਨ੍ਹਾਂ ਨੂੰ ਕੀਰਤਨ ਦੀ ਸੇਵਾ ਤੇ ਲਗਾਈ ਰੱਖਿਆ।

19 ਸੈਕਟਰ ਗੁਰਦੁਆਰਾ ਸਾਹਿਬ ਵਲੋਂ ਗੁਰੂ ਨਾਨਕ ਖਾਲਸਾ ਹਾਈ ਸਕੂਲ ਨੂੰ ਬਣਵਾਉਣ ਅਤੇ ਸੰਚਾਲਨ ਕਰਨ ਵਿਚ ਆਪ ਜੀ ਦਾ ਵੱਡਾ ਯੋਗਦਾਨ ਸੀ। ਪਹਿਲਾਂ ਕਈ ਕਮੇਟੀਆਂ ਆਈਆਂ ਪਰ ਸਕੂਲ ਵਿਚ ਅਧਿਆਪਕਾਂ ਦੀ ਕਮੀ ਤੇ ਹੋਰ ਸਹੂਲਤਾਂ ਦੀ ਕਮੀ ਕਰਕੇ ਇਸ ਦੀ ਕਾਰਗੁਜ਼ਾਰੀ ਠੀਕ ਨਹੀਂ ਸੀ। ਬਾਬਾ ਜੀ ਨੇ ਆਪ ਦਿਲਚਸਪੀ ਲੈ ਕੇ ਇਹ ਸੇਵਾ ਬੜੀ ਕਾਰਜ ਕੁਸ਼ਲਤਾ ਨਾਲ ਨਿਭਾਈ ਅਤੇ ਸਕੂਲ ਨੂੰ ਸੁਚਜੇ ਢੰਗ ਨਾਲ ਚਲਾ ਕੇ ਉਸ ਵਿਚ ਹਰ ਪੱਖੋਂ ਸੁਧਾਰ ਲਿਆਂਦਾ। ਅਜ ਕਲ ਇਹ ਸਕੂਲ 30 ਸੈਕਟਰ ਵਿਚ ਚਲ ਰਿਹਾ ਹੈ, ਉਸ ਵੇਲੇ ਇਹ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਲਗਦੇ ਕਮਰਿਆਂ ਵਿਚ ਚਲਿਆ ਕਰਦਾ ਸੀ। ਇਸੇ ਤਰ੍ਹਾਂ ਆਪ ਨੇ ਕਮੇਟੀ ਨੂੰ ਸੁਝਾਅ ਦਿਤਾ ਕਿ ਚੰਡੀਗੜ੍ਹ ਵਿਚ ਇਕ ਸਿਖ ਸੰਸਥਾ ਦਾ ਕਾਲਜ ਵੀ ਹੋਣਾ ਚਾਹੀਦਾ ਹੈ। ਸੁਝਾਅ ਤਾਂ ਸਭ ਨੇ ਮੰਨ ਲਿਆ ਪਰੰਤੂ ਇਸ ਵਾਸਤੇ ਲੋੜੀਂਦੇ ਫੰਡ ਨਹੀਂ ਸਨ ਜੋ ਕਿ ਇਕ ਬਹੁਤ ਵੱਡਾ ਮਸਲਾ ਸੀ। ਕੀਮਤ ਦਾ ਕੁਝ ਹਿਸਾ ਦੇ ਕੇ ਹਜ਼ਾਰ ਰੁਪਏ ਨਾਲ ਜਗ੍ਹਾ ਤਾਂ ਅਲਾਟ ਕਰਵਾ ਲਈ ਪਰੰਤੂ ਪੂਰੀ ਕੀਮਤ ਜੋ ਲੱਖਾਂ ਰੁਪਏ ਸਨ ਉਹ ਭਰਨੇ ਬਾਕੀ ਸਨ। ਉਸ ਤੋਂ ਬਾਅਦ ਬਿਲਡਿੰਗ ਵੀ ਬਣਨੀ ਸੀ ਜੋ ਇਕ ਬਹੁਤ ਕਠਿਨ ਸਮੱਸਿਆ ਸੀ। ਆਪ ਜੀ ਨੇ ਕਮੇਟੀ ਨੂੰ ਸੁਝਾਅ ਦਿਤਾ ਕਿ ਇਸ ਕਾਲਜ ਦਾ ਨਾਮ 'ਗੁਰੂ ਗੋਬਿੰਦ ਸਿੰਘ ਕਾਲਜ' ਰੱਖਿਆ ਜਾਵੇ, ਜੋ ਸਭ ਨੇ ਮਨਜ਼ੂਰ ਕੀਤਾ। ਆਪ ਜੀ ਨੇ ਕਿਹਾ ਕਿ ਇਸ ਵਿਚ ਆਪਾਂ ਸਾਰਿਆਂ ਨੂੰ ਇਕ ਜੁਟ ਹੋ ਕੇ ਸੇਵਾ ਕਰਨੀ ਪੈਣੀ ਹੈ। ਚੰਡੀਗੜ੍ਹ ਮੁਲਾਜ਼ਮਾਂ ਦਾ ਸ਼ਹਿਰ ਹੈ। ਆਪਾਂ ਸਾਰਿਆਂ ਨੇ ਪਰਉਪਕਾਰ ਦਾ ਕੰਮ ਕਰਨਾ ਹੈ ਜੋ ਕਿ ਬੱਚਿਆਂ ਦੀ ਪੜ੍ਹਾਈ ਦੇ ਨਮਿਤ ਹੈ, ਇਸ ਵਾਸਤੇ ਸਾਨੂੰ ਕਮਰ ਕੱਸੇ ਕਰਨੇ ਪੈਣਗੇ। ਗੁਰੂ ਦੀ ਸੇਵਾ ਲਈ ਘਰ ਘਰ ਜਾ ਕੇ ਦਸਤਕ ਦਿਆਂਗੇ, ਤਾਂ ਇਹ ਫੰਡ ਇਕੱਠਾ ਹੋ ਸਕੇਗਾ, ਕਿਉਂਕਿ ਸਭ ਤੋਂ ਪਹਿਲਾ ਮਸਲਾ ਤਾਂ ਸਟੇਟ ਆਫਿਸ ਵਿਚ ਜਗ੍ਹਾ ਵਾਸਤੇ ਇਕ ਵੱਡੀ ਰਕਮ ਜਮ੍ਹਾ ਕਰਵਾਉਣੀ ਹੈ। ਸਾਰੀ ਕਮੇਟੀ ਨੇ ਆਪ ਦੇ ਸੁਝਾਉ ਨੂੰ ਮੰਨ ਕੇ ਫੈਸਲਾ ਕੀਤਾ ਕਿ ਜੋ ਸੈਕਟਰੀ ਸਾਹਿਬ ਕਹਿ ਰਹੇ ਹਨ ਇਸੇ ਤਰ੍ਹਾਂ ਨਾਲ ਕਰਨਾ ਪਵੇਗਾ। ਆਪ ਜੀ ਦੱਸਿਆ ਕਰਦੇ ਸੀ ਕਿ ਅਸੀਂ ਪੰਜ ਦਸ ਬੰਦੇ ਗਰੁਪ ਬਣਾ ਕੇ ਘਰ-ਘਰ ਜਾਇਆ ਕਰਦੇ ਸੀ ਅਤੇ ਯਥਾਸ਼ਕਤ ਸਭ ਦੀ ਸੇਵਾ ਲੈ ਕੇ ਇਹ ਭਾਰੀ ਰਕਮ ਜੁਟਾਉਣ ਵਿਚ ਸਾਨੂੰ ਕਈ ਮਹੀਨੇ ਲੱਗ ਗਏ। ਰਕਮ ਜਮ੍ਹਾਂ ਕਰਵਾ ਦਿਤੀ, ਫੇਰ ਬਿਲਡਿੰਗ ਵੀ ਇਸੇ ਤਰ੍ਹਾਂ ਬਣਵਾਈ ਗਈ। ਆਖਰਕਾਰ ਮਹਾਰਾਜ ਦੀ ਕ੍ਰਿਪਾ ਨਾਲ, ਕਾਲਜ ਵਿਚ ਦਾਖਲਾ ਸ਼ੁਰੂ ਹੋਣਾ ਸੀ, ਜਿਸ ਵਾਸਤੇ ਪ੍ਰੋਫੈਸਰ, ਪ੍ਰਿੰਸੀਪਲ ਤੇ ਲੈਕਚਰਾਰ

(ਬਾਕੀ ਪੰਨਾ 60 ਤੇ)



Sri Satguru Jagjit Singh Ji eLibrary NamdhariElibrary@gmail.com

# ਸੁਭਾਗ ਜੀ ਦਾ ਸੁਧਾਰ
# ਹੱਥੀਂ
# ਬਾਬਾ ਨੌਧ ਸਿੰਘ ਜੀ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-60)*

***੭.***

***ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥***
***ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥***

***ਪੰਨਾ - 521***

ਦਰਿਆ ਰਾਵੀ ਦਾ ਕੰਢਾ ਹੈ, ਦੂਰ ਪਰੇ ਜਿਹੇ ਰੇਲ ਦਾ ਪੁਲ ਹੈ, ਇਸ ਤੋਂ ਉਰੇ ਬੇੜੀਆਂ ਦਾ ਪੁਲ ਹੈ ਤੇ ਇਸ ਤੋਂ ਦੂਰ ਉਰੇ ਲੋਕੀਂ ਨ੍ਹਾ ਰਹੇ ਹਨ। ਇਸ ਨ੍ਹਾਉਣ ਵਾਲੀ ਥਾਂ ਤੋਂ ਕੋਈ ਦੋ ਢਾਈ ਮੀਲ ਹੇਠਾੜ ਵਾਰ ਇਕ ਸਿੰਘ ਜੀ ਖੱਦਰ ਦੀ ਚੱਦਰ ਦੀ ਬੁੱਕਲ ਮਾਰੀ ਦਰਿਆ ਦੇ ਕੰਢੇ ਇਕੱਲੇ ਬੈਠੇ ਹਨ ਤੇ ਮਧੁਰ ਸੁਰ ਵਿਚ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਹੇ ਹਨ। ਕਦੇ ਨੈਣਾਂ ਵਿਚ ਜਲ ਭਰ ਜਾਂਦਾ ਹੈ, ਕਦੇ ਕੋਈ ਤ੍ਰੇਪਾ ਢੈ ਪੈਂਦਾ ਹੈ, ਕਦੇ ਨੈਣ ਮਿਟ ਜਾਂਦੇ ਹਨ, ਕਦੇ ਖੁੱਲ੍ਹ ਜਾਂਦੇ ਹਨ। ਪਾਠ ਦਾ ਉਹ ਸੁਆਦ ਹੈ ਕਿ ਆਸੇ ਪਾਸੇ ਠੰਢ ਸ਼ਾਂਤਿ, ਰਸ ਸੁਆਦ ਛਾ ਰਿਹਾ ਹੈ। ਸੂਰਜ ਅਜੇ ਨਹੀਂ ਨਿਕਲਿਆ, ਮੱਧਮ ਪੌਣ ਵਗ ਰਹੀ ਹੈ। ਕੱਤਕ ਦੇ ਅੰਤਲੇ ਮਿੱਠੀ ਠੰਢ ਵਾਲੇ ਦਿਨ ਹਨ। ਆਪ ਉਚੇ, ਟਿਕੇ ਹੋਏ, ਰਸਾਂ ਕਸਾਂ ਨੂੰ ਜਿੱਤੇ ਹੋਏ ਹਨ, ਆਪ ਦੀ ਰਸਨਾ ਤੋਂ ਇਸ ਮਿਠਾਸ ਨਾਲ ਪਾਠ ਹੋ ਰਿਹਾ ਹੈ ਕਿ ਮਾਨੋਂ ਬੈਕੁੰਠ ਦਾ ਪ੍ਰਭਾਉ ਛਾ ਰਿਹਾ ਹੈ।

ਪਾਠ ਕਰਨ ਵਾਲੇ ਕੋਈ 30-35 ਵਰ੍ਹੇ ਦੀ ਅਵਸਥਾ ਦੇ ਲੰਮੇ ਸੁਹਣੇ, ਪਰ ਸੁਬਕ ਜੇਹੇ ਜਵਾਨ ਹਨ, ਚਿਹਰਾ ਲਾਲੀ ਭਾ ਦਾ ਹੈ ਪਰ ਠੰਢਾ। ਆਪ ਦਰਿਆ ਵੱਲ ਮੂੰਹ ਕਰੀ ਬੈਠੇ ਸਨ ਕਿ ਉਹਨਾਂ ਦੇ ਇਕ ਵਾਰ ਨੈਣ ਖੁਲ੍ਹੇ ਤੇ ਦਰਿਆ ਵਿਚ ਕੁਝ ਦਿਸਿਆ, ਜਿਸ ਨੂੰ ਆਪ ਨੇ ਗਹੁ ਨਾਲ ਡਿੱਠਾ। ਦੂਜੀ ਛਿਨ ਵਿਚ ਚਾਦਰਾ ਤੇ ਕੁੜਤਾ ਲਾਹ ਕੇ ਧਰ ਦਿੱਤਾ ਤੇ ਛਾਲ ਮਾਰ ਦਿੱਤੀ ਅਰ ਜਾ ਕਿਸੇ ਰੁੜ੍ਹੀ ਜਾਂਦੀ ਸ਼ੈ ਨੂੰ ਹੱਥ ਪਾਇਆ, ਇਕ ਸਿਰੇ ਤੋਂ ਧੂੰਹਦੇ, ਤਾਰੀ ਲਾਉਂਦੇ ਕੰਢੇ ਤੇ ਲੈ ਆਏ। ਕੀ ਵੇਖਦੇ ਹਨ ਕਿ ਇਕ ਮੁਟਿਆਰ ਇਸਤ੍ਰੀ ਹੈ। ਆਪ ਨੇ ਕੰਢੇ ਤੇ ਲਿਆ ਕੇ ਇਸ ਨੂੰ ਲਿਟਾ ਦਿੱਤਾ, ਫੇਰ ਕਿਸੇ ਹਿਕਮਤ ਨਾਲ ਉਸ ਦੇ ਸਰੀਰ ਨੂੰ ਉਲਟਾ ਕੇ ਮੂੰਹ ਤੋਂ ਜਲ ਕੱਢਿਆ। ਫੇਰ ਉਸ ਦੇ ਭਿੱਜੇ ਹੋਏ ਕੱਪੜੇ ਉਤਾਰੇ ਤੇ ਆਪਣੇ ਚਾਦਰੇ ਵਿਚ ਲਪੇਟ ਦਿੱਤਾ। ਇਹ ਕਾਰਜ ਕਰਕੇ ਆਪ ਨੇ ਉਸ ਲੋਥ ਦੀਆਂ ਬਾਹਵਾਂ ਨੂੰ ਹਿਠਾਹਾਂ ਉਤਾਹਾਂ ਕਰਕੇ ਕੁਛ ਐਸੀ ਜੁਗਤ ਨਾਲ ਹਿਲਾਇਆ ਕਿ ਸੁਆਸ ਚਲ ਪਿਆ। ਏਧਰੋਂ ਧੁੱਪ ਨਿਕਲ ਆਈ ਜਿਸ ਨੇ ਅਬਲਾ ਦੇ ਸਰੀਰ ਨੂੰ ਗਰਮ ਕਰਨਾ ਸ਼ੁਰੂ ਕਰ ਦਿੱਤਾ। ਇਹ ਹਾਲਤ ਤੱਕ ਕੇ ਪਾਠ ਕਰਨ ਵਾਲੇ ਪੁਰਸ਼ ਉਥੋਂ ਚਲੇ ਗਏ ਕੁਛ ਚਿਰ ਮਗਰੋਂ ਆਪ ਫੇਰ ਆ ਗਏ, ਅੱਗੇ ਅੱਖਾਂ ਖੁੱਲ ਰਹੀਆਂ ਸਨ, ਨਿੱਘ ਪਰਤ ਚੁਕੀ ਸੀ, ਸੁਆਸ ਸਾਫ ਆ ਰਿਹਾ ਸੀ, ਹੁਣ ਆਪ ਨੇ ਕੋਈ ਸ਼ੈ ਉਸ ਦੇ ਮੂੰਹ ਵਿਚ ਪਾਈ।

ਕੁਛ ਘੰਟਿਆਂ ਮਗਰੋਂ ਤ੍ਰੀਮਤ ਬੋਲਣ ਚਾਲਣ ਲੱਗ ਪਈ ਤੇ ਉਸ ਨੇ ਹੈਰਾਨ ਹੋਕੇ ਪੁਛਿਆ ਕਿ ਮੈਂ ਮਾਤ ਲੋਕ ਵਿਚ ਹਾਂ ਕਿ ਯਮਲੋਕ ਵਿਚ? ਸਿੰਘ ਜੀ ਨੇ ਦੱਸਿਆ ਕਿ ਮਾਤ ਲੋਕ ਵਿਚ। ਤਦ ਦੁਖੀ ਹੋਕੇ ਰੋਈ ਤੇ ਬੋਲੀ, ਮੈਂ ਤਾਂ ਮਰ ਗਈ ਸਾਂ, ਰੁੜ੍ਹ ਗਈ ਸਾਂ, ਕੀ ਮਰਨ ਤੋਂ ਪਹਿਲੇ ਤੁਸਾਂ ਮੈਨੂੰ ਦਰਿਆ ਵਿਚੋਂ ਕੱਢ ਲੀਤਾ ਹੈ? ਸਿੰਘ ਜੀ ਨੇ ਸਾਰਾ ਹਾਲ ਉਸ ਨੂੰ ਕੱਢਣ ਦਾ ਦੱਸਿਆ ਤਾਂ ਉਹ ਬੜਾ ਰੋਈ ਅਰ ਫੇਰ ਦਰਿਆ ਵਿਚ ਛਾਲ ਮਾਰਨ ਦਾ ਯਤਨ ਕਰਨ ਲੱਗੀ। ਇਹ ਤੱਕ ਤੇ ਸਿੰਘ ਜੀ ਨੂੰ ਸਮਝ ਆਈ ਕਿ ਇਹ ਦੇਵਨੇਤ ਨਾਲ ਰੁੜ੍ਹੀ ਹੋਈ ਔਰਤ ਨਹੀਂ ਸੀ, ਇਹ ਆਤਮ ਘਾਤਣ ਸੀ। ਤਦੋਂ ਆਪ ਨੇ ਬਾਂਹ ਫੜ ਲਈ ਅਤੇ ਕਿਹਾ ਕਿ ਹੇ ਜਗਤ ਕਸਾਇਣ! ਆਤਮਘਾਤ ਨਾ ਕਰ, ਉਹ ਦੁੱਖ ਦੱਸ ਜਿਸ ਕਰਕੇ ਤੂੰ ਆਪਣਾ ਤੇ ਜਗਤ ਦਾ ਬੁਰਾ ਕਰਦੀ ਹੈਂ? ਦੁਖ ਦਾ ਉਪਰਾਲਾ ਸੋਚੀਦਾ ਹੈ, ਭੱਜੀਦਾ ਨਹੀਂ।

ਤ੍ਰੀਮਤ ਪਹਿਲਾਂ ਤਾਂ ਹਾਵੇ ਲਵੇ ਤੇ ਦੱਸੇ ਕੁਝ ਨਾ ਪਰ ਜਦ ਸਿੰਘ ਜੀ ਦਰਦ ਵੰਡਣ ਦੇ ਅਥੱਕ ਵਾਕ ਕਹੀ ਗਏ ਤਾਂ ਤ੍ਰੀਮਤ ਨੇ ਆਪਣਾ ਸਾਰਾ ਹਾਲ ਕਹਿ ਸੁਣਾਇਆ। ਇਹ ਉਹੋ ਅਭਾਗਣ ਹੈ ਜੋ ਮਰ ਗਏ ਪਤੀ ਦੇ ਮਿਲਣ ਬਦਲੇ ਕਿੰਨਾ ਦੁਖ ਪਾ ਚੁਕੀ ਸੀ, ਜਿਸ ਨੂੰ ਅਸਾਂ ਰਾਤੀਂ ਅਤਿ ਨਿਰਾਸਾ ਵਿਚ ਰੁੜ੍ਹਦੀ ਤੱਕਿਆ ਸੀ। ਇਸ ਦੀ ਨਿਰਾਸਤਾ ਇੰਨੀ ਵਧੀ ਸੀ ਕਿ ਇਹ ਆਤਮਘਾਤ ਵਿਚ ਹੀ ਆਪਣੀ ਭਲਾਈ ਵੇਖਦੀ ਸੀ ਤੇ ਇਸ ਨੇ ਅੰਤ ਮੌਤ ਵਿਚ ਹੀ ਸਲਾਮਤੀ ਡਿੱਠੀ। ਮਨ ਨੇ ਮੰਨ ਲਿਆ ਸੀ ਕਿ ਸਤੀ ਹੋ ਜਾਣਾ ਸਭ ਤੋਂ ਸ੍ਰੇਸ਼ਟ ਸੀ, ਫੇਰ ਝਰਨੇ ਵਿਚ ਡਿੱਗ ਕੇ ਮਰ ਜਾਣਾ ਭੀ ਸ੍ਰੇਸ਼ਟ ਸੀ। ਉਸ ਤੋਂ ਮਗਰੋਂ ਜੋ ਹੋਇਆ ਸਭ ਭੁੱਲ ਸੀ, ਤੇ ਇਲਾਜ ਹੁਣ ਓਹੋ ਮੌਤ ਹੈ। ਸੋ ਇਸ ਤਰ੍ਹਾਂ ਦੀਆਂ ਵਿਚਾਰਾਂ ਮਗਰੋਂ ਅਭਾਗਾਂ ਨੇ ਅੱਜ ਸਵੇਰੇ ਦਰਿਆ ਦੇ ਕੰਢੇ ਆਕੇ ਪੁਠੀ ਛਾਲ ਮਾਰ ਦਿੱਤੀ ਸੀ।

ਸਿੰਘ ਜੀ ਸਾਰੀ ਵਿਥਯਾ ਸੁਣਕੇ ਸੰਸਾਰ ਵਿਚ ਮਾਇਆ ਦੇ ਫੈਲੇ ਹੋਏ ਪ੍ਰਤਾਪ ਤੋਂ ਹਉਕਾ ਲੈਕੇ ਬੋਲੇ,



Sri Satguru Jagjit Singh Ji eLibrary NamdhariElibrary@gmail.com

ਬੀਬੀ! ਜਗਤ ਵਿਚ ਅੰਧਕਾਰ ਛਾ ਰਿਹਾ ਹੈ, ਮਨ ਪਸ਼ੂ ਹੋ ਰਹੇ ਹਨ, ਕਿਸੇ ਮਤ ਦਾ ਦੋਸ਼ ਕਾਹਨੂੰ ਆਖੀਏ, ਕੀ ਈਸਾਈ ਤੇ ਕੀ ਮੂਸਾਈ, ਕੀ ਹਿੰਦੂ ਕੀ ਮੁਸਲਮਾਨ, ਕੀ ਨਾਸਤਕ ਤੇ ਕੀ ਆਸਤਕ, ਸਭ ਦੀਆਂ ਬਿਰਤੀਆਂ ਪੰਜਾਂ ਨਾਲ ਬੱਧੀਆਂ ਪਈਆਂ ਹਨ, ਤ੍ਰਿਸ਼ਨਾ ਦੇ ਤਾਪ ਚੜ੍ਹ ਰਹੇ ਹਨ, ਅਰ ਉਸੇ ਤਾਪ ਵਿਚ ਪ੍ਰਾਣੀ ਨੱਠੇ ਫਿਰਦੇ ਹਨ।

*ਸਰਪਨੀ ਤੇ ਊਪਰਿ ਨਹੀ ਬਲੀਆ॥*
*ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥*
*ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥*
*ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥*
*ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥*
*ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥*
*ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥*
*ਸ੍ਰਪਨੀ ਜੀਤੀ ਕਹਾ ਕਰੈ ਜਮਰਾ॥*
*ਇਹ ਸ੍ਰਪਨੀ ਤਾ ਕੀ ਕੀਤੀ ਹੋਈ॥*
*ਬਲੁ ਅਬਲੁ ਕਿਆ ਇਸ ਤੇ ਹੋਈ॥*
*ਇਹ ਬਸਤੀ ਤਾ ਬਸਤ ਸਰੀਰਾ॥*
*ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ॥ ਪੰਨਾ - 481*

ਅਭਾਗਣ - ਹੇ ਭਲੇ ਲੋਕ! ਤੂੰ ਮੈਨੂੰ ਭਲਾ ਜਾਪਦਾ ਹੈਂ। ਵੇਖ, ਮੈਂ ਇਕ ਠੋਕਰ ਨਹੀਂ ਖਾਧੀ, ਮੈਂ ਐਨੀਆਂ ਠੋਕਰਾਂ ਖਾਧੀਆਂ ਹਨ ਕਿ ਜੀਵਨ ਤੋਂ ਅਵਾਜ਼ਾਰ ਹਾਂ। ਸਭ ਥਾਂ ਲੋਭ ਹੈ - ਕਿਤੇ ਮਾਇਆ ਦਾ, ਕਿਤੇ ਰੂਪ ਦਾ। ਜੋ ਦਿੱਸਦੇ ਹਨ, 'ਚੰਮ' ਤੇ 'ਦੰਮ' ਦੇ ਬੇਲੀ ਹਨ, ਦੁਖੀ ਤੇ ਦਰਦ ਰਵਾਣੇ ਦਾ ਕੋਈ ਨਹੀਂ, ਦੁਖੀਏ ਤੇ ਸਿੱਧੇ ਦਾ ਥਾਂ ਹੀ ਏਥੇ ਨਹੀਂ। ਮੈਨੂੰ ਮਰਨ ਦੇਹ ਅਰ ਨਾਹ ਬਚਾ, ਰੱਬ ਤੇਰਾ ਭਲਾ ਕਰੇ, ਮੈਨੂੰ ਜਾਣ ਦੇਹ ਜਿਥੇ ਮੇਰਾ ਪਤੀ ਗਿਆ ਹੈ।

ਸਿੰਘ ਜੀ ਉਸ ਵਲ ਘੂਰ ਕੇ ਤੱਕੇ ਤੇ ਨਰਮੀ ਨਾਲ ਬੋਲੇ, ਮਨ ਦੀਆਂ ਮੱਤਾਂ ਖਿੰਡ ਰਹੀਆਂ ਹਨ, ਘਟ ਘਟ ਵਿਚ ਲੋਭ ਲਹਿਰ ਫਿਰ ਰਹੀ ਹੈ, ਮਨੁਖ ਦੀ ਬਿਰਤੀ ਪਸ਼ੂ ਹੋ ਰਹੀ ਹੈ, ਧਰਮ ਦੇ ਨਾਮ ਹੇਠਾਂ ਅਧਰਮ ਉਹੋ ਪੰਜਾਂ ਦੀ ਹੱਟ ਲਾਈ ਬੈਠਾ ਹੈ, ਇਹ ਸੱਚ ਹੈ, ਪਰ ਹੇ ਕਾਕੀ! ਕਾਲੀ ਬੋਲੀ ਰਾਤ ਵਿਚ ਭੀ ਤਾਰੇ ਚਮਕਦੇ ਤੇ ਚੰਨ ਚੜ੍ਹਦਾ ਹੈ। ਇਸ ਪਸ਼ੂ ਬਿਰਤੀਆਂ ਵਾਲੇ ਸੰਸਾਰ ਵਿਚ ਭੀ ਦੇਵ ਬਿਰਤੀਆਂ ਹਨ, ਚਾਹੇ -

*ਕੋਈ ਹਰਿਆ ਬੂਟੁ ਰਹਿਓ ਰੀ॥ ਪੰਨਾ - 385*

ਜੇ ਤੈਨੂੰ ਕੋਈ ਭੀ ਐਸਾ ਨਹੀਂ ਲੱਝਾ, ਜਿਸ ਨੇ ਮਨ ਤੇ ਨਫਸ ਤੇ ਆਪੇ ਤੇ ਕਾਬੂ ਪਾਇਆ ਹੋਵੇ, ਜੋ ਮਨ ਦਾ ਅਸਵਾਰ ਇਸ ਪਵਨ ਦੇ ਘੋੜੇ ਦਾ ਸ਼ਾਹ ਸਵਾਰ ਹੋਵੇ, ਤਾਂ ਨਾ ਸਮਝ ਕਿ ਬੀਜ ਨਾਸ਼ ਹੋ ਗਿਆ ਹੈ, ਹੋਰ ਟੋਲ੍ਹ ਕਰ। ਸੋਚ, ਹੀਰੇ ਪੱਥਰਾਂ ਵਾਙੂ ਰੁਲ ਨਹੀਂ ਹੁੰਦੇ। ਕੋਈ ਵਾਹਿਗੁਰੂ ਦੀ ਲਾਲਸਾ ਵਾਲਾ ਟੋਲ੍ਹ ਜਿਸਨੇ ਗੁਰ ਪ੍ਰਸਾਦਿ ਨਾਲ ਇਹ ਸਭ ਨੂੰ ਮਿੱਠੀ ਲੱਗਣ ਵਾਲੀ ਮਾਇਆ ਕੌੜੀ ਪ੍ਰਤੀਤ ਕੀਤੀ ਹੋਵੇ, ਜਿਸ ਦਾ ਮਨ ਇਸ ਮਿੱਠੀ ਤੋਂ ਮੁੜਿਆ ਹੋਵੇ, ਹਾਂ ਲੱਭ ਉਸ ਕਿਸੇ ਬੰਦੇ ਨੂੰ, ਪਰ ਮਰ ਨਾਹ, ਆਤਮ ਹੱਤਿਆ ਐਸੀ ਮੌਤ ਹੈ ਕਿ ਤੂੰ ਮਰਕੇ ਵੀ ਪਈ ਰੁਲੇਂਗੀ। ਦੋਸ਼ ਨਾ ਦੇਹ ਕਿਸੇ ਹਿੰਦੂ, ਮੁਸਲਮਾਨ, ਸਿੱਖ, ਈਸਾਈ ਨੂੰ। ਦੋਸ਼ ਦੇਹ ਆਪ ਨੂੰ, ਆਪਣੇ ਕਰਮ ਨੂੰ -

*ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ ਪੰਨਾ - 696*

ਤੇਰੇ ਕਰਮ ਤੇਰੇ ਵੈਰੀ ਹੋਏ। ਕਰਮ ਜੋ ਮਿੱਠੇ ਜਾਣ ਕੇ ਕਰੀਦੇ ਹਨ, ਓਹੋ ਲਾਗੂ ਹੋ ਖੜ੍ਹੋਂਦੇ ਹਨ। ਹੇ ਅਬਲਾ! ਜੇ ਤੂੰ ਘਰ ਘਰ ਅੱਗ ਦੇਖੀ ਹੈ ਤਾਂ ਨਾ ਸਮਝ ਕਿ ਜਗਤ ਵਿਚ ਹਿਮਾਲਾ ਨਹੀਂ ਰਿਹਾ। ਤੇਰੀ ਟੋਲ੍ਹ ਢਿੱਲੀ ਹੈ। ਢੂੰਡ, ਤੂੰ ਪਾਵੇਂਗੀ। ਮਰ ਨਾਹ, ਇਹ ਮਰਨਾ ਭਲਾ ਨਹੀਂ। ਅੱਗੇ ਕਰਮਾਂ ਦੀ ਮਾਰੀ ਦੁੱਖ ਪਾ ਰਹੀ ਹੈਂ, ਉਤੋਂ ਹੋਰ ਮਾੜਾ ਕਰਮ ਕਰਦੀ ਹੈਂ। ਅੰਗਾਰਿਆਂ ਨਾਲ ਅੱਗ ਨਾ ਬੁਝਾ।

ਅਭਾਗਣ - (ਅੱਖਾਂ ਸ਼ਰਮਾ ਕੇ) ਹੇ ਭਲੇ ਪੁਰਖ! ਮੈਂ ਕਿਸ ਆਸਰੇ ਜੀਵਾਂ? ਮਾਪਿਆਂ ਦੇ ਘਰੋਂ ਆ ਗਈ, ਹੁਣ ਜਾਣ ਜੋਗੀ ਨਹੀਂ, ਪਦਾਰਥ ਗੁਆ ਬੈਠੀ ਹਾਂ ਪਾਸ ਕੁਛ ਨਹੀਂ, ਜਗਤ ਵਿਚ ਸਹਾਰਾ ਨਹੀਂ ਕੋਈ ਦੇਂਦਾ; ਜੋ ਮਿਲਦਾ ਹੈ ਮੈਂ ਮੁਰਦਾਰ ਦੇ ਮਾਸ ਨੂੰ ਨੋਚਣ ਵਾਲਾ ਪੰਛੀ ਮਿਲਦਾ ਹੈ, ਮੈਂ ਜੀਉ ਕੇ ਕੀ ਕਰਾਂ? ਮੈਂ ਪਾਪਣ ਹਾਂ, ਅਭਾਗਣ ਹਾਂ, ਪਰ ਮੈਂ ਪਤਿਬ੍ਰਤਾ ਹਾਂ, ਸ਼ੀਲ ਧਰਮ ਮੇਰਾ ਹਰੀ ਕ੍ਰਿਪਾ ਸਦਕਾ ਕਾਇਮ ਹੈ, ਮੈਂ ਇਸ ਧਰਮ ਨੂੰ ਬਚਾਉਣ ਖਾਤਰ ਮਰਨਾ ਹੈ ਅਰ ਜਰੂਰ ਮਰ ਜਾਣਾ ਹੈ।

ਸਿੰਘ - (ਕੋਮਲ ਸੁਰ ਵਿਚ) ਕਾਕੀ! ਤੇਰਾ ਆਚਰਨ ਉਚਾ ਤੇ ਸੁੱਚਾ ਹੈ। ਤੇਰਾ ਆਪਣੇ ਧਰਮ ਵਾਲਾ ਸੰਕਲਪ ਸ਼ੁਭ ਹੈ, ਪਰ ਹਾਂ, ਤੈਨੂੰ ਆਪਣੇ 'ਸੱਚ ਤੇ ਸੁੱਚ' ਦਾ ਤਕੀਆ ਪ੍ਰਾਪਤ ਨਹੀਂ। ਪਾਪੀ ਆਪਣੇ ਛਲ, ਦਗੇ, ਚਲਾਕੀਆਂ ਤੇ ਮਾਨ ਧਾਰ ਕੇ ਡੀਂਗਾਂ ਮਾਰਦਾ ਹੈ, ਪਰ ਕਈ ਵੇਰ ਦੇਖਦਾ ਹੈ ਕਿ ਸੱਚ ਵਾਲੇ ਆਪਣੇ ਸੱਚ ਦੀ ਟੇਕ ਨਹੀਂ ਧਾਰਦੇ। ਕਿਉਂ ਤੈਨੂੰ, ਜੋ ਪਤਿਬ੍ਰਤਾ ਹੈਂ ਜਿਸਨੇ ਇਤਨੇ ਖੇਦਾਂ ਵਿਚ ਧਰਮ ਬਚਾਇਆ ਹੈ, ਆਸਰੇ ਅਰ ਪਦਾਰਥ ਦੀ ਲੋੜ ਹੈ? ਕਿਉਂ ਤੈਨੂੰ ਇਸ ਧਰਮ ਦੀ, ਆਪਣੇ ਸੱਚ ਦੀ, ਆਪਣੇ ਅੰਦਰ ਧਿਰ ਤੇ ਧੁਰ ਨਹੀਂ ਬੱਝਦੀ? ਤੂੰ ਕਿਉਂ ਇਕੱਲੀ ਹੈਂ ਜਦ ਧਰਮ ਤੇਰੇ ਨਾਲ ਹੈ? ਤੂੰ ਕਿਉਂ ਡਰਦੀ ਹੈਂ ਜਿਸਦੇ ਅੰਦਰ ਸੱਚ ਹੈ? ਜਗਤ ਦਾ ਮੁਕਤੀ ਦਾਤਾ ਆਖਦਾ ਹੈ -

*ਸੋ ਡਰੈ ਜਿ ਪਾਪ ਕਮਾਵਦਾ............॥*

*ਪੰਨਾ - 85*

ਹਾਂ ਤ੍ਰਾਣ ਕਰਤਾ ਆਖਦਾ ਹੈ -

*............ ਧਰਮੀ ਵਿਗਸੇਤੁ॥ ਪੰਨਾ - 85*

ਹੇ ਧਰਮ ਵਾਲੀ ਸਬਲਾ! ਤੂੰ ਕਿਉਂ ਡੋਲਦੀ ਹੈਂ? ਕਿਉਂ ਪਾਪੀਆਂ ਦਾ ਆਸਰਾ ਟੋਲਦੀ ਹੈਂ? ਪਸ਼ੂਆਂ ਨੂੰ ਕਿਉਂ ਮਨੁੱਖ ਸਮਝਕੇ ਉਨ੍ਹਾਂ ਦੀ ਸ਼ਰਨ ਜਾਂਦੀ ਹੈਂ? ਤੇਰੇ ਅੰਦਰ ਸੱਚ ਹੈ, ਧਰਮ ਹੈ, ਆਪਣੇ ਆਸਰੇ ਹੋ, ਆਪਣੀ ਟੇਕ ਟਿਕ। ਤ੍ਰਿਸ਼ਨਾ ਕੁੱਠਿਆਂ, ਲੋਭ ਲਹਿਰ ਵਿਚ ਟੁਰ ਰਹਿਆਂ



Sri Satguru Jagjit Singh Ji eLibrary NamdhariElibrary@gmail.com

ਤੇ 'ਪਸ਼ੂ ਬ੍ਰਿਤੀ ਵਾਲੇ ਮੁਖ ਦਿਸਦਿਆਂ, ਪਰ ਪਸ਼ੂ ਜੀਵਨ ਬਿਤੀਤ ਕਰਦਿਆਂ ਪਾਸੋਂ ਤੂੰ ਸ਼ਰਨ ਕਿਉਂ ਮੰਗਦੀ ਹੈਂ ਤੇ ਭੈ ਕਿਉਂ ਖਾਂਦੀ ਹੈਂ? ਸ਼ੇਰ ਹੋ! ਆਪਣੇ ਵਿਚੋਂ ਭੁੱਲਾਂ ਕੱਢ, ਤ੍ਰਿਸ਼ਨਾਂ ਦੀ ਅੰਸ਼ ਧੋ, ਜਿਵੇਂ ਇਕ ਅੰਦਰਲੇ ਮਹਾਂਬਲੀ ਤੇ ਤੂੰ ਕਾਬੂ ਪਾ ਕੇ ਪਤਿਬ੍ਰਤਾ ਹੋਈ ਹੈਂ, ਬਾਕੀ ਚੌਹਾਂ ਮਹਾਂਬਲੀਆਂ ਤੇ ਕਾਬੂ ਪਾ, ਫਿਰ ਤੂੰ ਮੁਥਾਜ ਨਹੀਂ, ਬੁੜੀ ਹੋਈ ਨਹੀਂ, ਨਿਤਾਣੀ ਨਹੀਂ, ਇਕੱਲੀ ਨਹੀਂ, ਫਿਰ ਤੂੰ ਇਨਸਾਨ ਹੈਂ ਤੇ ਬਲਵਾਨ ਹੈਂ।

ਅਭਾਗਣ - (ਕੁਛ ਧਿਰਾਸੀ ਹੋ ਕੇ) ਹੇ ਸਾਧੂ! ਤੇਰੇ ਵਾਕ ਅੰਮ੍ਰਿਤ ਹਨ ਜੋ ਮੋਏ ਵਿਚ ਜਾਨ ਪਾਉਂਦੇ ਹਨ, ਪਰ ਮੈਂ ਕੱਲ੍ਹ ਕਿਸੇ ਨੂੰ ਗਾਉਂਦੇ ਸੁਣਿਆ ਸੀ -

***ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥***
***ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥***
***ਪੰਨਾ - 1370***

ਸਿੰਘ - (ਗੰਭੀਰ ਸੁਰ ਵਿਚ) ਹੇ ਧਰਮ ਵਾਲੀ! ਮੈਂ ਸਾਧੂ ਨਹੀਂ, ਮੈਂ ਲੁਹਾਰ ਨਹੀਂ, ਮੈਂ ਤੈਨੂੰ ਤੇਰੀਆਂ ਦੋ ਭੁੱਲਾਂ ਦੱਸ ਰਿਹਾ ਹਾਂ।

ਇਸ ਸੰਸਾਰ ਵਿਚ ਪਸ਼ੂ ਬ੍ਰਿਤੀ ਪ੍ਰਬਲ ਹੈ, ਸ਼ੱਕ ਨਹੀਂ। ਪਰ ਮਨੁੱਖ ਜੇ ਮਨ ਵਿਚ ਕੰਘੀ ਮਾਰੇ ਤਾਂ ਉਹ ਦੇਖੇਗਾ ਕਿ ਉਸ ਦੀਆਂ ਰੁਚੀਆਂ ਤੇ ਕਰਮ ਪਸ਼ੂਆਂ ਤੋਂ ਵੀ ਮਾੜੇ ਹਨ। ਨਿਆਉਂ ਨਾਹ ਕਰਨਾ, ਦੂਏ ਦਾ ਦਿਲ ਦੁਖਾਉਣਾ, ਨਿੰਦਾ ਕਰਨੀ ਤੇ ਬਿਨਾਂ ਅੱਖੀਂ ਡਿੱਠੇ ਦੋਸ਼ ਥੱਪਣੇ, ਇਹ ਪਸ਼ੂਆਂ ਤੋਂ ਵੀ ਮਾੜੇ ਹਨ। ਲੋਭ ਲਹਿਰ ਨਾਲ ਧਨ ਕੱਠੇ ਕਰਨੇ ਅਤੇ ਖਾਣ ਪੀਣ, ਪੰਜਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਵੱਸ ਵਿਚ ਹੋ ਕੇ ਨੀਵੇਂ ਕਰਮ ਹੀ ਕਰੀ ਜਾਣੇ, ਇਹ ਪਸ਼ੂ ਬਿਰਤੀਆਂ ਹਨ। ਪਸ਼ੂ ਤਾਂ ਲੋੜ ਪੂਰੀ ਹੋਈ ਤੇ ਬੱਸ ਕਰਦਾ ਹੈ, ਮਨੁਖ ਕਿਤੇ ਵੀ ਬੱਸ ਨਹੀਂ ਕਰਦਾ। ਸੋ ਇਸ ਸੰਸਾਰ ਵਿਚ ਹਨੇਰੀ ਰਾਤ ਪੈ ਰਹੀ ਹੈ ਤੇ ਹੋਰ ਵੱਧ ਰਹੀ ਹੈ। ਵਿਦਯਾ ਦੇ ਸੁਧਾਰਕ ਤੇ ਧਰਮ ਦੇ ਪ੍ਰਚਾਰਕ ਕੂਕਾਂ ਦੇ ਰਹੇ ਹਨ, ਦੇਸ਼ ਹਿਤ ਦੇਸ਼ ਪਿਆਰ ਪੁਕਾਰੇ ਜਾ ਰਹੇ ਹਨ, ਪੱਛਮ ਤੋਂ ਵਿਗਿਆਨ ਵੀ ਆ ਰਿਹਾ ਹੈ, ਪਰ ਮਨੁੱਖ ਦੀ ਬਿਰਤੀ ਪਸ਼ੂ ਬਿਰਤੀ ਹੈ, ਪੰਜਾਂ ਦੇ ਵੱਸ ਵਿਚ ਹੈ। ਬਿਰਤੀ ਪਲਟਾ ਨਹੀਂ ਖਾ ਰਹੀ, ਸੁਭਾਵ ਨਹੀਂ ਬਦਲ ਰਹੇ, ਹੇ ਬੀਬੀ! ਇਹ ਸੱਚ ਹੈ। ਮੰਨਿਆ ਕਿ ਲੋਕੀਂ ਖੋਟ ਕਮਾਉਂਦੇ ਹਨ ਤੇ ਖੋਟ ਫੈਲ ਰਿਹਾ ਹੈ, ਮੰਨਿਆਂ ਕਿ ਜੋ ਲੋਕ ਧਰਮ ਦਾ ਉਪਦੇਸ਼ ਕਰਦੇ ਹਨ ਉਹਨਾਂ ਵਿਚੋਂ ਕਈਆਂ ਦੇ ਮਨ ਸੰਸਾਰਕ ਹਠ ਮਾਤ੍ਰ ਵਿਚ ਹਨ, ਉਨ੍ਹਾਂ ਨੇ ਪੰਜਾਂ ਮਹਾਂ ਬਲੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਬੰਨ੍ਹ ਨਹੀਂ ਲਾਈ ਤੇ ਵਾਹਿਗੁਰੂ ਜੀ ਦੀ ਮਿਠਾਸ ਨਾਲ ਉਹਨਾਂ ਦਾ ਪਿਆਰ ਨਹੀਂ ਪਿਆ, ਪਰ ਇਸ ਦਾ ਇਹ ਮਤਲਬ ਕੱਢਣਾ ਭੁੱਲ ਹੈ ਕਿ ਕੋਈ ਭੀ ਪਰਮੇਸ਼ਰ ਜੀ ਨੂੰ ਪਿਆਰ ਕਰਨ ਵਾਲਾ ਉਸਦਾ ਬੰਦਾ ਸੰਸਾਰ ਪਰ ਨਹੀਂ ਰਿਹਾ। ਬਹੁਤੇ ਖੋਟੇ ਪੈਸੇ ਵੇਖਕੇ ਇਹ ਨਹੀਂ ਸਮਝੀਦਾ ਕਿ ਖਰਾ ਪੈਸਾ ਰਿਹਾ ਹੀ ਨਹੀਂ। ਜਦ ਇਹ ਭੁੱਲ ਦੂਰ ਕਰੋਗੇ ਤਦ ਤੁਹਾਡੇ ਵਿਚ ਨਿਰਾਸਤਾ ਨਾ ਆਵੇਗੀ। ਅਕਸਰ ਨਿਰਾਸ ਮਨ ਹੀ ਆਤਮਘਾਤ ਵੱਲ ਰੁੱਖ ਕਰਿਆ ਕਰਦਾ ਹੈ। ਇਸ ਵੀਚਾਰ ਨਾਲ ਤੁਹਾਡੇ ਮਨ ਵਿਚ ਆਸ ਉਤਪਤ ਹੋਵੇਗੀ, ਆਸ ਵਾਲਾ ਮਨ, ਜੀਵਨ ਨੂੰ ਨਾਸ਼ ਨਹੀਂ ਕਰਨਾ ਚਾਹੁੰਦਾ। ਜੀਵਨ ਜੀਵਨਾ ਚਾਹੀਏ ਤੇ ਦੁੱਖਾਂ ਦਾ ਟਾਕਰਾ ਕਰਨਾ ਚਾਹੀਏ। ਹਿੰਦੁਸਤਾਨ ਦੇ ਪੁਰਾਣੇ ਬਜ਼ੁਰਗਾਂ ਨੇ ਦੁਨੀਆਂ ਦੇ ਲੋਕਾਂ, ਗ੍ਰਹਿਸਤੀਆਂ, ਸਾਧਾਂ ਨੂੰ ਮਾਇਆਧਾਰੀ ਤੇ ਮਾੜੇ ਵੇਖਕੇ ਤਿਆਗ ਕੀਤੇ ਸਨ ਤੇ ਜੰਗਲਾਂ ਵਿਚ ਜਾ ਵਸੇ ਸਨ ਪਰ ਜਗਤ ਦੇ ਤ੍ਰਾਣ ਕਰਤਾ ਗੁਰੂ ਨਾਨਕ ਦੇਵ ਜੀ ਨੇ ਸੁਮੱਤ ਦਿੱਤੀ ਕਿ 'ਨੱਠੋ ਨਹੀਂ, ਇਸ ਲੋਭ ਲਹਿਰ ਤੇ ਤ੍ਰਿਸ਼ਨਾਂ ਦੇ ਰੇਤ ਥੱਲੇ ਵਿਚ ਕਿਤੇ ਕਿਤੇ ਠੰਢੀ ਝੰਗੀ ਹਮਦਰਦੀ ਦੇ ਤੇ ਪਿਆਰ ਦੇ ਮਿੱਠੇ ਪਾਣੀਆਂ ਦੇ ਚਸ਼ਮੇ ਵੀ ਹਨ।' ਸੋ ਬੀਬੀ! ਤੁਸੀਂ ਮਨੁੱਖ ਮਾਤ੍ਰ ਤੋਂ ਨਫਰਤ ਨਾ ਕਰੋ, ਸਾਰੇ ਜਗਤ ਨਾਲ ਨਾ ਰੁੱਸ ਜਾਓ। ਮਾੜਿਆਂ ਦੇ ਸੰਗ ਨੂੰ ਕੁਸੰਗ ਸਮਝਕੇ ਛੱਡੋ, ਪਰ ਭਲਿਆਂ ਦਾ ਸਤਿਸੰਗ ਕਰੋ। ਰੱਬ ਦੇ ਪਿਆਰ ਕਰਨ ਵਾਲੇ ਭਲੇ ਬੰਦਿਆਂ ਦਾ ਜਿਨ੍ਹਾਂ ਨੇ ਮੋਹ ਮਾਇਆ ਦੀ ਥਾਂ ਰੱਬ ਜੀ ਨਾਲ ਪਿਆਰ ਪਾਇਆ ਹੈ ਤੇ ਜਿਨ੍ਹਾਂ ਨੇ ਪੰਜਾਂ ਨੂੰ ਬੰਨ੍ਹ ਲਿਆ ਹੈ, (ਉਹਨਾਂ ਭਲਿਆਂ ਦਾ) ਸੰਗ ਕਰੋ। ਸਾਰੇ ਸੰਸਾਰ ਨਾਲ ਤਿਆਗ ਕਰੋਗੇ ਤਾਂ ਭਲਿਆਂ ਨਾਲ ਭੀ ਤਿਆਗ ਹੋ ਜਾਵੇਗਾ। ਫੇਰ ਜੰਗਲਾਂ ਵਿਚ ਤੁਸੀਂ ਘਬਰਾ ਵਿਚ ਫਸਕੇ ਕ੍ਰੋਧੀ ਤੇ ਨੀਵੇਂ ਮਨ ਵਾਲੇ ਹੋ ਜਾਓਗੇ -

ਗ੍ਰਿਹਰਾਜ ਮਹਿ ਨਰਕੁ ਉਦਾਸ ਕਰੋਧਾ॥ ਪੰਨਾ -

ਹਾਂ, ਸੰਸਾਰ ਵਿਚ ਉਹਨਾਂ ਨਾਲ ਨੇਹੁੰ ਨਾ ਲਾਓ ਜੋ ਵਾਹਿਗੁਰੂ ਜੀ ਤੋਂ ਭੁਲਾਉਂਦੇ ਹਨ, ਮਾੜੇ ਕੰਮਾਂ ਵਿਚ ਫਸਾਉਂਦੇ ਹਨ ਤੇ 'ਸੱਚ' ਤੋਂ ਦੂਰ ਲੈ ਜਾਂਦੇ ਹਨ। ਹਾਂ ਮਾੜੇ ਕਰਮ ਛੱਡਣੇ ਚਾਹੀਦੇ ਹਨ, ਨਾਹ ਕਿ ਸੰਸਾਰ ਤੋਂ ਰੁੱਠ ਜਾਣਾ ਚਾਹੀਏ।

ਅਭਾਗਣ - (ਹਾਹੁਕਾ ਲੈਕੇ) ਮੈਨੂੰ ਤਾਂ ਇਕ ਵੀ ਨਾ ਚੰਗਾ ਲੱਭਾ?

ਸਿੰਘ (ਮਿਹਰ ਨਾਲ ਤੱਕ ਕੇ) ਤੁਸਾਡੀ ਭਾਲ ਅਜੇ ਥੋੜ੍ਹੀ ਹੈ। ਤੁਸੀਂ ਨਿਰਾਸ ਹੋਕੇ ਵਾਹਿਗੁਰੂ ਦੇ ਰਚੇ ਸਰੀਰ ਨੂੰ ਭੰਨ ਰਹੇ ਹੋ। ਤੁਸੀਂ ਨਿਹਚੇ ਦੇ ਘਰ ਆਓ ਕਿ ਸੰਸਾਰ ਵਿਚ ਵਾਹਿਗੁਰੂ ਜੀ ਦਾ ਰਾਜ ਹੈ ਤੇ ਉਸ ਸੰਸਾਰ ਵਿਚ ਭਲੇ ਬੰਦੇ ਵੀ ਹੈਨ। ਤੁਸਾਨੂੰ ਪੰਜਾਂ ਪਰ ਕਾਬੂ ਪਾਉਣ ਵਾਲੇ, ਰੱਬ ਨੂੰ ਪਿਆਰ ਕਰਨ ਵਾਲੇ ਸੱਚੇ ਤੇ ਭਲੇ ਲੋਕ ਵੀ ਦਿੱਸ ਪੈਣਗੇ।

ਅਭਾਗਣ - (ਠੰਢਾ ਸਾਹ ਭਰਕੇ ਤੇ ਕੁਛ ਆਸ ਦਾ ਰੁਮਕਾ ਖਾਕੇ) ਤੇ ਜੀ ਮੇਰੀ ਦੂਸਰੀ ਭੁੱਲ ਵੀ ਦੱਸੋ, ਤੇ ਇਹ


Sri Satguru Jagjit Singh Ji eLibrary NamdhariElibrary@gmail.com

ਵੀ ਦੱਸੋ ਕਿ ਮੈਂ ਇਸਤ੍ਰੀ ਜਾਤ ਹਾਂ, ਕੀਕੂੰ ਟੋਲ੍ਹ ਕਰਾਂ। ਮੈਂ ਸੁਣਿਆ ਸੀ ਕਿ ਇਸਤ੍ਰੀ ਤੌਣ ਦਾ ਆਟਾ ਹੈ! ਅੰਦਰ ਪਈ ਨੂੰ ਚੂਹੇ ਖਾਂਦੇ ਹਨ, ਬਾਹਰ ਨਿਕਲੀ ਨੂੰ ਕਾਂ। ਮੈਂ ਭਾਲ ਵਿਚ ਹੀ ਘਰੋਂ ਨਿਕਲੀ ਸਾਂ, ਹੁਣ ਭਾਲ ਕੀਕੂੰ ਕਰਾਂ? ਕਦਮ ਕਦਮ ਤੇ ਲਾਗੂ ਖੜ੍ਹੇ ਹਨ।

ਸਿੰਘ – (ਗੰਭੀਰ ਸੁਰ ਨਾਲ) ਤੁਸਾਡੀ ਭੁੱਲ ਇਹ ਹੈ ਕਿ ਤੁਹਾਡੇ ਵਿਚ ਵਾਹਿਗੁਰੂ ਦਾ ਬਖਸ਼ਿਆ ਪਤੀਬ੍ਰਤ ਧਰਮ ਦਾ ਭਾਵ ਤਾਂ ਹੈ ਪਰ ਉਸ ਧਰਮ ਦਾ ਸੱਚਾ ਮਾਣ, ਉਸ ਧਰਮ ਦੀ ਸੱਚੀ ਟੇਕ ਤੇ ਉਸਦਾ ਅੰਦਰੇ ਅੰਦਰ ਨਿਰਹੰਕਾਰ ਨਸ਼ਾ ਤੁਹਾਡੇ ਅੰਦਰ ਨਹੀਂ ਹੈ, ਇਸ ਕਰਕੇ ਤੁਹਾਡੇ ਅੰਦਰ 'ਤੌਖਲਾ' ਵੱਸਦਾ ਹੈ। ਉਹ ਤੌਖਲਾ ਤੁਹਾਨੂੰ ਖਾ ਰਿਹਾ ਹੈ। ਉਸ ਧਰਮ ਦਾ, ਉਸ ਸੱਚੀ ਅੰਸ਼ ਦਾ, ਜਿਸਨੇ ਇਨ੍ਹਾਂ ਕਸ਼ਟਾਂ ਵਿਚ ਤੁਹਾਨੂੰ ਸਚਿਆਂ ਤੇ ਧਰਮੀ ਰੱਖਿਆ ਹੈ ਕਦੇ ਨਿਰਹੰਕਾਰ ਆਸਰਾ ਵੀ ਤੁਹਾਡੇ ਅੰਦਰ ਹੁੰਦਾ ਤਾਂ ਤੁਸੀਂ ਸੁਖੀ ਹੁੰਦੇ। ਧਰਮ ਉਹੀ ਹੈ ਜੋ ਸੱਚ ਹੈ। ਸੱਚ ਸਭ ਤੋਂ ਉੱਚਾ ਹੈ। ਤੁਹਾਡੇ ਅੰਦਰ ਇਕ ਸੱਚ ਹੈ, ਪਰ ਉਸ ਸੱਚ ਦਾ ਨਸ਼ਾ ਨਹੀਂ, ਟੇਕ ਨਹੀਂ। ਨਹੀਂ ਤਾਂ ਕਿਉਂ ਕੋਈ ਤੁਹਾਡਾ ਲਾਗੂ ਹੈ? ਕੌਣ ਹੈ ਜੋ ਪਵਿੱਤ੍ਰ ਹਿਰਦੇ ਵਾਲੀ ਇਸਤ੍ਰੀ ਵੱਲ ਤੱਕ ਸਕਦਾ ਹੈ? ਕੌਣ ਹੈ ਜੋ ਤੁਹਾਨੂੰ ਖਾ ਸਕਦਾ ਹੈ? ਕੋਈ ਨਹੀਂ। ਤੁਹਾਨੂੰ ਤੁਹਾਡਾ ਤੌਖਲਾ ਖਾ ਰਿਹਾ ਹੈ। ਜਿਨ੍ਹਾਂ ਦੇ ਹਿਰਦੇ ਧਰਮ ਨਹੀਂ ਉਨ੍ਹਾਂ ਨੂੰ ਤੌਖਲਾ ਹੈ। ਜਿਸ ਦੀ ਐਨੇ ਦੁੱਖਾਂ, ਅਜ਼ਮਾਇਸ਼ਾਂ ਤੇ ਪਰਤਾਵਿਆਂ ਵਿਚ ਪਵਿੱਤ੍ਰਤਾ ਕਾਇਮ ਰਹੀ ਹੈ ਤੇ ਆਪਾ ਕਾਬੂ ਵਿਚ ਰਿਹਾ ਹੈ, ਕੌਣ ਹੈ ਜੋ ਉਸਦੀ ਵਾਉ ਵੱਲ ਤੱਕ ਸਕਦਾ ਹੈ? ਪਰ ਕਿਵੇਂ ਹੋਵੇ ਕਿ ਉਸ ਪਵਿੱਤ੍ਰਤਾ ਵਿਚ ਤੌਖਲਾ ਨਾ ਹੋਵੇ, ਨਿਰਭੈਤਾ ਹੋਵੇ ਤੇ ਉਸ ਤੇ ਟੇਕ ਹੋਵੇ?

ਅਭਾਗਣ – (ਹੁਣ ਹੋਰ ਸਾਹ ਲੈਕੇ) ਹੇ ਸਾਧੂ! ਕਿਆ ਮੈਂ ਇਕੱਲੀ ਇਸ ਅਸਗਾਹ ਸੰਸਾਰ ਵਿਚ ਵਿਚਰ ਸਕਦੀ ਹਾਂ – ਮੈਂ ਇਸਤ੍ਰੀ ਅਬਲਾ?

ਸਿੰਘ – (ਜ਼ੋਰ ਨਾਲ) ਜਿਸਦੇ ਅੰਦਰ ਧਰਮ ਹੈ, ਪਵਿੱਤ੍ਰਤਾ ਹੈ, ਸੱਚ ਹੈ, ਰੱਬ ਹੈ, ਉਹ ਕਦੇ ਇਕੱਲਾ ਹੈ ਹੀ ਨਹੀਂ। ਉਸਦੇ ਨਾਲ ਸ੍ਰਿਸ਼ਟੀ ਦਾ ਮਾਲਕ ਰੱਬ ਹੈ। ਰੱਬ ਵਾਲਾ ਸਬਲ ਹੁੰਦਾ ਹੈ।

ਇਸਤ੍ਰੀ – (ਉਦਾਸ ਹੋ ਕੇ) ਹੌਸਲਾ ਨਹੀਂ ਬੱਝਦਾ। ਸਮਝ ਪੈਂਦੀ ਹੈ, ਪਰ ਨਸ਼ਾ ਨਹੀਂ ਅੰਦਰ ਉਮਗਦਾ, ਭਰੋਸਾ ਨਹੀਂ ਬੱਝਦਾ, ਰੱਬ ਸਿਰ ਤੇ ਨਹੀਂ ਪ੍ਰਤੀਤ ਦਿੰਦਾ।

ਸਿੰਘ – ਮਰ ਗਿਆ ਪਤੀ ਜਿਸਦੇ ਦਰਸ਼ਨਾਂ ਲਈ ਇਤਨੇ ਕਲੇਸ਼ ਝੱਲੇ ਨੀ, ਉਸ ਦੀ 'ਹੋਂਦ' ਕੀਕੂੰ ਤੇਰੇ ਅੰਦਰ ਹੈ? ਉਸ ਉਤੇ ਤੂੰ ਟੇਕ ਕੀਕੂੰ ਲਾਈ ਹੋਈ ਹੈ?

ਅਭਾਗਣ – ਜੀ ਹੈ, ਪਰ ਪਤਾ ਨਹੀਂ ਕਿਵੇਂ ਹੈ; ਹੈ ਸਹੀ।

ਸਿੰਘ – ਜੀਕੂੰ ਉਹ ਹੈ, ਉਕਰ ਰੱਬ ਦੀ ਟੇਕ ਧਾਰ।

ਅਭਾਗਣ – ਜ਼ੋਰ ਲਾਉਨੀ ਹਾਂ, ਪਰ ਟੇਕ ਬੱਝਦੀ ਨਹੀਂ। ਆਪਦੇ ਬਚਨਾਂ ਨਾਲ ਜੀਅ ਮੇਰਾ ਖਿੜ ਆਇਆ ਹੈ, ਠੰਢ ਵੀ ਪਈ ਤੇ ਢਾਰਸ ਵੀ ਬੱਝੀ ਹੈ, ਪਰ ਅਜੇ ਡੋਲ ਪੈਂਦੀ ਹੈ।

ਸਿੰਘ – (ਪਿਆਰ ਨਾਲ) ਵੇਖ! ਕਸਰ ਇਕ ਹੋਰ ਹੈ। ਧਰਮ ਤੇਰੇ ਅੰਦਰ ਹੈ, ਪਰ ਧਰਮ ਦਾ ਧੁਰੰਧਰ ਨਹੀਂ ਹੈ। ਸੱਚ ਤੇਰੇ ਅੰਦਰ ਹੈ, ਪਰ 'ਸਰਬੰ ਸਾਚਾ' ਤੇਰੇ ਅੰਦਰ ਨਹੀਂ। ਕਾਸ਼! ਤੇਰੇ ਅੰਦਰ 'ਸਰਬੰ ਸਾਚਾ' ਵਾਹਿਗੁਰੂ, ਰੱਬ, ਪ੍ਰਮੇਸ਼ਰ ਆ ਵੱਸੇ। ਫੇਰ ਤੇਰੇ ਅੰਦਰ 'ਨਿਧਾਰਾਂ ਅਧਾਰ' ਦੀ ਟੇਕ ਆਵੇਗੀ ਤੇ ਤੂੰ ਜੀ ਉੱਠੇਂਗੀ।

ਅਭਾਗਣ – ਕੀਕੂੰ?

ਸਿੰਘ – ਉਸ ਮਾਲਿਕ ਨੂੰ ਜੋ ਪਿਤਾ ਹੈ, ਸਿਰਜਨਹਾਰ ਹੈ, ਜੋ ਪਾਲਨਹਾਰ ਤੇ ਅੰਗ ਸੰਗ ਹੈ, ਅੰਗ ਸੰਗ ਜਾਣ। ਉਹ ਅੰਦਰ ਬੈਠਾ ਹੈ, ਵੇਖ।

ਅਭਾਗਣ – ਵੇਖਾਂ ਕੀਕੂੰ?

ਸਿੰਘ – ਸਿਮਰਣ ਨਾਲ।

ਅਭਾਗਣ – ਕੀਕੂੰ?

ਸਿੰਘ – (ਟਿਕਵੀਂ ਸੁਰ ਤੇ ਮਿਹਰ ਦੀ ਅੱਖ ਤੱਕ ਕੇ) ਜੀਕੂੰ ਮਰ ਗਏ ਤੇ ਨਾ ਦਿੱਸਦੇ ਪਤੀ ਦੀ ਯਾਦ ਤੇਰੇ ਅੰਦਰ ਰਹੀ ਤੇ ਤੂੰ ਕਿਸੇ ਪਰਤਾਵੇ ਵਿਚ ਨਹੀਂ ਡਿੱਗੀ, ਇਸੇ ਤਰ੍ਹਾਂ ਸ੍ਰਿਸ਼ਟੀ ਦੇ ਮਾਲਿਕ ਵਾਹਿਗੁਰੂ ਦੀ ਲਗਾਤਾਰ ਯਾਦ ਅੰਦਰ ਵਸਾ। ਉਸ ਦੀ ਯਾਦ ਤੇਰੇ ਅੰਦਰ ਉਸ ਦੀ ਟੇਕ ਬੰਨ੍ਹੇਗੀ ਤੇ ਨਿਰਭੈਤਾ ਲਿਆਵੇਗੀ। ਜਗਤ ਦਾ ਮੁਕਤੀ ਦਾਤਾ ਗੁਰੂ ਨਾਨਕ ਆਖਦਾ ਹੈ –

***ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ॥***

***ਪੰਨਾ – 762***

ਯਾਦ ਕਰ ਰੱਬ ਨੂੰ ਦਮ ਬਦਮ। ਤੇਰੀਆਂ ਅੱਖਾਂ ਅੱਗੇ ਸੰਸਾਰ ਹੈ। (ਕੁਛ ਸੋਚ ਕੇ) ਲੈ ਬੀਬੀ! ਹੁਣ ਤੇਰਾ ਗੁਰੂ ਰਾਖਾ, ਮੈਂ ਚਲਦਾ ਹਾਂ।

ਅਭਾਗਣ – (ਘਬਰਾ ਕੇ) .... ਤੇ ਮੇਰਾ ਕੌਣ?..... ਤੇ ਜੋ ਸਿਖਿਆ ਦੇ ਰਹੇ ਸਾਓ ਅਧਵਾਟੇ ਰਹਿ ਗਈ।

ਸਿੰਘ – ਫੇਰ ਕਦੇ ਸਹੀ! ਤੂੰ ਥੱਕ ਗਈ ਹੋਸੇਂ, ਕਮਜ਼ੋਰ ਹੈਂ ਅਜੇ।

ਅਭਾਗਣ – ਮੈਂ ਤਕੜੀ ਹੋ ਗਈ ਹਾਂ – ਪਿਆਰ ਵਾਲੇ ਉਪਦੇਸ਼ ਨਾਲ। ਕਿਰਪਾ ਕਰੋ ਤੇ ਸਾਰੀ ਗੱਲ ਸਮਝਾ ਦਿਓ, ਮੇਰੇ ਥੱਕਣ ਦੀ ਪਰਵਾਹ ਨਾ ਕਰੋ।

ਸਿੰਘ – (ਕੁਛ ਸੋਚ ਕੇ) ਚੰਗਾ ਹੋਰ ਥੋੜ੍ਹਾ ਸੁਣ ਲੈ।



Sri Satguru Jagjit Singh Ji eLibrary NamdhariElibrary@gmail.com

ਮੈਂ ਕਿਹਾ ਸੀ ਕਿ ਤੇਰੀਆਂ ਅੱਖਾਂ ਅੱਗੇ ਸੰਸਾਰ ਹੈ, ਸੰਸਾਰ ਵਿਚ ਸੰਸਾ ਤੇ ਤੌਖਲਾ ਹੈ, ਸਭ ਵਡੇ ਵਡੇ ਪੰਡਤ, ਅਮੀਰ ਅਨਪੜ੍ਹ ਪੜ੍ਹੇ ਲਿਖੇ ਵਿਦਵਾਨ, ਸਾਇੰਸ ਵੇਤਾ (ਵਿਗਿਆਨੀ) ਸਭ ਦੇ ਅੰਦਰ ਸੰਸਾ ਤੇ ਤੌਖਲਾ ਵਸਦਾ ਹੈ। ਜੀਵ ਜੰਤੂ ਜਨੌਰ ਸਭ ਤੌਖਲੇ ਵਿਚ ਹਨ। ਹਰ ਆਦਮੀ, ਹਰ ਜਾਨਵਰ, ਗੱਲ ਕੀ ਹਰ ਪ੍ਰਾਣੀ ਆਪਣੇ ਤੋਂ ਕਮਜ਼ੋਰ ਨੂੰ ਭੌ (ਡਰ) ਦੇਂਦਾ ਹੈ ਤੇ ਆਪਣੇ ਤੋਂ ਤਕੜੇ ਦਾ ਭੌ ਖਾਂਦਾ ਹੈ। ਇਉਂ ਸਾਰਾ ਸੰਸਾਰ ਤੌਖਲੇ ਵਿਚ ਵੱਸਦਾ ਹੈ। ਤੂੰ ਉਸ ਤੌਖਲੇ ਵਾਲੇ ਜਗਤ ਨੂੰ ਵੇਖਦੀ ਹੈਂ, ਪ੍ਰਤੱਖ ਅੱਖਾਂ ਦੇ ਸਾਹਮਣੇ ਦਿਨ ਰਾਤ। ਇਹੋ ਤੌਖਲੇ-ਬਿਰਤੀ ਵਾਲਾ ਸੰਸਾਰ ਹੈ, ਜਿਸਦਾ ਅਕਸ ਤੇਰੇ ਮਨ ਤੇ ਵੀ ਪੈਂਦਾ ਹੈ। ਤੂੰ ਅੰਦਰ ਵਾਹਿਗੁਰੂ ਨੂੰ ਯਾਦ ਕਰ, ਹਰ ਦਮ ਯਾਦ ਕਰ, ਉਹਦਾ ਧਿਆਨ ਸਦਾ ਅੰਦਰ ਰੱਖ, ਤਦ ਤੇਰੇ ਮਨ ਤੇ ਉਸ ਵਾਹਿਗੁਰੂ ਦਾ ਅਕਸ ਪਵੇਗਾ। ਉਹ ਨਿਰਭੈ ਹੋ ਜਾਏਗਾ, ਫੇਰ ਤੂੰ ਨਾ ਭੈ ਦੇਵੇਂਗੀ ਨਾ ਭੈ ਮੰਨੇਂਗੀ। ਤ੍ਰਾਣ ਕਰਤਾ ਆਖਦਾ ਹੈ -

*ਭੈ ਕਾਹੂ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
*ਪੰਨਾ - 1429*

ਜਦ ਤੇਰਾ ਮਨ ਨਿਰਭੈ ਹੋ ਗਿਆ ਤਦ ਦ੍ਰਿਸ਼ਟੀ ਬਦਲ ਜਾਏਗੀ। ਇਹ ਸੰਸਾਰ ਵਿਸ਼ (ਜ਼ਹਿਰ) ਨਹੀਂ ਦਿੱਸੇਗਾ, ਇਹ ਹਰੀ ਰੂਪ ਦਿੱਸੇਗਾ। ਜਿਧਰ ਤੇਰੀ ਨਜ਼ਰ ਜਾਏਗੀ ਤੈਨੂੰ ਵਾਹਿਗੁਰੂ ਦਾ ਪ੍ਰਕਾਸ਼ ਦਿੱਸੇਗਾ। ਜਿਸ ਤਰ੍ਹਾਂ ਅੰਨ੍ਹੇ ਨੂੰ ਹਰ ਥਾਂ ਠੁਹਕਰਾਂ ਦਿੱਸਦੀਆਂ ਹਨ, ਪਰ ਜਦ ਨੇਤ੍ਰ ਖੁੱਲ੍ਹ ਜਾਣ ਤਾਂ ਉਸ ਨੂੰ ਪ੍ਰਕਾਸ਼ ਤੇ ਚਾਨਣਾ ਹੀ ਦੀਹਦਾ ਹੈ, ਫੇਰ ਉਸੇ ਸੰਸਾਰ ਵਿਚ ਠੁਹਕਰਾਂ ਨਹੀਂ ਖਾਂਦਾ, ਉਹੋ ਕੰਧਾਂ, ਥੱਮ੍ਹੇ, ਰੁੱਖ ਬਿਰਖ ਜੋ ਉਸ ਦਾ ਮੱਥਾ ਭੰਨਦੇ ਸਨ, ਉਸ ਦਾ ਮੱਥਾ ਨਹੀਂ ਭੰਨਦੇ, ਆਪਣਾ ਸਰੂਪ ਦੱਸਦੇ ਹਨ।

ਹੇ ਬੀਬੀ! ਉਠ ਉਸ ਮਾਇਆ ਵਿਚੋਂ, ਉਸ ਤੌਖਲੇ, ਉਸ ਸੰਸੇ ਤੇ ਭਰਮ ਵਿਚੋਂ, ਉਸ ਹਨੇਰੇ ਤੇ ਅਵਿਦਿਆ ਵਿਚੋਂ; ਹਾਂ, ਮਨ ਦੀ ਉਸ ਦਸ਼ਾ ਵਿਚੋਂ ਜਿਸ ਵਿਚ ਭੈ ਵੱਸ ਰਿਹਾ ਹੈ। ਯਾਦ ਕਰ ਨਿਰਭੈ ਵਾਹਿਗੁਰੂ ਨੂੰ, ਯਾਦ ਕਰ ਉਸ ਨਿਰਭਉ ਨੂੰ, ਹਾਂ ਸਿਮਰਨ ਕਰ ਉਸਦਾ, ਕਿਉਂਕਿ ਕਲਿਆਣ ਦਾਤਾ, ਸੁਖਦਾਤਾ ਆਖਦਾ ਹੈ -

*ਨਿਰਭਉ ਜਪੈ ਸਗਲ ਭਉ ਮਿਟੈ॥ ਪੰਨਾ - 294*

ਤੇਰੇ ਆਤਮਾ ਵਿਚ ਸੰਕਲਪ ਵਿਕਲਪ ਫੁਰਨੇ ਸੰਸਾਰ ਦੇ - ਭੈ ਭਰਮਾਂ ਵਾਲੇ - ਨਾ ਉਠਣ, ਪਰ ਇਕ ਗੱਲ ਦਾ ਫੁਰਨਾ ਸਦਾ ਫੁਰੇ, 'ਮੇਰਾ ਪ੍ਰੀਤਮ, ਮੇਰਾ ਪਿਆਰਾ ਵਾਹਿਗੁਰੂ ਹੈ, ਉਹ ਮੇਰੇ ਅੰਦਰ ਬਾਹਰ ਹੈ, 'ਉਹ ਮੇਰਾ ਰਾਖਾ ਸਭਨੀ ਥਾਈਂ" ਹੈ' ਦੇਖ! ਜੀਵਨ ਦਾਤਾ ਜੀ ਫੁਰਮਾਉਂਦੇ ਹਨ -

*ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥*
*ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥*
*ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥*
*ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥*
*ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥*
*ਤੁਝ ਬਿਨੁ ਦੂਜਾ ਅਵਰੁ ਨ ਕੋਈ*
*ਸਭੁ ਤੇਰਾ ਖੇਲੁ ਅਖਾੜਾ ਜੀਉ॥*
*ਜੀਅ ਜੰਤ ਸਭਿ ਤੁਧੁ ਉਪਾਏ॥*
*ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥*
*ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ॥*
*ਨਾਮੁ ਧਿਆਇ ਮਹਾ ਸੁਖੁ ਪਾਇਆ॥*
*ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥*
*ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ॥*
*ਪੰਨਾ - 104*

ਜਿਨ੍ਹਾਂ ਦੇ ਹੱਥੋਂ ਦੁਖ ਪਾਏ ਨੀਂ, ਉਨ੍ਹਾਂ ਨੂੰ ਤੇ ਪਾਏ ਦੁਖਾਂ ਨੂੰ ਵੀ ਭੁੱਲ ਜਾਈਂ, ਨਹੀਂ ਤਾਂ ਉਹਨਾਂ ਦੇ ਵੈਰ ਦੀ ਯਾਦ ਤੇਰੇ ਅੰਦਰ ਵੈਰ ਦਾ ਅਕਸ ਪਾਕੇ ਤੇਰੇ ਅੰਦਰ ਵੈਰ ਦੀ ਮੈਲ, ਤੇ ਕਾਈ ਪਾਏਗੀ। ਜੇ ਚਾਹੁੰਦੀ ਹੈਂ ਕਿ ਤੂੰ ਸੁਖ ਪਾਵੇਂ, ਤਾਂ ਅੰਦਰ ਟਿਕ ਨਾਮ ਤੇ। ਸੁਖ ਬਾਹਰ ਨਹੀਂ, ਸੁਖ ਅੰਦਰ ਹੈ, ਪਰ ਤਾਂ, ਜੇ ਅੰਦਰ ਧਿਆਨ ਵਾਹਿਗੁਰੂ ਵੱਲ ਰਹੇ, ਮਨ ਤੇ ਅਕਸ ਪਏ ਤਾਂ ਵਾਹਿਗੁਰੂ ਦਾ। ਤਦੇ 'ਉਸ ਪਾਰ ਲੰਘਾਵਨ ਹਾਰ' ਸਤਿਗੁਰ ਨੇ ਕਿਹਾ ਹੈ -

*ਊਠਤ ਬੈਠਤ ਸੋਵਤ ਨਾਮ॥*
*ਕਹੁ ਨਾਨਕ ਜਨ ਕੈ ਸਦ ਕਾਮ॥ ਪੰਨਾ - 287*

*ਊਠਤ ਬੈਠਤ ਸੋਵਤ ਧਿਆਈਐ॥*
*ਮਾਰਗਿ ਚਲਤ ਹਰੇ ਹਰਿ ਗਾਈਐ॥ ਪੰਨਾ - 387*

ਦੇਖ ਬੀਬੀ! 'ਬਚਾਵਣਹਾਰ ਜੀ' ਆਖਦੇ ਹਨ -

*ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ॥*
*ਜੀਅ ਪ੍ਰਾਨ ਸੁਖ ਇਸੁ ਮਨ ਕਉ ਬਰਤਨਿ ਏਹ ਹਮਾਰੈ॥*
*ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ॥*
*ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ॥*
*ਬਿਖੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੈ॥*
*ਇਸਟ ਮੀਤੁ ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ॥*
*ਪੰਨਾ - 714*

ਅਭਾਗਣ - (ਦਿਲ ਹਲਕੇ ਹੋਣ ਨਾਲ ਸਾਹ ਲੈ ਕੇ) ਹੇ ਭਲੇ ਪੁਰਖ! ਇਹ ਦੱਸ ਕਿ ਕਿਆ ਮੇਰੀ ਮਾਂ ਦੀ ਥਾਂ, ਪਿਤਾ ਦੀ ਥਾਂ, ਸਾਕ ਸਨਬੰਧੀ ਸਖੀ ਸਹੇਲੀ ਦੀ ਥਾਂ ਇਹ ਨਾਮ ਮੱਲੇਗਾ? ਕਿਆ ਮੇਰੀਆਂ ਸਰਬ ਊਨਾਂ ਪੂਰਨ ਇਹ ਨਾਮ ਕਰ ਸਕੇਗਾ?

ਸਿੰਘ ਜੀ - (ਨਿੰਮ੍ਰਤਾ ਨਾਲ) ਮੈਂ ਤਾਂ ਭੁੱਲਣਹਾਰਾਂ ਵਿਚੋਂ ਹਾਂ, ਪਰ ਮੇਰਾ ਸਾਹਿਬ, ਸੱਚਾ ਪਾਤਸ਼ਾਹ ਜਗਤ ਦਾ 'ਅਭੁੱਲ ਗੁਰੂ' ਆਖਦਾ ਹੈ -

*ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ*
*ਹਰਿ ਨਾਮੋ ਤਿਨ ਕੰਉ ਰਖਣਹਾਰਾ॥*



Sri Satguru Jagjit Singh Ji eLibrary NamdhariElibrary@gmail.com

*ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ*
*ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ॥*
*ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ*
*ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥*
*ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ*
*ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥*
*ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ*
*ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥*
***ਪੰਨਾ - 593***

*ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ*
*ਅਬਿਨਾਸੀ ਪੁਰਖੁ ਬਿਧਾਤਾ॥*
*ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ*
*ਹਰਿ ਨਾਮੇ ਹੀ ਮਨੁ ਰਾਤਾ॥*
*ਹਰਿ ਨਾਮੇ ਜੇਵਡੁ ਕੋਈ ਅਵਰੁ ਨ ਸੂਝੈ*
*ਹਰਿ ਨਾਮੋ ਅੰਤਿ ਛਡਾਤਾ॥*
*ਹਰਿ ਨਾਮੁ ਦੀਆ ਗੁਰਿ ਪਰਉਪਕਾਰੀ*
*ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥*
*ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ*
*ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥*
*ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ*
*ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥*
*ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ*
*ਹੋਰ ਪੈਨਣ ਕੀ ਹਮਾਰੀ ਸਰਧ ਗਈ॥*
*ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ*
*ਹਰਿ ਨਾਮੈ ਕੀ ਹਮ ਕੰਉ ਸਤਿਗੁਰ ਕਾਰਕੁਨੀ ਦੀਈ॥*
*ਹਰਿ ਨਾਮੈ ਕਾ ਹਮ ਲੇਖਾ ਲਿਖਿਆ*
*ਸਭ ਜਮ ਕੀ ਅਗਲੀ ਕਾਣਿ ਗਈ॥*
*ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ*
*ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ॥*
***ਪੰਨਾ - 593, 594***

ਅਭਾਗਣ - (ਅੱਖਾਂ ਚਮਕ ਉਠੀਆਂ) ਵਾਹ ਵਾਹ! ਧੰਨ ਰੱਬ ਹੈ, ਹੇ ਸ਼ੁਭ ਮੱਤ ਦੇਣ ਵਾਲੇ ਪਰਉਪਕਾਰੀ ਜੀਓ! ਮੈਨੂੰ ਇਹ ਦੱਸੋ ਜੋ ਤੁਸੀਂ ਹਿੰਦੂ ਹੋ, ਮੁਸਲਮਾਨ ਹੋ, ਈਸਾਈ ਹੋ ਜਾਂ ਆਰੀਆ?

ਸਿੰਘ ਜੀ - ਮੈਂ ਪਰਉਪਕਾਰੀ ਨਹੀਂ। ਬੀਬੀ! ਜੇ ਕਿਸੇ ਨੇ ਸਚਮੁਚ ਦਾ ਧਰਮ ਨਹੀਂ ਧਾਰਿਆ ਤੇ ਨਾਮ ਧਰਮ ਦਾ ਜੋ ਜੀ ਕਰੇ ਰਖਾ ਲਵੇ ਉਸ ਨੂੰ ਕੀ ਲਾਭ ਹੈ। ਕਲੇਸ਼ ਜਗਤ ਵਿਚ ਇਸ ਤਰ੍ਹਾਂ ਹੀ ਫੈਲ ਰਿਹਾ ਹੈ ਕਿ ਧਰਮਹੀਣ ਲੋਕ ਧਰਮ ਵਾਲੇ ਕਹਾਉਂਦੇ ਹਨ। ਨਾਮ ਧਰਮ ਦਾ ਰਖਦੇ ਹਨ ਪਰ ਕਰਮ ਧਰਮ ਹੀਨਤਾ ਦੇ ਕਮਾਉਂਦੇ ਹਨ। ਸੱਚਾ ਧਰਮ ਇਹ ਹੈ ਕਿ ਵਾਹਿਗੁਰੂ ਸੱਚੇ ਦਾ ਅਕਸ ਸਾਡੇ ਦਿਲ ਤੇ ਲਗਾਤਾਰ ਪਵੇ, ਉਸਦੀ ਹਜ਼ੂਰੀ ਦਾ ਚਾਨਣਾ ਸੂਰਜ ਦੇ ਚਾਨਣੇ ਵਾਂਗ ਮਨ ਤੇ ਆਵੇ ਜਾਂ ਐਉਂ ਕਿ ਸਾਥੋਂ ਕੋਈ ਕੰਮ ਐਸਾ ਨਾ ਹੋਵੇ ਕਿ ਸਾਡੇ ਮਨ ਵਿਚ, ਵਾਹਿਗੁਰੂ ਜੀ ਦੀ 'ਹੈ' ਦਾ ਫੁਰਨਾ ਬੰਦ ਹੋਵੇ, ਜਾਂ ਐਉਂ ਆਖੋ ਕਿ ਮਨ ਵਿਚ ਧਿਆਨ ਵਾਹਿਗੁਰੂ ਦਾ ਸਦਾ ਟਿਕੇ। ਇਹ ਹੈ ਸ਼ੁਭ ਮਤ ਜੋ ਅਸਾਂ ਸਿੱਖਣੀ ਹੈ, ਤੇ ਸਿਖਾਵਣ ਲਈ ਅਰਸ਼ਾਂ ਤੋਂ ਸਿਖਿਆ ਦਾਤਾ ਤੇ ਜੀਅਦਾਨ ਦਾਤਾ ਆਇਆ, ਓਹਨੂੰ ਗੁਰੂ - ਦੈਵੀ ਗੁਰੂ - ਆਖਦੇ ਹਨ। ਓਸ ਗੁਰੂ ਦੇ ਚਰਣਾਂ ਤੋਂ ਬਲਿਹਾਰ ਹੋਣ ਵਾਲਾ, ਸਿੱਖਣ ਵਾਲਾ ਤੇ ਜੀਅਦਾਨ ਦਾ ਮੰਗਤਾ ਮੈਂ ਉਸ ਦਾ ਸਿੱਖ ਹਾਂ। ਮੈਂ ਹਰਦਮ ਸਿੱਖਣ ਦਾ ਜਤਨ ਕਰ ਰਿਹਾ ਹਾਂ ਕਿ ਕਿਵੇਂ ਮੇਰੇ ਮਨ ਤੇ ਉਹ ਮਾਲਕ ਬੈਠਾ ਰਹੇ। ਮੈਂ ਉਸ ਨੂੰ ਯਾਦ ਰਖਦਾ ਹਾਂ। ਤਰਲਾ ਇਹ ਹੈ ਕਿ ਮੈਂ ਕਿਵੇਂ ਮਨ ਦੇ ਮੰਡਲ ਵਿਚ ਉਸ ਤੋਂ ਨਾਂ ਵਿਛੁੜਾਂ। ਇਸ ਨੂੰ ਕਹੀਦਾ ਹੈ 'ਨਾਮ'। ਇਹ ਹੈ ਪ੍ਰਭੂ ਨਾਲ ਮੇਲ। ਧਰਮ, ਮਤ, ਮਜ਼ਹਬ ਉਹ ਹੈ ਜੋ ਪ੍ਰਭੂ ਨਾਲ ਮਿਲਾਵੇ; ਜੋ ਮਾਇਆ ਨਾਲ ਮਿਲਾਵੇ ਉਹ ਅਧਰਮ, ਅਮੱਤ, ਅਮਜ਼ਹਬ ਹੈ। ਸੋ ਜੇ ਸੁਖ ਦੀ ਲੋੜ ਹੈ ਤਾਂ ਰਾਹ ਇਹ ਹੈ।

ਅਭਾਗਣ - ਮੈਨੂੰ ਠੰਢ ਪੈ ਗਈ ਹੈ, ਪਰ ਕੋਈ ਮਨੁੱਖੀ ਆਸਰਾ ਦੱਸੋ ਜੋ ਮੈਂ ਕਿਸਦੇ ਆਸਰੇ ਦਿਨ ਗੁਜ਼ਾਰਾਂ?

ਸਿੰਘ ਜੀ - (ਤਰਸ ਨਾਲ ਤੱਕ ਕੇ) ਮੈਂ ਕੋਈ ਡੇਰਾ ਟਿਕਾਣਾ ਨਹੀਂ ਰੱਖਦਾ, ਮੈਂ ਕੋਈ ਆਸ਼ਰਮ ਵਾਲਾ ਨਹੀਂ, ਮੈਂ ਘਰ ਬਾਰ ਵਾਲਾ ਨਹੀਂ। ਸਾਕ ਸੰਬੰਧਾਂ ਵਿਚ ਬੈਠਾ ਗ੍ਰਿਹਸਤੀ ਨਹੀਂ। ਮੈਂ ਕੀ ਆਸਰਾ ਦਿਆਂ? ਮੈਂ ਵਾਹਿਗੁਰੂ ਦੇ ਪਿਆਰ ਵਿਚ ਹਾਂ ਤੇ ਰਮਤਾ ਹਾਂ। ਹਰ ਥਾਂ ਮੇਰਾ ਟਿਕਾਣਾ ਹੈ, ਹਰ ਰਾਤ ਮੇਰਾ ਮਹੱਲ ਹੈ, ਹਰ ਦਿਨ ਮੇਰਾ ਬਗੀਚਾ ਹੈ, ਹਰ ਧਰਤੀ ਮੇਰੀ ਚਾਰਪਾਈ ਹੈ, ਹਰ ਥਾਂ ਜਲ ਮੇਰਾ ਹੈ ਤੇ ਹਰ ਥਾਂ ਅੰਨ ਮੇਰਾ ਹੈ, ਕਿਉਂਕਿ ਮੈਂ ਆਪਣੇ ਵਾਹਿਗੁਰੂ ਦਾ ਹਾਂ ਤੇ ਸਭ ਕੁਛ ਉਸਦਾ ਹੈ। ਉਸਦੀ ਯਾਦ, ਉਸਦਾ ਪਿਆਰ, ਉਸਦਾ ਨਿਰੰਤਰ ਧਿਆਨ ਮੇਰੇ ਅੰਦਰ ਦਾ ਆਧਾਰ ਹੈ, ਮੇਰਾ ਫੁਰਨਾ ਸਦਾ ਵਾਹਿਗੁਰੂ ਦੇ ਧਿਆਨ ਦਾ ਹੈ, ਇਸ ਕਰਕੇ ਮੈਂ ਜਗਤ ਵਿਚ ਕਦੇ ਇਕੱਲਾ ਬੀ ਨਹੀਂ ਹਾਂ। ਸੋਈਓ ਦਾਤਾ ਮੈਂ ਤੁਸਾਂ ਨੂੰ ਦੇਂਦਾ ਹਾਂ। ਹਰਦਮ ਟੁਰਦੇ ਫਿਰਦੇ ਵਾਹਿਗੁਰੂ ਦਾ ਜਾਪ, ਉਸ ਪਿਆਰ ਦੇ ਸੋਮੇਂ ਪਿਤਾ ਦਾ ਧਿਆਨ ਅੰਦਰ ਰੱਖਕੇ, ਕਰਿਆ ਕਰੋ। ਫੁਰਨੇ ਤੇ ਪਹਿਰਾ ਦਿਓ, ਤਾਂ ਜੋ ਕੋਈ ਦਿਨ ਆਵੇ ਕਿ ਅੰਦਰ ਦਾ ਫੁਰਨਾ 'ਵਾਹਿਗੁਰੂ' 'ਪਿਆਰੇ ਵਾਹਿਗੁਰੂ' ਦਾ ਹੀ ਹੋ ਜਾਵੇ। ਘਬਰਾਉਣਾ ਨਹੀਂ, ਇਹ ਸਜਿਹੇ ਸਹਿਜੇ ਪੱਕੇਗਾ। ਲਗੇ ਰਹੋ, ਛੋੜਨਾ ਨਹੀਂ, ਗੁਰੂ ਵੀ ਮਦਦ ਕਰੇਗਾ, ਜ਼ਰੂਰ ਕਰੇਗਾ। ਮੈਂ ਆਪਣੇ ਰੱਬ ਅੱਗੇ ਅਰਜ਼ੋਈ ਕਰਦਾ ਹਾਂ, ਉਹ ਤੁਸਾਡੇ ਅੰਦਰ ਆ ਵੱਸੇਗਾ। ਜਦ ਤੁਹਾਡਾ ਮਨ ਸਾਈਂ ਦੀ ਹਜ਼ੂਰੀ ਵਿਚ ਰਹੇਗਾ, ਤੁਹਾਡੇ ਕਰਮ ਸਾਰੇ ਪਿਆਰ ਵਾਲੇ ਹੋ ਜਾਣਗੇ।

ਦੂਜੀ ਚੀਜ਼ (ਇਕ ਗੁਟਕਾ ਦੇ ਕੇ) ਇਹ ਪੋਥੀ ਹੈ। ਇਹ ਤ੍ਰਾਣ ਕਰਤਾ ਜੀ ਦੀ ਧੁਰ ਕੀ ਬਾਣੀ ਹੈ, ਇਸ ਵਿਚ ਜਪੁਜੀ ਅਤੇ ਜਾਪੁ ਸਾਹਿਬ ਹੈ, ਰੋਜ਼ ਸਵੇਰੇ ਪਾਠ


Sri Satguru Jagjit Singh Ji eLibrary NamdhariElibrary@gmail.com

ਕਰਨਾ। ਰਹਿਰਾਸ ਹੈ, ਸ਼ਾਮਾਂ ਨੂੰ ਪਾਠ ਕਰਨਾ। ਸੋਹਿਲਾ ਹੈ, ਰਾਤ ਨੂੰ ਪਾਠ ਕਰਨਾ। ਸੁਖਮਨੀ ਹੈ, ਜਦ ਮਨ ਨਾਮ ਵਿਚ ਨਾ ਲੱਗੇ ਤਾਂ ਪਾਠ ਕਰਨਾ। ਏਹ ਬਾਣੀਆਂ ਸਹਿਜੇ ਸਹਿਜੇ ਕੰਠ ਕਰਨੀਆਂ। ਐਉਂ ਨਾਮ ਬਾਨੀ ਵਿਚ ਖੇਡਣਾ। ਮੇਰੇ ਸਾਹਿਬ ਦਾ ਇਹ ਹੁਕਮ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪ ਜਪੈ ਅਵਰਹ ਨਾਮੁ ਜਪਾਵੈ॥* *ਪੰਨਾ - 306*

ਬੀਬੀ! ਤੁਸਾਡਾ ਨਾਂ ਕੀ ਹੈ?

ਤ੍ਰੀਮਤ - ਅਭਾਗਣ ਜਮਨਾ।

ਸਿੰਘ ਜੀ - ਅਭਾਗ ਮੁੱਕ ਗਿਆ। ਸਮਾਪਤ ਹੋ ਗਿਆ। ਹੁਣ 'ਸੁਭਾਗ ਜੀ' ਹੋ ਗਏ।

ਸੁਭਾਗ ਜੀ - ਹੇ ਭਲੇ ਲੋਕ ਜੀਓ! ਇਹ ਦੱਸੋ ਕਿ ਮੈਂ ਹੁਣ ਕਿਥੇ ਹਾਂ, ਕਿਥੇ ਜਾਵਾਂ, ਕਿੱਥੇ ਰਵ੍ਹਾਂ ਤੇ ਇਹ ਪੁੱਛਣ ਦੀ ਲੋੜ ਨਹੀਂ ਰਹੀ ਕਿ ਕੀ ਕਰਾਂ? ਉਹ ਤੁਸਾਂ ਦੱਸ ਦਿੱਤਾ ਹੈ। ਤੁਸਾਡਾ ਦੱਸਿਆ ਮੇਰੇ ਅੰਦਰ ਲੰਘ ਗਿਆ ਹੈ, ਮਨ ਮੰਨ ਗਿਆ ਹੈ ਕਿ ਮੈਂ ਜੀਉਂ ਉੱਠੀ ਹਾਂ। ਮੈਂ ਕਰਸਾਂ, ਨਹੀਂ ਜੀਵਨ ਦਾਤਾ ਆਪ ਸਤਿਗੁਰੂ ਨਾਨਕ ਮੈਥੋਂ ਕਰਾਸੀ, ਜ਼ਰੂਰ ਕਰਾਸੀ। ਪਰ ਦੱਸੋ ਕਿਥੇ ਹਾਂ, ਕਿੱਥੇ ਜਾਵਾਂ, ਕਿੱਥੇ ਰਵ੍ਹਾਂ?

ਸਿੰਘ ਜੀ - ਹੇ ਵਾਹਿਗੁਰੂ ਦੀ ਪਵਿੱਤ੍ਰਤਾ ਵਿਚ ਜੀ ਉਠੇ ਰੱਬੇ ਦੇ ਬੰਦੇ! ਹੇ ਰੱਬ ਦੇ ਧਿਆਨ ਵਿਚ, ਸਿਮਰਨ ਵਿਚ ਤੇ ਪਿਆਰ ਵਿਚ ਲੱਗ ਗਏ ਬੰਦੇ! ਤੂੰ ਰੱਬ ਵਿਚ ਹੈਂ, ਤੂੰ ਰੱਬ ਵਿਚ ਜਾਹ, ਤੂੰ ਰੱਬ ਵਿਚ ਰਹੁ।

ਏਹ ਵਾਕ ਕਿਸੇ ਐਸੇ ਪ੍ਰਭਾਵ ਭਰੇ ਰੰਗ ਵਿਚ ਕਹੇ ਗਏ ਕਿ ਸੁਣਦਿਆਂ ਸੁਭਾਗ ਜੀ ਦੀਆਂ ਅੱਖਾਂ ਅੱਗੇ ਇਕ ਚੱਕਰ ਜਿਹਾ ਆਇਆ, ਕੁਛ ਚਿਰ ਅੱਖਾਂ ਬੰਦ ਰਹੀਆਂ। ਦਰਿਆ ਵਿਚ ਇਕ ਛਾਲ-ਉਛਾਲ ਦੀ ਅਵਾਜ਼ ਆਈ ਪਰ ਸੁਭਾਗ ਨੇ ਸੁਣੀ ਨਹੀਂ। ਜਦ ਕੁਛ ਚਿਰ ਮਗਰੋਂ ਉਸਦੇ ਨੈਣ ਖੁੱਲ੍ਹੇ ਤੇ ਉਸਨੇ ਗਹੁ ਕਰਕੇ ਡਿੱਠਾ ਤਾਂ ਸਿੰਘ ਜੀ ਅਲੋਪ ਹੋ ਚੁਕੇ ਸਨ, ਨਾਂ ਧਰਤੀ ਪਰ ਉੱਤਰ ਪੂਰਬ ਪੱਛਮ ਦੱਖਣ ਵੱਲ ਦੀਹਦੇ ਸਨ, ਨਾ ਕਿਤੇ ਦਰਿਆ ਵਿਚ ਤਰਦੇ ਜਾਂਦੇ ਨਜ਼ਰ ਪੈਂਦੇ ਸਨ ਤੇ ਨਾ ਹੀ ਸੁਭਾਗ ਜੀ ਦੇ ਅੰਦਰ ਕੋਈ ਘਬਰਾ ਹੁੰਦੀ ਸੀ, ਸਗੋਂ ਸੁਭਾਗ ਜੀ ਦੇ ਕਿਸੇ ਅੰਦਰੋਂ ਚੜ੍ਹ ਰਹੇ ਨਸ਼ੇ ਜਿਹੇ ਵਿਚ ਨੈਣ ਬੰਦ ਹੋ ਹੋ ਜਾਂਦੇ ਸਨ ਤੇ ਜ਼ੋਰ ਲਾਉਣ ਤੇ ਵੀ ਮਿਟ ਮਿਟ ਜਾਂਦੇ ਸਨ। 'ਵਾਹਿਗੁਰੂ, ਵਾਹਿਗੁਰੂ' ਦੀ ਗੁੰਜਾਰ ਸੁਭਾਗ ਦੇ ਅੰਦਰ ਭਰ ਰਹੀ ਸੀ। ਕੋਈ ਰਸ ਛਾ ਰਿਹਾ ਸੀ, ਜਿਸ ਵਿਚ ਉਹ ਫੇਰ ਮਗਨ ਹੋ ਗਈ।

ਕਿਤਨਾਂ ਸਮਾਂ ਲੰਘ ਗਿਆ। ਲੰਘਦੇ ਦਾ ਪਤਾ ਨਹੀਂ ਲੱਗਾ। ਹੁਣ ਸੁਭਾਗ ਦੀ ਅੱਖ ਖੁੱਲ੍ਹੀ, ਸੂਰਜ ਪੱਛੋਂ ਨੂੰ ਜਾ ਰਿਹਾ ਸੀ ਤੇ ਇਕ ਵੱਡੀ ਲੰਮੀ ਜੱਟੀ ਦੁੱਧ ਦਾ ਕਟੋਰਾ ਲਈ ਬੈਠੀ ਸੀ ਤੇ ਕਹਿ ਰਹੀ ਸੀ - ਹੇ ਦੇਵੀ! ਉਸ ਵਾਹਿਗੁਰੂ ਦੇ ਵਾਸਤੇ - ਜਿਸ ਦੇ ਧਿਆਨ ਵਿਚ ਮਗਨ ਬੈਠੀ ਹੈਂ - ਇਹ ਦੁੱਧ ਪੀ ਲੈ, ਅਰ ਰਾਤ ਸਾਡੇ ਘਰ ਬਿਸਰਾਮ ਕਰ, ਜੋ ਸਾਡਾ ਘਰ ਪਵਿੱਤ੍ਰ ਹੋਵੇ ਕਿ ਕੋਈ ਵਾਹਿਗੁਰੂ ਦਾ ਪਿਆਰਾ ਸਾਡੇ ਆਇਆ ਹੈ।

ਸੁਭਾਗ ਨੇ ਤੱਕਿਆ, ਗਲ ਸਮਝੀ, ਸ਼ੁਕਰ ਕੀਤਾ, ਦਿਲ ਨੂੰ ਆਖਣ ਲੱਗੀ, ਠੀਕ! ਮੈਂ ਵਾਹਿਗੁਰੂ ਵਿਚ ਹਾਂ, ਮੈਂ ਵਾਹਿਗੁਰੂ ਵਿਚ ਵਿਚਰਨਾ ਹੈ ਤੇ ਉਸ ਵਿਚ ਰਹਿਣਾ ਹੈ, ਧੰਨ ਵਾਹਿਗੁਰੂ ਹੈ। ਮੈਂ, ਵਾਹਿਗੁਰੂ! ਹੇ ਵਾਹਿਗੁਰੂ! ਤੇਰੀ ਰਹਾਂ, ਤੇਰੀ ਹੋ ਰਹਾਂ, ਤੂੰ ਮੇਰਾ ਹੋਵੇਂ, ਫੇਰ ਸਾਰਾ ਸੰਸਾਰ ਮੇਰਾ ਘਰ ਹੈ, ਮੈਂ ਤੇਰੀ ਧਰਮਸਾਲ ਦੀ ਵਸਨੀਕ ਹੋਵਾਂ। ਇਹ ਕਹਿਕੇ ਦੁੱਧ ਪੀਤਾ, ਸ਼ੁਕਰ ਕੀਤਾ - 'ਤੂੰ' ਧੰਨ! ਤੂੰ ਧੰਨ' ਆਖਿਆ। ਫੇਰ ਬੀਬੀ ਨੇ ਕਿਹਾ, ਚੱਲ ਬੇਟਾ! ਹੁਣ ਵਾਹਿਗੁਰੂ ਤੇ ਭਰੋਸਾ ਕਰਕੇ ਟੁਰ ਪਉ ਜੋ ਤੇਰੇ ਅੰਦਰ ਆ ਵੱਸਿਆ ਹੈ। ਸੁਭਾਗ ਨੇ ਸੁਖੱਲਾ ਤੇ ਸਹੂਲਤ ਵਾਲਾ ਸਾਹ ਲਿਆ ਤੇ ਕਿਹਾ 'ਚਲ ਮਾਂ ਲੈ ਚਲ'। ਕੁਛ ਦੂਰ ਇਕ ਰੇਹੜ੍ਹ ਖੜ੍ਹਾ ਸੀ, ਮਾਈ ਸੁਭਾਗ ਨੂੰ ਨਾਲ ਲੈ ਕੇ ਉਸ ਤੇ ਜਾ ਚੜ੍ਹੀ।

***'ਚਲਦਾ'***



Sri Satguru Jagjit Singh Ji eLibrary NamdhariElibrary@gmail.com

# ਦਾਸ ਅੰਨਿਨ ਮੇਰੋ ਨਿਜ ਰੂਪ

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ ਪੰਨਾ-49)*

ਇਕ ਵਾਰੀ ਰਾੜਾ ਸਾਹਿਬ, ਮਹਾਰਾਜ ਕੋਲ ਬਹੁਤ ਸਾਰੇ ਪ੍ਰੇਮੀ ਬੈਠੇ ਸਨ। ਉਹ ਸਾਰੇ ਫੁਰਨੇ ਕਰ ਰਹੇ ਸਨ। ਕੋਈ ਕਹਿੰਦਾ ਸੀ ਕਿ ਮਹਾਰਾਜ ਮੇਰਾ ਨਾਮ ਲੈ ਕੇ ਬੁਲਾਉਣ, ਕੋਈ ਕਹਿੰਦਾ ਸੀ ਮੇਰੀ ਗੱਲ ਦਾ ਜਵਾਬ ਦੇਣ ਜੋ ਮੇਰੇ ਮਨ ਵਿਚ ਹੈ। ਸੰਤ ਮਹਾਰਾਜ ਕਹਿਣ ਲੱਗੇ ਕਿ ਕੀ ਮੈਂ ਕੋਈ ਮਦਾਰੀ ਹਾਂ ਕਿ ਕਿਸੇ ਨੂੰ ਦਸੀਏ ਕਿ ਤੇਰਾ ਫਲਾਣਾ ਨਾਮ ਹੈ ਜਾਂ ਤੂੰ ਫਲਾਣੇ ਪਿੰਡ ਤੋਂ ਆਇਆ ਹੈਂ, ਤੇਰੇ ਦਿਲ ਵਿਚ ਫਲਾਣੀ ਗੱਲ ਹੈ, ਇਹ ਗੱਲਾਂ ਤਾਂ ਮਦਾਰੀ ਕਰਦੇ ਹੁੰਦੇ ਹਨ।

***ਨਾਟਕ ਚੇਟਕ ਕੀਏ ਕੁਕਾਜਾ॥***
***ਪ੍ਰਭ ਲੋਗਨ ਕਹ ਆਵਤ ਲਾਜਾ॥***
***ਬਚਿੱਤਰ ਨਾਟਕ ਪਾ. ੧੦***

ਪ੍ਰਭੂ ਦੇ ਲੋਕ ਨਾਟਕ ਚੇਟਕ ਨਹੀਂ ਕਰਦੇ ਹੁੰਦੇ। ਸੰਤ ਮਹਾਰਾਜ ਨੇ ਫੁਰਮਾਇਆ, ਚੰਗਾ, ਅਸੀਂ ਦਸ ਦਿੰਦੇ ਹਾਂ; ਕੀ ਫੇਰ ਤੁਸੀਂ ਵੀ ਸਾਡੇ ਕੋਲੋਂ ਟੈਸਟ ਲੈ ਲਓਗੇ? ਸਾਰਿਆਂ ਨੇ ਨੀਵੀਆਂ ਪਾ ਲਈਆਂ। ਮੈਂ ਵੀ ਪਿਛੇ ਬੈਠਾ ਸੀ, ਮੈਂ ਕਿਹਾ, ਭਾਈ ਮਹਾਤਮਾ ਦਾ ਅੰਤਵਾਰਾ ਨਹੀਂ ਲਿਆ ਕਰਦੇ। ਠੀਕ ਨਹੀਂ ਹੁੰਦਾ। ਮਹਾਤਮਾ ਕੋਲ ਜੇ ਆਏ ਹਾਂ ਤਾਂ ਜਿਹੜੀ ਚੀਜ਼ ਲੈਣ ਆਏ ਹਾਂ ਉਹ ਲਈਏ ਜੋ ਮਹਾਤਮਾ ਕੋਲ ਹੁੰਦੀ ਹੈ।

***ਨਾਨਕ ਕੈ ਘਰਿ ਕੇਵਲ ਨਾਮੁ॥ ਪੰਨਾ - 1136***

ਉਸਦੀ ਬਾਤ ਕਰੋ, ਹੋਰ ਗੱਲਾਂ ਨਾ ਕਰੋ। ਉਥੇ ਆਸਾਮ ਵਾਲੇ ਇਕੱਠ ਵਿਚ ਇਕ ਸੰਨਿਆਸੀ ਸੰਤ ਬੈਠਾ ਸੀ। ਕਹਿਣ ਲੱਗਾ ਕਿ ਮੈਂ ਜਾਂਦਾ ਹਾਂ, ਆ ਕੇ ਤੁਹਾਨੂੰ ਦੱਸਾਂਗਾ। ਗੱਡੀ ਚੜ੍ਹ ਕੇ ਹਰਖੋਵਾਲ ਆ ਗਿਆ, ਆ ਕੇ ਪੁਛਿਆ ਕਿ ਸੰਤ ਕਿਥੇ ਹਨ? ਪ੍ਰੇਮੀ ਕਹਿਣ ਲੱਗੇ ਕਿ ਏਥੇ ਬਹੁਤਾ ਭੀੜ ਭੜੱਕਾ ਸੀ, ਸੰਤ ਜੀ ਉਠ ਕੇ ਬਾਹਰ ਚਲੇ ਗਏ ਹਨ, ਕਿਧਰੇ ਇਕਾਂਤ ਥਾਂ ਤੇ ਆਰਾਮ ਕਰਦੇ ਹੋਣਗੇ। ਸੇਵਾਦਾਰ ਨੇ ਦਸਿਆ ਕਿ ਔਹ ਵੇਖੋ ਬਾਹਰ ਬਰੇਤੀ ਦੇ ਉਤੇ ਚਾਦਰ ਲਈ ਪਏ ਹਨ। ਇਸ ਸੱਚੇ ਸੰਨਿਆਸੀ ਨੇ ਜਾ ਕੇ ਸਣੇ ਜੁੱਤੀ ਛਾਤੀ ਤੇ ਪੈਰ ਰਖ ਦਿਤਾ। ਸੰਤਾਂ ਨੇ ਦੇਖਿਆ ਕਿ ਇਹ ਤਾਂ ਕੋਈ ਮਹਾਤਮਾ ਹੈ, ਦੁਨਿਆਵੀ ਆਦਮੀ ਤਾਂ ਪੈਰ ਰਖ ਨਹੀਂ ਸਕਦਾ। ਸੰਤਾਂ ਨੇ ਉਸ ਸੰਨਿਆਸੀ ਦੇ ਚਰਨ ਘੁਟਣੇ ਸ਼ੁਰੂ ਕਰ ਦਿੱਤੇ। ਕਹਿਣ ਲੱਗੇ ਕਿ ਧੰਨ ਭਾਗ ਸਾਡੇ, ਆਪ ਨੇ ਸਾਨੂੰ ਚਰਨਾਂ ਦੀ ਧੂੜ ਦਿੱਤੀ। ਪਰ ਆਪਣਾ ਮੂੰਹ ਨੰਗਾ ਨਾ ਕੀਤਾ। ਇਸ ਸੰਨਿਆਸੀ ਨੇ ਪੈਰ ਛੁਡਾ ਕੇ ਠੇਡਾ ਮਾਰਿਆ। ਕਹਿਣ ਲੱਗਾ ਕਿ ਤੂੰ ਉਠਦਾ ਹੈਂ ਕਿ ਨਹੀਂ? ਸੰਤ ਇਕ ਦਮ ਉਠ ਗਏ ਤੇ ਉਠਕੇ ਉਹਦੇ ਚਰਨ ਘੁੱਟਣ ਲੱਗ ਪਏ। ਕਹਿੰਦੇ, ਮਹਾਰਾਜ! ਆਪਦੇ ਚੋਟ ਤਾਂ ਨਹੀਂ ਆਈ। ਮੇਰੇ ਕੋਲੋਂ ਬਹੁਤ ਭਾਰੀ ਭੁਲ ਹੋ ਗਈ ਕਿ ਤੁਸੀਂ ਆਏ ਹੋ ਤੇ ਮੈਂ ਉਠ ਕੇ ਆਪ ਦਾ ਸਤਿਕਾਰ ਨਾ ਕੀਤਾ। ਜਦੋਂ ਸੰਤਾਂ ਦੇ ਇਹ ਬਚਨ ਸੁਣੇ ਤਾਂ ਸੰਨਿਆਸੀ ਰੋਣ ਲਗ ਪਿਆ ਤੇ ਸੰਤਾਂ ਦੇ ਚਰਨ ਫੜ ਲਏ। ਕਹਿਣ ਲੱਗੇ ਕਿ ਮਹਾਰਾਜ! ਪਹਿਲਾਂ ਮੈਨੂੰ ਮਾਫ ਕਰੋ, ਫੇਰ ਮੈਂ ਬਚਨ ਕਰਾਂਗਾ। ਸੰਤਾਂ ਨੇ ਕਿਹਾ ਕਿ ਮਾਫ ਕਰਨ ਵਾਲੀ ਕਿਹੜੀ ਗੱਲ ਹੈ, ਤੁਸੀਂ ਕੋਈ ਅਵੱਗਿਆ ਕੀਤੀ ਹੈ? ਵੇਖੋ ਤੁਸੀਂ ਮੇਰੇ ਤੇ ਕਿੰਨਾ ਉਪਕਾਰ ਕੀਤਾ ਹੈ। ਤੁਸੀਂ ਕਿਥੋਂ ਆਏ ਹੋ, ਫੇਰ ਐਨੀ ਦੂਰੋਂ ਆ ਕੇ ਮੈਨੂੰ ਚਰਨਾਂ ਦੀ ਧੂੜ ਦਿੱਤੀ ਹੈ ਜਿਸ ਨੂੰ ਸਾਰੀ ਸ੍ਰਿਸ਼ਟੀ ਲੋਚਦੀ ਹੈ, ਜਿਸ ਨੂੰ ਸਾਰੇ ਤੀਰਥ ਲੋਚਦੇ ਹਨ, ਉਹ ਤੁਸੀਂ ਮੈਨੂੰ ਕ੍ਰਿਪਾ ਕਰਕੇ ਬਖਸ਼ ਦਿਤੀ। ਸੰਤ ਜਿਉਂ ਜਿਉਂ ਨਿਮਰਤਾ ਦੇ ਬਚਨ ਕਰਨ, ਸੰਨਿਆਸੀ ਹੇਠਾਂ ਹੀ ਹੇਠਾਂ ਜਾਵੇ ਤੇ ਉਸਨੇ ਬੜਾ ਵੈਰਾਗ ਕੀਤਾ। ਕਹਿਣ ਲੱਗਿਆ ਕਿ ਮੈਨੂੰ ਵੀ ਨਿਮਰਤਾ ਦਾ ਗਹਿਣਾ ਦਿਓ।

ਸੋ ਇਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਦੇ ਪੋਤੇ, ਸੰਤਾਂ ਨੂੰ ਮਖੌਲ ਕਰੀ ਜਾਂਦੇ ਹਨ ਤੇ ਅਖੀਰ ਦੁਰਬਾਸ਼ਾ ਰਿਸ਼ੀ ਕੋਲ ਚਲੇ ਗਏ। ਦੁਰਬਾਸ਼ਾ ਰਿਸ਼ੀ ਇਹਨਾਂ ਦੀ ਕੁਲ ਦੇ ਗੁਰੂ ਸਨ। ਕਹਿਣ ਲੱਗੇ ਕਿ ਐਨੀ ਮਰਿਆਦਾ ਵਿਗੜ ਗਈ ਇਹਨਾਂ ਦੀ? ਬਾਕੀ ਸਾਧੂ ਤਾਂ ਚੁਪ ਕਰ ਰਹੇ। ਦੁਰਬਾਸ਼ਾ ਰਿਸ਼ੀ ਨੇ ਕਿਹਾ ਕਿ ਮੇਰੇ ਕੋਲੋਂ ਪੁਛਣ ਆਏ ਹੋ ਕਿ ਕੀ ਪੈਦਾ ਹੋਣਾ ਹੈ? ਕਹਿੰਦੇ, ਹਾਂ ਜੀ। ਰਿਸ਼ੀ ਨੇ ਕਿਹਾ, "ਫੇਰ ਮੈਂ ਦਸਾਂ?" ਬੱਚੇ ਫੇਰ ਵੀ ਨਾ ਸਮਝੇ। ਉਸ ਵੇਲੇ ਮਹਾਤਮਾ ਜਲਾਲ ਵਿਚ ਬੋਲ ਰਹੇ ਸਨ। ਜਦੋਂ ਮਹਾਤਮਾ ਜਲਾਲ ਵਿਚ ਬੋਲੇ ਤਾਂ ਤੀਰ ਵਾਂਗਨ ਲਗਦਾ ਹੈ। ਉਹ ਗਲ ਟਲਿਆ ਨਹੀਂ ਕਰਦੀ, ਚਾਹੇ ਸਹਿਜ ਸੁਭਾਅ ਇਕ ਬੋਲ ਵੀ ਬੋਲ ਦੇਵੇ। ਜਦੋਂ ਮਹਾਤਮਾ ਜਲਾਲ ਵਿਚ ਆਏਗਾ, ਉਹਦਾ ਬੋਲ ਟਲਿਆ ਨਹੀਂ ਕਰਦਾ। ਮੈਨੂੰ ਕਈ ਮਸਾਲਾਂ ਦਾ ਪਤਾ ਹੈ। ਤੀਜੀ ਵਾਰੀ ਫੇਰ ਕਿਹਾ, "ਹੁਣ ਦਸਾਂ ਫੇਰ?" ਬੱਚੇ ਕਹਿਣ ਲੱਗੇ, "ਹਾਂ! ਦੱਸੋ ਫੇਰ।" ਮਹਾਤਮਾ ਨੇ ਬਚਨ ਕੀਤਾ ਕਿ ਇਹਦੇ ਵਿਚ ਉਹ ਪੈਦਾ ਹੋਵੇਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ। ਬੱਚੇ ਮਹਾਤਮਾ ਕੋਲੋਂ ਸਰਾਪ ਲੈ ਕੇ ਆ ਗਏ। ਜਦੋਂ ਆ ਕੇ ਕੱਪੜੇ ਲਾਹੇ ਤਾਂ ਵਿਚੋਂ ਮੂਸਲ ਨਿਕਲਿਆ। ਹੁਣ ਕਹਿਣ ਲੱਗੇ ਕਿ ਇਹ ਤਾਂ ਬੜਾ ਮਾੜਾ ਕੰਮ ਹੋਇਆ। ਅਸੀਂ ਤਾਂ ਪੇਟ ਤੇ ਕੇਵਲ ਕੱਪੜੇ ਬੰਨ੍ਹੇ ਸਨ। ਕ੍ਰਿਸ਼ਨ ਮਹਾਰਾਜ ਕੋਲ ਆ ਗਏ ਤੇ ਰੋਣ ਲੱਗ ਪਏ ਤੇ ਦਸਿਆ ਕਿ ਸਾਨੂੰ ਦੁਰਬਾਸ਼ਾ ਰਿਸ਼ੀ ਨੇ ਸ਼ਰਾਪ ਦੇ ਦਿੱਤਾ। ਕ੍ਰਿਸ਼ਨ ਜੀ ਨੇ ਕਿਹਾ, ਭੋਲਿਓ! ਸੰਤ ਕਿਸੇ ਕਾਰਣ ਬਗੈਰ



Sri Satguru Jagjit Singh Ji eLibrary NamdhariElibrary@gmail.com

ਨਾ ਵਰ ਦਿੰਦੇ ਹਨ, ਨਾ ਕਿਸੇ ਕਾਰਨ ਬਗੈਰ ਸਰਾਪ ਦਿੰਦੇ ਹਨ। ਆਪਣੀ ਹੀ ਭਾਵਨਾ ਵਰ ਲੈ ਲੈਂਦੀ ਹੈ, ਆਪਣੀ ਹੀ ਭਾਵਨਾ ਸਰਾਪ ਲੈ ਲੈਂਦੀ ਹੈ। ਕ੍ਰਿਸ਼ਨ ਮਹਾਰਾਜ ਨੇ ਪੁਛਿਆ ਕਿ ਤੁਸੀਂ ਕੁਝ ਕੀਤਾ ਹੋਵੇਗਾ? ਤਾਂ ਪੋਤਿਆਂ ਨੇ ਉਹ ਕੁਝ ਦਸਿਆ ਜੋ ਮਜ਼ਕਰੀ ਸੰਤਾਂ ਨਾਲ ਕਰਕੇ ਆਏ ਸੀ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਸੰਤਾਂ ਦਾ ਆਦਰ ਕਰੀਦਾ ਹੈ ਜਾਂ ਉਹਨਾਂ ਨਾਲ ਮਜ਼ਕਰੀ ਕਰੀਦੀ ਹੈ? ਪੋਤੇ ਪੁਛਣ ਲੱਗੇ, "ਮਹਾਰਾਜ! ਹੁਣ ਕੀ ਹੋਏਗਾ?" ਤਾਂ ਉਤਰ ਮਿਲਿਆ ਕਿ ਹੁਣ ਤਾਂ ਕੁਲ ਦਾ ਨਾਸ਼ ਹੋਵੇਗਾ, ਸਾਰੀ ਕੁਲ ਦਾ ਨਾਸ਼ ਹੋਏਗਾ। ਮਹਾਰਾਜ ਕੋਈ ਜੁਗਤੀ ਦੱਸੋ। ਤਾਂ ਕਹਿਣ ਲਗੇ ਕਿ ਜੁਗਤੀ ਤਾਂ ਕੋਈ ਨਹੀਂ। ਬਚਿਆਂ ਨੇ ਕਿਹਾ, "ਮਹਾਰਾਜ! ਤੁਸੀਂ ਤਾਂ ਸਮਰੱਥ ਹੋ, ਸੋਲਾਂ ਕਲਾਂ ਸੰਪੂਰਨ ਦੁਆਪਰ ਯੁਗ ਦੇ ਅਵਤਾਰ ਹੋ, ਆਪ ਵਿਸ਼ਨੂੰ ਮਹਾਰਾਜ ਈਸ਼ਵਰ ਪਦਵੀ ਦੇ ਹੋ ਤੇ ਆਪ ਦੀ ਕੁਲ ਦਾ ਨਾਸ਼ ਹੋ ਜਾਵੇਗਾ। ਕ੍ਰਿਸ਼ਨ ਮਹਾਰਾਜ ਨੇ ਕਿਹਾ, ਬੱਚਿਓ! ਤੁਹਾਨੂੰ ਨਹੀਂ ਪਤਾ, ਮੈਂ ਆਪਣੇ ਭਗਤਾਂ ਦੇ ਵਸ ਵਿਚ ਹੁੰਦਾ ਹਾਂ, ਉਹ ਮੈਨੂੰ ਵਸ ਕਰ ਲੈਂਦੇ ਹਨ। ਮੇਰਾ ਕੀਤਾ ਹੋਇਆ ਤਾਂ ਉਹ ਬਦਲ ਸਕਦੇ ਹਨ, ਪਰ ਉਹਨਾਂ ਦਾ ਕੀਤਾ ਮੈਂ ਨਹੀਂ ਬਦਲ ਸਕਦਾ।

***ਧਾਰਨਾ – ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ –2, 2.***
***ਪਿਆਰੇ ਜੀ, ਭਗਤਾਂ ਦੀ ਬੰਨ੍ਹੀ ਨਾ ਛੁਟਦੀ –2, 2.***
***ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,........... –2.***

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ – 1253***

ਕਹਿਣ ਲੱਗੇ ਕਿ ਮੇਰੇ ਪਿਆਰਿਆਂ ਦੀ ਕੀਤੀ ਹੋਈ ਮੈਂ ਨਹੀਂ ਬਦਲ ਸਕਦਾ।

ਪੰਜਵੇਂ ਪਾਤਸ਼ਾਹ ਜੀ ਮਹਾਰਾਜ ਆਪ ਲਾਹੌਰ ਵਿਚ ਸੰਗਤਾਂ ਨੂੰ ਤਾਰ ਰਹੇ ਹਨ। ਇਕ ਗੁਰਸਿਖ ਜਿਸਦਾ ਨਾਮ ਭਾਈ ਬੁਧੂ ਸੀ, ਉਸਦਾ ਕਾਰੋਬਾਰ ਬਹੁਤ ਫੈਲਿਆ ਹੋਇਆ ਸੀ ਲੇਕਿਨ ਘਾਟਾ ਹੀ ਪਈ ਜਾ ਰਿਹਾ ਸੀ ਤਾਂ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਕਹਿਣ ਲੱਗਾ ਕਿ ਮੈਨੂੰ ਆਪ ਜੀ ਦੇ ਬਗੈਰ ਹੋਰ ਕੋਈ ਓਟ ਆਸਰਾ ਨਹੀਂ ਹੈ। ਕਿਉਂਕਿ ਆਪ ਜੀ ਦਾ ਹੀ ਹੁਕਮ ਹੈ ਕਿ ਜਿਹੜੀ ਮੰਗ ਦਿਲ ਵਿਚ ਹੋਵੇ ਉਹ ਗੁਰੂ ਕੋਲੋਂ ਮੰਗ ਲੈਣੀ ਚਾਹੀਦੀ ਹੈ ਕਿਉਂਕਿ ਗੁਰੂ ਕੋਲ ਕੋਈ ਘਾਟਾ ਨਹੀਂ ਹੁੰਦਾ। ਗੁਰੂ ਤਾਂ ਰਸਾਇਣ ਰੂਪ ਹੋਇਆ ਕਰਦਾ ਹੈ।

***ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥***
***ਪੰਨਾ – 714***

ਸਚੇ ਪਾਤਸ਼ਾਹ, ਮੇਰੇ ਜਹਾਜ਼ ਵਿਚ ਤੋਟਾ ਆ ਗਿਆ ਹੈ, ਜਹਾਜ਼ ਵਿਚ ਤੋਟਾ ਆਉਣ ਨਾਲ ਫੁਰਨਾ ਬਣਿਆ ਰਹਿੰਦਾ ਹੈ, ਫੁਰਨਾ ਬਣਨ ਦੇ ਨਾਲ ਮੈਂ ਨਾਮ ਨਹੀਂ ਜਪ ਸਕਦਾ। ਸੋ ਮੇਰਾ ਮਾਨਸ ਜਨਮ ਬਿਰਥਾ ਟੁਰਿਆ ਜਾ ਰਿਹਾ ਹੈ। ਜਦੋਂ ਮੈਂ ਭਜਨ ਕਰਨ ਲਗਦਾ ਹਾਂ ਤਾਂ ਇਹ ਤੋਟੇ ਦੇ ਖਿਆਲ ਮੇਰੇ ਅੰਦਰੋਂ ਨਿਕਲਦੇ ਨਹੀਂ ਹਨ ਕਿਉਂਕਿ ਭੁਖੇ ਦਾ ਭਜਨ ਰੋਟੀ ਹੋਇਆ ਕਰਦੀ ਹੈ। ਇਸ ਤੋਂ ਬਾਹਰ ਨਹੀਂ ਨਿਕਲਿਆ ਜਾਂਦਾ। ਸੋ ਇਸ ਕਰਕੇ, ਐਸਾ ਹਠ ਨਹੀਂ ਕਰਨਾ ਚਾਹੀਦਾ ਕਿ ਗੁਰੂ ਕੋਲੋਂ ਮੰਗਣਾ ਨਹੀਂ। ਮੰਗੋ ਗੁਰੂ ਕੋਲੋਂ, ਕਿਹੜੀ ਚੀਜ਼ ਹੈ ਜੋ ਗੁਰੂ ਨਹੀਂ ਦੇ ਸਕਦੇ। ਇਹ ਗਲਤ ਹੁੰਦੀ ਹੈ ਕਿ ਮੰਗ ਦਬ ਲਈ ਜਦੋਂ ਕਿ ਅੰਦਰ ਮੰਗ ਚਲਦੀ ਹੈ। ਸੋ ਸੱਚੇ ਪਾਤਸ਼ਾਹ! ਮੈਂ ਬੇਨਤੀ ਕਰਨ ਆਇਆ ਹਾਂ ਕਿ ਮੇਰਾ ਕਾਰੋਬਾਰ ਨਹੀਂ ਚਲਦਾ। ਗੁਰੂ ਮਹਾਰਾਜ ਨੇ ਪੁਛਿਆ ਕਿ ਗੁਰਮੁਖਾ! ਕੀ ਤੂੰ ਬਾਣੀ ਪੜ੍ਹਦਾ ਹੁੰਦਾ ਹੈਂ? ਕਹਿੰਦਾ, "ਹਾਂ ਮਹਾਰਾਜ!" ਕਹਿੰਦੇ, "ਸੁਖਮਨੀ ਸਾਹਿਬ ਵੀ ਪੜ੍ਹਦਾ ਹੁੰਦਾ ਹੈ?" ਕਹਿੰਦਾ, "ਹਾਂ ਮਹਾਰਾਜ।" ਕਹਿੰਦੇ, "ਧਿਆਨ ਨਾਲ ਵੀ ਪੜ੍ਹਦਾ ਹੈਂ? ਉਹਦੇ ਵਿਚ ਤਾਂ ਹਰ ਚੀਜ਼ ਦਾ ਹੱਲ ਲਿਖਿਆ ਹੋਇਆ ਹੈ, ਪਰ ਧਿਆਨ ਵਿਚ ਨਹੀਂ ਆਉਂਦਾ।" ਚੁਪ ਕੀਤਾ ਬੈਠਾ ਹੈ। ਕਹਿੰਦਾ, "ਮਹਾਰਾਜ! ਮੈਨੂੰ ਤਾਂ ਪਤਾ ਨਹੀਂ ਲਗਦਾ।" ਮਹਾਰਾਜ ਨੇ ਕਿਹਾ, "ਚੰਗਾ ਫੇਰ ਅਸੀਂ ਦਸਦੇ ਹਾਂ।"

***ਧਾਰਨਾ – ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ –2, 2.***
***ਸੇਵਾ ਕਰ ਲੈ ਜੀ, ਸਾਧੂਆਂ ਦੀ –2, 2.***
***ਜੇ ਤੈਂ ਚਾਰ ਪਦਾਰਥ ਲੈਣੇ,........ –2.***

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥ ਪੰਨਾ – 266***

ਗੁਰੂ ਮਹਾਰਾਜ ਨੇ ਪੁਛਿਆ ਕਿ ਕੀ ਪੜ੍ਹਦਾ ਹੁੰਦਾ ਹੈਂ? ਕਹਿੰਦਾ, "ਮਹਾਰਾਜ! ਪੜ੍ਹਦਾ ਤਾਂ ਮੈਂ ਜ਼ਰੂਰ ਹਾਂ, ਪਰ ਕਦੀ ਧਿਆਨ ਵਿਚ ਨਹੀਂ ਲਿਆਂਦਾ।" ਮਹਾਰਾਜ ਨੇ ਫੁਰਮਾਇਆ ਕਿ ਗੁਰੂ ਤੇ ਗੁਰੂ ਦੀਆਂ ਸੰਗਤਾਂ ਵਿਚ ਫਰਕ ਨਹੀਂ ਹੋਇਆ ਕਰਦਾ ਕਿਉਂਕਿ ਗੁਰੂ ਸੰਗਤ ਵਿਚ ਵਸਿਆ ਕਰਦਾ ਹੈ –

***ਮੈ ਗੁਣਵੰਤ ਸਗਲ ਕੀ ਜੀਵਨ ਮੇਰਾ ਜੀਵਨ ਮੇਰੇ ਦਾਸ॥***

ਮੇਰੇ ਦਾਸ ਮੇਰਾ ਜੀਵਨ ਹੀ ਹੋਇਆ ਕਰਦੇ ਹਨ। ਮੈਨੂੰ ਪਿਆਰ ਕਰਦੇ ਹਨ। ਉਹਨਾਂ ਨੂੰ ਪ੍ਰਸੰਨ ਕਰ ਲੈ, ਮੈਂ ਵੀ ਪ੍ਰਸੰਨ ਹੋ ਜਾਵਾਂਗਾ। ਗੁਰਸਿਖ ਨੇ ਬੇਨਤੀ ਕੀਤੀ, ਅੱਛਾ ਮਹਾਰਾਜ। ਕ੍ਰਿਪਾ ਕਰੋ। ਮੈਂ ਫੇਰ ਸਾਰੀ ਸੰਗਤ ਦੇ ਚਰਨ ਆਪਣੇ ਘਰ ਪੁਆਵਾਂਗਾ। ਉਸਨੇ ਬੇਨਤੀ ਕੀਤੀ, ਮਹਾਰਾਜ! ਤੁਸੀਂ ਆਪ ਵੀ ਸੰਗਤ ਦੇ ਨਾਲ ਚਰਨ ਪਾਵੋ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਸਾਡੇ ਆਉਣ ਨਾਲ ਇਕੱਠ ਜ਼ਿਆਦਾ ਵੱਧ ਜਾਏਗਾ।

ਸਾਧ ਸੰਗਤ ਜੀ! ਦਸਵੇਂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਜੇਕਰ ਕੋਈ ਔਕੜ ਆ ਜਾਵੇ ਤਾਂ ਪੰਜ ਸਿੰਘਾਂ ਨੂੰ ਬੁਲਾ ਕੇ, ਜੋ ਕਿ ਨਾਮ ਜੱਪਣ ਵਾਲੇ ਹੋਣ, ਕਹਿਣੀ ਤੇ ਕਥਨੀ ਦੇ ਪੂਰੇ ਹੋਣ, ਉਹਨਾਂ ਨੂੰ ਮੇਰਾ ਰੂਪ ਸਮਝ ਕੇ


Sri Satguru Jagjit Singh Ji eLibrary NamdhariElibrary@gmail.com

ਪਰਸ਼ਾਦਾ ਛਕਾਉ, ਉਹਨਾਂ ਵਿਚ ਮੈਂ ਵਰਤਾਂਗਾ। ਉਹਨਾਂ ਪੰਜਾਂ ਸਿੰਘਾਂ ਦੀ ਆਪ ਸੇਵਾ ਕਰਨਾ। ਇਹ ਨਾ ਕਰਨਾ ਕਿ ਰੋਟੀਆਂ ਕੋਈ ਹੋਰ ਬਣਾਵੇ, ਬਰਤਨ ਕੋਈ ਹੋਰ ਮਾਂਜੇ, ਇਸ ਤਰ੍ਹਾਂ ਸੇਵਾ ਨਹੀਂ ਹੋਇਆ ਕਰਦੀ।

ਇਕ ਵਾਰੀ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਜੋ ਕਿ ਬੜਾ ਸਖਤ ਹੁੰਦਾ ਸੀ, ਸੰਤ ਮਸਤੂਆਣੇ ਵਾਲਿਆਂ ਨੂੰ ਬੇਨਤੀ ਕਰਨ ਲੱਗਾ ਕਿ ਮੈਂ ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਾ ਹੈ ਤੇ ਆਪਜੀ ਨੇ ਵੀ ਦਰਸ਼ਨ ਦੇਣੇ ਹਨ, ਸਾਡਾ ਗ੍ਰਹਿ ਵੀ ਪਵਿੱਤਰ ਕਰੋ। ਸੰਤ ਮਹਾਰਾਜ ਕਹਿਣ ਲੱਗੇ, ਚੰਗਾ। ਪਰ ਕੋਈ ਐਸੀ ਜਗ੍ਹਾ ਹੈ ਜੋ ਤੇਰੀ ਹੋਵੇ? ਮਹਾਰਾਜੇ ਨੇ ਉਤਰ ਦਿਤਾ ਕਿ ਹਾਂ, ਮੇਰਾ ਫਾਰਮ ਹੈ। ਸੰਤਾਂ ਨੇ ਕਿਹਾ, ਅਸੀਂ ਰਾਜ ਅੰਸ਼ ਨਹੀਂ ਖਾਣਾ ਕਿਉਂਕਿ ਉਹ ਰਿਆਇਆ ਦੀ ਹੋਇਆ ਕਰਦੀ ਹੈ, ਤੇ ਇਹ ਤਾਂ ਮਲੀਨ ਹੁੰਦਾ ਹੈ। ਪਰ ਤੂੰ ਦਸ ਕਿ ਤੇਰੀ ਕੋਈ ਸ਼ੁਧ ਕਮਾਈ ਹੈ? ਰਾਜਾ ਕਹਿਣ ਲੱਗਾ, ਜੀ ਹੈ। ਇਸੇ ਕਰਕੇ ਬਹੁਤ ਸਾਰੇ ਰਾਜੇ, ਵਿਕਰਮਾਜੀਤ ਵਰਗੇ ਰਾਜ ਅੰਸ਼ ਨਹੀਂ ਸੀ ਖਾਂਦੇ। ਆਪ ਮਿਹਨਤ ਕਰਕੇ ਰੋਟੀ ਖਾਇਆ ਕਰਦੇ ਸਨ। ਔਰੰਗਜ਼ੇਬ ਵੀ ਮਿਹਨਤ ਕਰਕੇ ਰੋਟੀ ਖਾਂਦਾ ਸੀ। ਭਾਵੇਂ ਉਹ ਸਾਨੂੰ ਬੁਰਾ ਲਗਦਾ ਹੈ, ਪਰ ਬਹੁਤ ਸਾਰੀਆਂ ਗੱਲਾਂ ਵਿਚ ਉਹਦਾ ਆਚਰਨ ਉਚਾ ਸੀ, ਬਹੁਤ ਸਾਰੀਆਂ ਗੱਲਾਂ ਵਿਚ ਹੱਦ ਤੋਂ ਜ਼ਿਆਦਾ ਮਾੜਾ ਸੀ ਕਿਉਂਕਿ ਉਹ ਐਕਸਟਰੀਮਿਸਟ ਸੀ। ਉਹ ਹੁੰਦਾ ਹੈ, 'ਜਾਂ ਏਧਰ ਜਾਂ ਓਧਰ'; ਹੇਠਲੇ ਪਾਸੇ ਵੀ ਉਹ ਹਦ ਦਰਜੇ ਦਾ ਸੀ, ਉਪਰਲੇ ਪਾਸੇ ਵੀ ਉਹ ਹੱਦ ਦਰਜੇ ਦਾ ਸੀ। ਐਨਾ ਭਜਨ ਕਰਦਾ ਸੀ ਕਿ ਰੋਜ਼ ਸੂਖਸ਼ਮ ਸਰੀਰ ਰਾਹੀਂ ਮੱਕੇ ਜਾ ਕੇ ਨਮਾਜ ਪੜ੍ਹ ਕੇ ਆਉਂਦਾ ਸੀ। ਜਦੋਂ ਜ਼ਫਰਨਾਮਾ ਦੇ ਕੇ ਭੇਜਿਆ, ਮਹਾਰਾਜ ਨੇ ਰਾਹ ਵਿਚ ਘੇਰਿਆ ਇਸ ਨੂੰ। ਕਹਿਣ ਲੱਗੇ, ਅਸੀਂ ਭਾਈ ਦਯਾ ਸਿੰਘ ਜੀ ਨੂੰ ਭੇਜਿਆ ਹੋਇਆ ਹੈ ਤੇ ਤੂੰ ਉਸਨੂੰ ਬੁਲਾਉਂਦਾ ਨਹੀਂ। ਬੁਲਾ ਭਾਈ ਦਯਾ ਸਿੰਘ ਨੂੰ।

ਸੋ ਸੰਤ ਮਹਾਰਾਜ ਮਸਤੂਆਣੇ ਵਾਲਿਆਂ ਨੇ ਪੁਛਿਆ ਕਿ ਕੀ ਤੇਰੀ ਕੋਈ ਨਿਜੀ ਆਮਦਨੀ ਹੈ? ਹਾਂ ਜੀ! ਮੇਰਾ ਫਾਰਮ ਹੈ। ਚੰਗਾ ਫੇਰ ਪਰਸ਼ਾਦਾ ਉਸ ਅੰਨ ਵਿਚੋਂ ਤਿਆਰ ਕਰੀਂ। ਜਦੋਂ ਮਹਾਂਪੁਰਸ਼ ਤੇ ਪੰਜ ਸਿੰਘ ਚਲੇ ਗਏ ਤਾਂ ਦੇਖਿਆ ਕਿ ਪਰਸ਼ਾਦਾ ਤਾਂ ਬੈਰ੍ਹੇ ਆਦਿ (ਖਾਣਾ ਬਣਾਉਣ ਵਾਲੇ) ਤਿਆਰ ਕਰ ਰਹੇ ਹਨ ਤੇ ਬੈਰ੍ਹਿਆਂ ਨੇ ਹੀ ਆ ਕੇ ਛਕਾ ਦਿੱਤਾ ਤੇ ਬੈਰ੍ਹੇ ਹੀ ਬਰਤਨ ਆਦਿ ਚੁਕ ਕੇ ਲੈ ਗਏ। ਜਦੋਂ ਅਰਦਾਸ ਕਰਨ ਲੱਗੇ ਤੇ ਕਿਹਾ, "ਸਚੇ ਪਾਤਸ਼ਾਹ! ਦਾਨਾ ਪਾਨੀ ਗੁਰੂ ਦਾ, ਟਹਿਲ ਸੇਵਾ ਇਹਨਾਂ ਬੈਰਿਆਂ ਦੀ, ਨੌਕਰਾਂ ਦੀ, ਚਾਕਰਾਂ ਦੀ; ਸਚੇ ਪਾਤਸ਼ਾਹ! ਇਹਨਾਂ ਨੂੰ ਆਪਣਾ ਗਿਆਨ ਬਖਸ਼ ਤੇ ਵਿਘਨਾਂ ਦਾ ਨਾਸ਼ ਕਰ।" ਰਾਜਾ ਭੁਪਿੰਦਰ ਸਿੰਘ ਵੀ ਕੋਲ ਬੈਠਾ ਸੀ, ਤੇ ਸੰਤ ਮਹਾਰਾਜ ਨੂੰ ਬੇਨਤੀ ਕਰਨ ਲੱਗਾ ਕਿ ਮਹਾਰਾਜ! "ਅਸੀਂ ਕਿਥੇ ਰਹਿ ਗਏ? ਅਰਦਾਸ ਵਿਚ ਤਾਂ ਸਾਡਾ ਨਾਮ ਹੀ



ਨਹੀਂ ਆਇਆ।" ਕਹਿੰਦੇ, "ਜੇਕਰ ਤੁਸੀਂ ਸੇਵਾ ਕੀਤੀ ਹੈ ਤਾਂ ਦਸੋ? ਦਾਨਾ ਪਾਣੀ ਤਾਂ ਗੁਰੂ ਦਾ ਹੈ, ਰਿਜਕ ਦਾ ਮਾਲਕ ਪਰਮੇਸ਼ਰ ਹੈ। ਤੁਸੀਂ ਤਾਂ ਸੇਵਾ ਕਰਨੀ ਸੀ। ਬੀਬੀ ਕੀ ਤੂੰ ਪਰਸ਼ਾਦੇ ਲਾਹੇ ਹਨ? ਕਹਿੰਦੀ, "ਨਹੀਂ ਜੀ! ਪਰਸ਼ਾਦੇ ਤਾਂ ਲਾਂਗਰੀਆਂ ਨੇ ਲਾਹੇ ਹਨ।" "ਕੀ ਤੁਸੀਂ ਪਰਸ਼ਾਦੇ ਆਪ ਵਰਤਾਏ ਸਨ?" "ਨਹੀਂ ਜੀ! ਉਹ ਤਾਂ ਬੈਰਿਆਂ ਨੇ ਵਰਤਾਏ ਸਨ।" "ਫੇਰ ਤੁਹਾਡੀ ਅਰਦਾਸ ਕਾਹਦੀ ਹੋਈ।" ਉਹ ਤਾਂ ਹੁੰਦੀ, ਜੇਕਰ ਤੁਸੀਂ ਆਪ ਨਾਲ ਸੇਵਾ ਕਰਦੇ।" ਭੁਲ ਮੰਨ ਲਈ, ਉਸੇ ਵੇਲੇ ਫੇਰ ਬੇਨਤੀ ਕੀਤੀ ਕਿ ਮਹਾਰਾਜ! ਕੱਲ ਨੂੰ ਫੇਰ ਆ ਕੇ ਪਰਸ਼ਾਦਾ ਛਕੋ। ਦੂਜੇ ਦਿਨ ਮਹਾਂਪੁਰਸ਼ਾਂ ਨੇ ਫੇਰ ਪਰਸ਼ਾਦਾ ਮੰਨ ਲਿਆ।

ਦੂਜੇ ਦਿਨ ਮਹਾਰਾਜਾ ਭੁਪਿੰਦਰ ਸਿੰਘ ਆਪ ਲਗਿਆ, ਸੇਵਾ ਕਰਨ, ਰਾਣੀਆਂ ਆਪ ਲਗੀਆਂ। ਕੋਈ ਸਬਜ਼ੀ ਬਣਾ ਰਹੀ ਹੈ, ਕੋਈ ਪਰਸ਼ਾਦੇ ਲਾਹ ਰਹੀ ਹੈ, ਕੋਈ ਬਿਸਤਰੇ ਵਿਛਾ ਰਹੀ ਹੈ ਜਿਥੇ ਮਹਾਂਪੁਰਸ਼ਾਂ ਨੇ ਆ ਕੇ ਬੈਠਣਾ ਹੈ। ਕੋਈ ਬਰਤਨ ਮਾਂਜ ਰਹੀ ਹੈ। ਜਦੋਂ ਮਹਾਂਪੁਰਸ਼ਾਂ ਨੇ ਪਰਸ਼ਾਦਾ ਛਕ ਲਿਆ ਤਾਂ ਅਰਦਾਸ ਕੀਤੀ ਕਿ ਟਹਿਲ ਸੇਵਾ ਰਾਜੇ ਰਾਣੀਆਂ ਦੀ ਤੇ ਸਿਖਾਂ ਸੇਵਕਾਂ ਦੀ; ਤਾਂ ਜਾ ਕੇ ਅਰਦਾਸ ਲੱਗੀ ਕਿ ਸੋ ਮਹਾਰਾਜ ਕਹਿੰਦੇ ਕਿ ਸ਼ਰਧਾ ਦੇ ਨਾਲ ਆਪ ਪਰਸ਼ਾਦੇ ਲਾਹੋ; ਜਦੋਂ ਪੰਜ ਸਿੰਘ ਘਰ



Sri Satguru Jagjit Singh Ji eLibrary NamdhariElibrary@gmail.com

ਆਉਣ, ਉਹਨਾਂ ਨੂੰ ਨਮਸਕਾਰ ਕਰੋ। ਜਿਹਨਾਂ ਨੇ ਚਰਨ ਪਾਏ ਹਨ, ਇਹ ਸਮਝੋ ਕਿ ਗੁਰੂ ਮਹਾਰਾਜ ਮੇਰੇ ਘਰ ਆ ਗਏ। ਮਹਾਰਾਜ ਕਹਿੰਦੇ, ਅਧੀਨ ਹੋ ਜਾਉ। ਉਹਨਾਂ ਪੰਜਾਂ ਸਿੰਘਾਂ ਵਿਚ ਮੈਨੂੰ ਦੇਖੋ, ਮੈਨੂੰ ਪਰਸ਼ਾਦਾ ਪਹੁੰਚ ਜਾਏਗਾ ਕਿਉਂਕਿ ਜਿਹੜੀ ਮੇਰੇ ਸਿਖਾਂ ਦੀ ਰਸਨਾ ਤੇ ਚੀਜ਼ ਪਹੁੰਚਦੀ ਹੈ, ਉਹ ਮੇਰੇ ਕੋਲ ਆ ਜਾਂਦੀ ਹੈ। ਇਹ ਕੋਈ ਐਸੀ ਬਾਤ ਨਹੀਂ ਕਿ ਕਹਿਣ ਮਾਤਰ ਹੈ।

ਇਕ ਵਾਰੀ ਛੇਵੇਂ ਪਾਤਸ਼ਾਹ ਇਕ ਪਿੰਡ ਜਿਥੇ ਕਿ ਇਕ ਬੜਾ ਹੀ ਅਭੇਦ ਅਵਸਥਾ ਦਾ ਗੁਰਸਿਖ ਰਹਿੰਦਾ ਸੀ, ਜਿਸਦਾ ਨਾਮ ਭਾਈ ਕੱਟੂ ਸੀ। ਜਦੋਂ ਸੰਗਤਾਂ ਨੂੰ ਪਤਾ ਲੱਗਾ ਕਿ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਿੰਘ ਜੀ ਆਏ ਹੋਏ ਹਨ, ਇਹ ਪਿੰਡ ਦੀ ਸੰਗਤ, ਅੰਮ੍ਰਿਤਸਰ ਸਾਹਿਬ ਵੀ ਆਇਆ ਕਰਦੀ ਸੀ। ਉਹ ਸੰਗਤ ਇਕੱਠੀ ਹੋਕੇ ਜਥਾ ਬਣਾ ਕੇ ਸ਼ਬਦ ਪੜ੍ਹਦੇ ਪੜ੍ਹਦੇ ਚਲੀ ਮਹਾਰਾਜ ਦੀ ਭੇਟਾ ਵਾਸਤੇ। ਬਾਗਾਂ ਵਿਚੋਂ ਤਾਜੇ ਫਲ ਲਏ ਤੇ ਨਾਲ ਬਹੁਤ ਸੋਹਣੇ ਬਰਤਨ ਵਿਚ ਪਾਕੇ ਕੱਪੜੇ ਨਾਲ ਢੱਕ ਕੇ, ਸ਼ਹਿਦ ਲਿਆ। ਉਧਰੋਂ ਫਲ ਟੋਕਰੇ ਵਿਚ ਪਾਕੇ, ਸੋਹਣੇ ਕੱਪੜੇ ਨਾਲ ਢਕ ਕੇ ਲੈ ਚਲੇ। ਸ਼ਬਦ ਪੜ੍ਹਦੇ ਜਾਂਦੇ ਹਨ। ਭਾਈ ਕੱਟੂ ਨੇ ਸੁਣਿਆ ਕਿ ਕੋਈ ਗੁਰਸਿਖਾਂ ਦਾ ਸਮੂਹ ਆ ਰਿਹਾ ਹੈ, ਉਠਕੇ ਅੱਗੇ ਆ ਗਏ ਤੇ ਆਪਸ ਵਿਚ ਸਤਿ ਕਰਤਾਰ ਦੀ ਆਵਾਜ਼ ਦਿੱਤੀ। ਭਾਈ ਕਟੂ ਨੇ ਪੁਛਿਆ ਕਿ ਕੀ ਲੈ ਜਾ ਰਹੇ ਹੋ? ਉਤਰ ਮਿਲਿਆ, ਮਹਾਰਾਜ ਦੀ ਭੇਟਾ ਵਾਸਤੇ ਫਲ ਹਨ। ਏਸ ਬਰਤਨ ਵਿਚ ਕੀ ਹੈ? ਕਹਿੰਦੇ, ਸ਼ਹਿਦ। ਭਾਈ ਕੱਟੂ ਦਾ ਹੱਥ ਸਹਿਜ ਸੁਭਾਅ ਅਗੇ ਨਿਕਲ ਗਿਆ ਤੇ ਕਿਹਾ ਕਿ ਮੈਨੂੰ ਥੋੜਾ ਜਿਹਾ ਸ਼ਹਿਦ ਦੇ ਦਿਉ। ਸਮਝੇ ਨਾ ਕਿ ਗੁਰੂ ਤੇ ਗੁਰੂ ਦੇ ਅਭੇਦ ਅਵਸਥਾ ਵਾਲੇ ਸਿੱਖਾਂ ਵਿਚ ਫਰਕ ਨਹੀਂ ਹੋਇਆ ਕਰਦਾ। ਸਗੋਂ ਜਵਾਬ ਦਿੱਤਾ ਕਿ ਤੂੰ ਸਿਆਣਾ ਬਿਆਣਾ ਹੋਕੇ ਸਾਡੇ ਕੋਲੋਂ ਇਹ ਚੀਜ਼ ਮੰਗਦਾ ਹੈ, ਜੋ ਅਸੀਂ ਗੁਰੂ ਸਾਹਿਬ ਦੀ ਭੇਟਾ ਵਾਸਤੇ ਲੈ ਜਾ ਰਹੇ ਹਾਂ। ਅਸੀਂ ਗੁਰੂ ਮਹਾਰਾਜ ਦੇ ਚਰਨਾਂ ਵਿਚ ਪਹਿਲਾਂ ਭੇਟਾ ਕਰਨੀ ਹੈ। ਅਸੀਂ ਜੂਠੀ ਚੀਜ਼ ਕਿਸ ਤਰ੍ਹਾਂ ਭੇਟਾ ਕਰ ਸਕਦੇ ਹਾਂ। ਭਾਈ ਕਟੂ ਕਹਿਣ ਲੱਗਾ ਕਿ ਕੋਈ ਗੱਲ ਨਹੀਂ, ਮੇਰਾ ਐਵੇਂ ਜੀਅ ਕਰ ਆਇਆ ਸੀ।

ਜਦੋਂ ਗੁਰੂ ਮਹਾਰਾਜ ਦੇ ਚਰਣਾਂ ਵਿਚ ਜਾਕੇ ਭੇਟਾ ਕੀਤੀ, ਤਾਂ ਫਲਾਂ ਵਿਚੋਂ ਦੁਰਗੰਧ ਆ ਰਹੀ ਸੀ। ਗੁਰੂ ਮਹਾਰਾਜ ਨੇ ਪੁਛਿਆ ਕਿ ਇਹ ਕੀ ਰਖ ਦਿੱਤਾ ਭਾਈ! ਉਤਰ ਦਿੱਤਾ, ਮਹਾਰਾਜ! ਇਹ ਫਲ ਲਿਆਂਦੇ ਹਨ। ਕਹਿੰਦੇ, ਇਹ ਗਲੇ ਹੋਏ ਫਲ ਲਿਆਂਦੇ ਹਨ? ਨਹੀਂ ਮਹਾਰਾਜ! ਤਾਜੇ ਲਿਆਂਦੇ ਹਨ। ਕਹਿੰਦੇ, ਦੇਖੋ ਤਾਂ ਭਲਾ। ਜਦੋਂ ਕੱਪੜਾ ਚੁਕ ਕੇ ਦੇਖਿਆ ਤਾਂ ਸਾਰੇ ਫਲ ਗਲੇ ਪਏ ਹਨ। ਗੁਰੂ ਮਹਾਰਾਜ ਨੇ ਫੇਰ ਪੁਛਿਆ ਕਿ ਇਸ ਬਰਤਨ ਵਿਚ ਕੀ ਹੈ? ਮਹਾਰਾਜ! ਬੜਾ ਵਧੀਆ ਸ਼ਹਿਦ ਲਿਆਂਦਾ ਹੈ। ਮਹਾਰਾਜ ਨੇ ਕਿਹਾ, ਕੱਪੜਾ ਚੁਕ ਕੇ ਦੇਖੋ। ਜਦੋਂ ਦੇਖਿਆ ਤਾਂ ਸ਼ਹਿਦ ਵਿਚ ਕੀੜੇ ਕੁਰਬਲ ਕੁਰਬਲ ਕਰ ਰਹੇ ਸਨ। ਇਹ ਦੇਖ ਕੇ ਸਾਰਾ ਜਥਾ ਹੈਰਾਨ ਰਹਿ ਗਿਆ ਕਿ ਸਾਡੇ ਕੋਲੋਂ ਕੋਈ ਬਹੁਤ ਵੱਡੀ ਭੁਲ ਹੋ ਗਈ ਹੈ। ਸਾਡੀ ਭੇਟਾ ਗੁਰੂ ਨੂੰ ਪਰਵਾਨ ਨਹੀਂ ਹੋਈ। ਸਾਰਾ ਚਾਉ ਲਹਿ ਗਿਆ ਤੇ ਸੋਚੀਂ ਪੈ ਗਏ। ਕਈ ਪ੍ਰੇਮੀਆਂ ਦੇ ਨੇਤਰਾਂ ਵਿਚ ਜਲ ਆ ਗਿਆ ਤੇ ਸਚੇ ਪਾਤਸ਼ਾਹ ਅਸੀਂ ਕਿਹੜੀ ਭੁਲ ਕਰ ਬੈਠੇ। ਅਸੀਂ ਤਾਂ ਤਾਜੇ ਫਲ ਲਿਆਏ ਸੀ, ਤਾਜਾ ਸ਼ਹਿਦ ਲਿਆਏ ਸੀ। ਸੰਗਤ ਨੇ ਬੇਨਤੀ ਕੀਤੀ ਮਹਾਰਾਜ! ਸਾਨੂੰ ਕਿਰਪਾ ਕਰਕੇ ਦਸੋ ਕਿ ਸਾਡੇ ਕੋਲੋਂ ਕੀ ਅਵਗਿਆ ਹੋ ਗਈ ਹੈ? ਗੁਰੂ ਮਹਾਰਾਜ ਨੇ ਕਿਹਾ, ਗੁਰਮੁਖੋ! ਮੈਂ ਤੁਹਾਡੇ ਕੋਲੋਂ ਫਲ ਤੇ ਸ਼ਹਿਦ ਮੰਗਿਆ ਸੀ, ਤੁਸੀਂ ਮੈਨੂੰ ਮੰਗਿਆ ਹੋਇਆ ਨਹੀਂ ਦਿੱਤਾ। ਤੁਹਾਡੇ ਅਗੇ ਹੱਥ ਕਢਿਆ ਸੀ, ਤੁਹਾਡੀ ਭੇਟਾ ਲੈਣ ਵਾਸਤੇ। ਲੇਕਿਨ ਤੁਸੀਂ ਸਾਨੂੰ ਭੇਟਾ ਨਹੀਂ ਸੀ ਦਿੱਤੀ। ਸੰਗਤ ਨੇ ਕਿਹਾ, ਮਹਾਰਾਜ! "ਤੁਸੀਂ ਤਾਂ ਸਾਨੂੰ ਕਿਧਰੇ ਨਹੀਂ ਸੀ ਮਿਲੇ।" ਕਹਿੰਦੇ, ਕੌਣ ਮਿਲਿਆ ਸੀ? ਜੀ ਭਾਈ ਕੱਟੂ ਮਿਲਿਆ ਸੀ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਗੁਰਮੁਖੋ! ਭਾਈ ਕੱਟੂ ਅਭੇਦ ਅਵਸਥਾ ਦਾ ਸਿਖ ਹੈ, ਮੇਰੇ ਤੇ ਭਾਈ ਕੱਟੂ ਵਿਚ ਕਦੀ ਫਰਕ ਹੀ ਨਹੀਂ। ਉਹ ਦਿਨ ਰਾਤ ਮੇਰੇ ਵਿਚ ਹੀ ਸਮਾਇਆ ਰਹਿੰਦਾ ਹੈ ਅਤੇ ਮੈਂ ਉਹਦੇ ਵਿਚ ਸਮਾਇਆ ਰਹਿੰਦਾ ਹਾਂ। ਅਸੀਂ ਇਕ ਰੂਪ ਹੋਏ ਹੋਏ ਹਾਂ। ਤਦ ਰੂਪ ਕਹਿੰਦੇ ਹਨ ਇਸਨੂੰ। ਜਿਸ ਤਰ੍ਹਾਂ ਵੈਲਡਿੰਗ ਹੋਈ ਹੁੰਦੀ ਹੈ। ਕਹਿੰਦੇ, ਹੁਣ ਰਹਿਣ ਦਿਉ। ਭਾਈ ਕੱਟੂ ਨੂੰ ਜਾਕੇ ਪ੍ਰਸੰਨ ਕਰੋ, ਉਹਦੀ ਰਸਨਾ ਤੇ ਉਸ ਵੇਲੇ ਮੈਂ ਬੈਠਾ ਸੀ। ਸੋ ਗੁਰਸਿਖ ਦੀ ਰਸਨਾ ਗੁਰੂ ਦੀ ਗੋਲਕ ਹੁੰਦੀ ਹੈ।

ਮੈਂ ਸਾਫ ਸਾਫ ਦਸਦਾ ਹਾਂ ਕਿ ਜੇਕਰ ਕਿਸੇ ਨੇ ਪਾਠ ਕਰਾਉਣਾ ਹੈ ਤਾਂ ਪਾਠੀ ਨੂੰ ਪ੍ਰਸੰਨ ਕਰੋ। ਪਹਿਲਾਂ ਪਾਠੀ ਦੀ ਖੋਜ ਕਰੋ, ਜੋ ਗੁਰੂ ਨਾਲ ਲੱਗਾ ਰਹਿੰਦਾ ਹੋਵੇ ਤੇ ਉਸ ਨੂੰ ਜਰਾ ਵੀ ਲਾਲਚ ਨਾਂ ਹੋਵੇ, ਪੈਸੇ ਦਾ ਕੋਈ ਲਾਲਚ ਨਾ ਹੋਵੇ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਕੋਈ ਉਜਰਤ ਹੈ ਹੀ ਨਹੀਂ। ਜੇ ਮੈਨੂੰ ਕੋਈ ਕਹੇ ਕਿ ਤੂੰ ਪਾਠ ਕਰ ਦੇ ਅਸੀਂ ਲਖ ਰੁਪੈ ਦੇਵਾਂਗੇ। ਮੈਂ ਤਾਂ ਪਾਠ ਨਹੀਂ ਕਰਦਾ, ਬਈ ਪਰਲੋਕ ਵੇਚਣਾ ਹੈ। ਇਕ ਵਾਰੀ ਦਾ ਵਾਹਿਗੁਰੂ ਕਿਹਾ ਹੋਇਆ, ਖਵਰੇ ਓਹੀ ਉਧਾਰ ਕਰ ਦੇਵੇ। ਕੋਈ ਐਸੀ ਤੁਕ ਮਨ ਵਿਚ ਵਸ ਜਾਵੇ, ਕਿਹੜਾ ਕੋਈ ਗੁਰੂ ਦੇ ਬਚਨ ਵੇਚਣੇ ਹਨ। ਜਿਹੜਾ ਕੋਈ ਗੁਰੂ ਦੇ ਬਚਨ ਵੇਚਦਾ ਹੈ, ਪਿਛਲੀ ਵਾਰੀ ਮੈਂ ਦਸਿਆ ਸੀ ਕਿ ਕੀ ਬੁਰਾ ਹਾਲ ਹੁੰਦਾ ਹੈ।

ਭਾਈ ਧਿਆਨ ਸਿੰਘ ਨੇ ਦਸਵੇਂ ਪਾਤਸ਼ਾਹ ਦਾ ਬਚਨ ਮੁਲ ਲੈ ਲਿਆ ਸੀ ਤੇ ਜਾਂਦੇ ਨੂੰ ਹੀ ਖੇਤ ਵਿਚੋਂ ਖਜਾਨਾ ਲੱਭ ਗਿਆ ਸੀ। ਉਸ ਪਾਠੀ ਨੂੰ ਦੇਖੋ ਜਿਹੜਾ ਨਾਮ ਜਪਦਾ ਹੋਵੇ, ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਦਾ ਹੋਵੇ



Sri Satguru Jagjit Singh Ji eLibrary NamdhariElibrary@gmail.com

ਨਿੰਦਿਆ ਚੁਗਲੀ ਨਾ ਕਰਦਾ ਹੋਵੇ, ਈਰਖਾ ਦੀ ਬਿਮਾਰੀ ਉਸਨੂੰ ਨਾ ਹੋਵੇ, ਫੇਰ ਬਹੁਤ ਬਚਨ ਐਵੇਂ ਘਟ ਵਧ ਨਾ ਕਰਦਾ ਹੋਵੇ। ਪਾਠ ਕਰ ਲਿਆ ਤਾਂ ਚੁਪ ਕਰਿਆ ਰਹੇ, ਬਿਰਤੀ ਲਗੀ ਰਹੇ ਐਸਾ ਪਾਠੀ ਹੋਵੇ, ਫੇਰ ਉਸਨੂੰ ਪ੍ਰਸੰਨ ਕਰੋ ਤੇ ਆਪ ਗੁਰੂ ਰੂਪ ਸਮਝ ਕੇ ਸੇਵਾ ਕਰੋ, ਜਿੰਨੀ ਵੀ ਵੱਧ ਤੋਂ ਵੱਧ ਕਰ ਸਕਦੇ ਹੋ। ਫੇਰ ਉਹ ਪਾਠ ਕਰੇਗਾ, ਅਰਦਾਸ ਕਰੇਗਾ, ਉਸਦੀ ਆਤਮਾ ਪ੍ਰਸੰਨ ਹੋ ਕੇ ਗੁਰੂ ਨਾਲ ਜੁੜੀ ਰਹੇਗੀ। ਫੇਰ ਗੁਰੂ ਬੋਲ ਪੈਂਦਾ ਹੈ, ਮੰਗੀਆਂ ਹੋਈਆਂ ਚੀਜ਼ਾਂ ਮਿਲ ਜਾਂਦੀਆਂ ਹਨ। ਜੇਕਰ ਨਿਰੀ ਭੇਟਾ ਪਾਠੀ ਨੂੰ ਦਿੰਦੇ ਹਾਂ, ਨਾਂ ਪਾਠ ਸੁਣਨਾ ਨਾਂ ਸੁਨਾਉਣਾ। ਉਹ ਪਾਠ ਕਿੰਨਾ ਕੁ ਲਗੇਗਾ, ਬਸ! ਜਿਹੜੀ ਥੋੜੀ ਜਿਹੀ ਸੇਵਾ ਕੀਤੀ ਹੈ ਉਨਾ ਕੁ ਪਾਠ ਹੀ ਲਗੇਗਾ ਜਾਂ ਸੌ ਰੁਪੈ ਦਾ ਲਗਣਾ ਜੋ ਭੇਟਾ ਕੀਤਾ ਹੈ। ਸੇਵਾ ਚੰਗੀ ਤਰ੍ਹਾਂ ਕਰੋ ਜੋ ਯਥਾ ਸਕਤ ਭੇਟਾ ਕਰ ਸਕਦੇ ਹੋ, ਕਰੋ ਗਿਣੋ ਨਾਂ। ਮੈਨੂੰ ਕੱਲ ਇਕ ਪ੍ਰੇਮੀ ਨੇ ਦਸਿਆ ਕਿ ਜੀ ਉਹ ਦੋ ਸੌ ਇਕਵਿੰਜਾਂ ਰੁਪੈ ਪਾਠ ਦੇ ਮੰਗਦੇ ਹਨ, ਨਾਲ ਕਹਿੰਦੇ ਜੀ ਚੜਾਵਾ ਸਾਡਾ ਹੋਏਗਾ। ਮੈਂ ਕਿਹਾ ਜੇ ਗੱਲ ਕਰ ਲਈ ਹੈ, ਫੇਰ ਹੁਣ ਤਾਂ ਕਰਾ ਲੈ ਭਾਈ। ਜਿਹੜਾ ਪੈਸੇ ਬੰਨ ਕੇ ਪਾਠ ਕਰਦਾ ਹੈ ਉਹ ਠੀਕ ਨਹੀਂ। ਪਿਆਰ ਨਾਲ ਕੋਈ ਪੰਜ ਪੈਸੇ ਵੀ ਮੱਥਾ ਟੇਕ ਦੇਵੇ ਅਤੇ ਪਾਠ ਕਰਨ ਵਾਲਾ ਉਸ ਨਾਲ ਹੀ ਪ੍ਰਸੰਨ ਹੋ ਜਾਵੇ। ਉਹ ਕੰਮ ਭਲੀਭੂਤ ਹੋਇਆ ਕਰਦਾ ਹੈ ਕਿਉਂਕਿ ਪਾਠ ਕਰਨ ਵਾਲਾ ਸ਼ੁਧ ਹੈ। ਜੇਕਰ ਉਹ ਮੰਗਕੇ ਪੰਜ ਹਜ਼ਾਰ ਲੈਂਦਾ ਹੈ ਤਾਂ ਪਾਠ ਕਰਨ ਦਾ ਮੁਲ ਲੈਂਦਾ ਹੈ ਜੋ ਕਿ ਉਸਦੀ ਗਲਤੀ ਹੈ। ਜਦੋਂ ਅਸੀਂ ਪਾਠ ਕਰਨ ਵਾਲੇ ਦੀ ਸੇਵਾ ਕਰਦੇ ਹਾਂ, ਅਕਸਰ ਉਹਦਾ ਦਿਮਾਗ ਲਗਦਾ ਹੈ। ਉਸਨੂੰ ਦੋ ਵੇਲੇ ਦੁਧ ਵੀ ਦਿਉ, ਘਿਉ ਵੀ ਦਿਓ ਖਾਣ ਵਾਸਤੇ, ਜੇਕਰ ਬਦਾਮ ਦੇ ਸਕਦੇ ਹੋ ਤਾਂ ਬਦਾਮ ਵੀ ਦਿਓ, ਚੰਗੀ ਤਰ੍ਹਾਂ ਉਹਦੀ ਸੇਵਾ ਕਰੋ। ਇੰਜ ਨਾ ਸਮਝੋ ਕਿ ਪਾਠ ਕਰਨ ਵਾਸਤੇ ਮਜੂਰ ਲਾਇਆ ਹੋਇਆ ਹੈ, ਫਿਰ ਮਜੂਰ ਦਾ ਕੰਮ ਮਜੂਰੀ ਜੋਗਾ ਹੀ ਮਿਲੇਗਾ, ਵਧ ਨਹੀਂ।

ਗੁਰੂ ਮਹਾਰਾਜ ਤਾਂ ਫੁਰਮਾਉਂਦੇ ਹਨ ਕਿ ਜਿਹੜੇ ਮੇਰੇ ਸਿਖ ਹਨ ਉਹ ਮੇਰੇ ਨਾਲ ਅਭੇਦ ਹੋਏ ਹੋਏ ਹਨ, ਜਿਹੜੇ ਬੰਦਗੀ ਕਰਦੇ ਹਨ। ਸੋ ਕਹਿਣ ਲੱਗੇ, ਗੁਰਮੁਖੋ! ਭਾਈ ਕੱਟੂ ਤਾਂ ਅਭੇਦ ਅਵਸਥਾ ਦਾ ਸਿਖ ਸੀ। ਉਹ ਸ਼ਹਿਦ ਤੇ ਫਲ ਮੈਂ ਹੀ ਲੈਣੇ ਸਨ। ਇਕ ਵਾਰੀ ਇਕ ਮਾਈ ਪੰਜਵੇਂ ਪਾਤਸ਼ਾਹ ਕੋਲ ਦੁਧ ਦੀ ਭਰੀ ਚਾਟੀ ਲੈ ਕੇ ਆਈ, ਬੜੀ ਸ਼ਰਧਾ ਨਾਲ ਆਈ, ਰਸਤੇ ਵਿਚ ਉਸਨੂੰ ਇਕ ਹੋਰ ਮਾਈ ਮਿਲੀ। ਉਹ ਕਹਿਣ ਲੱਗੀ, ਭੈਣ! ਮੈਨੂੰ ਥੋੜਾ ਜਿਹਾ ਦੁਧ ਦੇ ਜਾਹ। ਮੇਰਾ ਪੁੱਤਰ ਬਿਮਾਰ ਹੈ, ਸਾਹਾਂ ਘੜੀਆਂ ਤੇ ਹੈ, ਮੇਰੇ ਕੋਲ ਦੁਧ ਖਰੀਦਣ ਵਾਸਤੇ ਪੈਸੇ ਨਹੀਂ ਹਨ। ਤੂੰ ਮੈਨੂੰ ਦੁਧ ਦੇ ਦੇ, ਦਵਾਈ ਤਾਂ ਮੈਨੂੰ ਮਿਲ ਗਈ ਹੈ। ਮੇਰਾ ਬੱਚਾ ਬਚ ਜਾਏਗਾ। ਉਹ ਮਾਈ ਕਹਿਣ ਲੱਗੀ ਕਿ ਮੈਂ ਤਾਂ ਦੁਧ ਗੁਰੂ ਦੇ ਲੰਗਰ ਵਾਸਤੇ ਲਿਜਾ ਰਹੀ ਹਾਂ। ਮੈਂ ਦੁਧ ਰਸਤੇ ਵਿਚ ਹੀ ਵੰਡਣਾ ਸ਼ੁਰੂ ਕਰ ਦਿਆਂ? ਦਿੱਤਾ ਨਾਂ, ਅਗੇ ਗਈ ਤਾਂ ਸਾਰਾ ਦੁਧ ਫਟ ਗਿਆ। ਜਦੋਂ ਪੰਜਵੇਂ ਪਾਤਸ਼ਾਹ ਕੋਲ ਪਹੁੰਚੀ ਤਾਂ ਕਹਿਣ ਲੱਗੀ ਮਹਾਰਾਜ! ਮੈਂ ਤਾਂ ਬਰਤਨ ਨੂੰ ਚੰਗੀ ਤਰ੍ਹਾਂ ਸੋਧ ਕੇ ਫਿਰ ਵਿਚ ਦੁਧ ਪਾਕੇ ਲਿਆਈ ਹਾਂ ਪਰ ਫਟ ਗਿਆ। ਗੁਰੂ ਮਹਾਰਾਜ ਨੇ ਕਿਹਾ ਮਾਈ! ਜਦੋਂ ਅਸੀਂ ਮੰਗਿਆ ਸੀ ਉਦੋਂ ਤਾਂ ਤੂੰ ਦਿੱਤਾ ਨਾਂ। ਕਹਿੰਦੀ ਮਹਾਰਾਜ! ਤੁਸੀਂ ਤਾਂ ਮੈਨੂੰ ਮਿਲੇ ਹੀ ਨਹੀਂ ਸੀ। ਮਹਾਰਾਜ ਨੇ ਕਿਹਾ ਉਹ ਮਾਈ ਮੇਰੇ ਵਿਚ ਅਭੇਦ ਹੋਕੇ ਹੀ ਤਾਂ ਬੋਲ ਰਹੀ ਸੀ। ਜਦੋਂ ਦੁਧ ਮੰਗ ਰਹੀ ਸੀ ਉਸ ਵੇਲੇ ਤੂੰ ਦੁਧ ਦਿੱਤਾ ਨਾਂ, ਹੁਣ ਨਹੀਂ ਚਾਹੀਦਾ, ਤੂੰ ਆਪਣਾ ਦੁਧ ਵਾਪਸ ਲੈ ਜਾ। ਐਸੀਆਂ ਮਸਾਲਾਂ ਗੁਰੂ ਘਰ ਵਿਚ ਬਹੁਤ ਹਨ।

ਗੁਰੂ ਤੀਜੇ ਪਾਤਸ਼ਾਹ ਮਹਾਰਾਜ ਅਲੂਣਾ ਕੋਧਰਾ ਖਾਇਆ ਕਰਦੇ ਸਨ। ਪ੍ਰੇਮੀਆਂ ਨੇ ਕਿਹਾ ਮਹਾਰਾਜ! ਆਪ ਜੀ ਦੇ ਲੰਗਰ ਵਿਚ ਛੱਤੀ ਪ੍ਰਕਾਰ ਦੇ ਭੋਜਨ ਬਣਦੇ ਹਨ, ਆਪ ਕਦੀ ਲੰਗਰ ਵਿਚੋਂ ਛਕਦੇ ਹੀ ਨਹੀਂ, ਤੁਸੀਂ ਕੇਵਲ ਕੋਧਰਾ ਛਕਦੇ ਹੋ। ਮਹਾਰਾਜ ਨੇ ਕਿਹਾ ਕਿ ਕੋਧਰਾ ਤਾਂ ਅਸੀਂ ਸੁਆਦ ਬਦਲਣ ਵਾਸਤੇ ਛਕਦੇ ਹਾਂ। ਪ੍ਰੇਮੀ ਪੁਛਣ ਲਗੇ ਮਹਾਰਾਜ! ਕੀ ਤੁਸੀਂ ਕੁਝ ਹੋਰ ਵੀ ਛਕਦੇ ਹੋ? ਜਦੋਂ ਸਾਡੇ ਸ਼ਰਧਾ ਵਾਲੇ ਗੁਰਸਿਖ ਪਰਸ਼ਾਦੇ ਨੂੰ ਭੋਗ ਲਗਵਾਂਦੇ ਹਨ ਉਦੋਂ ਅੰਸ਼ ਮਾਤਰ ਸਾਨੂੰ ਪਹੁੰਚ ਜਾਂਦਾ ਹੈ। ਮਠਿਆਈਆਂ ਆਦਿ ਵੀ ਪਹੁੰਚ ਜਾਂਦੀਆਂ ਹਨ, ਕੇਵਲ ਸਵਾਦ ਬਦਲਣ ਲਈ ਹੀ ਫਿਕਾ ਕੋਧਰਾ ਖਾਂਦੇ ਹਾਂ।

ਏਸੇ ਤਰ੍ਹਾਂ ਇਕ ਮਸਾਲ ਗੁਰਸਿਖਾਂ ਵਿਚ ਵੀ ਆਉਂਦੀ ਹੈ ਭਾਈ ਰਣਧੀਰ ਸਿੰਘ ਜੀ ਦੀ। ਇਕ ਵਾਰੀ ਪ੍ਰਸ਼ਾਦਾ ਛਕ ਰਹੇ ਸਨ ਐਵੇਂ ਹੀ ਛਕੀ ਜਾ ਰਹੇ ਸਨ ਉਹਨਾਂ ਦੇ ਘਰੋਂ ਬੀਬੀ ਨੂੰ ਕਹਿਣ ਲੱਗੇ ਕਿ ਹਥ ਧੁਆਉ। ਬੀਬੀ ਨੇ ਕਿਹਾ ਕਿ ਤੁਸੀਂ ਤਾਂ ਵੀ ਨਹੀਂ ਛਕਿਆ। ਭਾਈ ਸਾਹਿਬ ਕਹਿਣ ਲੱਗੇ ਕਿ ਅਸੀਂ ਤਾਂ ਛਕ ਲਿਆ ਹੈ। ਕਹਿਣ ਲੱਗੇ, ਸਾਨੂੰ ਪਰਸ਼ਾਦਾ ਬੀਬੀ ਹਰਬੰਸ ਕੌਰ ਨੇ ਛਕਾਇਆ ਹੈ। ਜੋ ਬੀਜੀ ਦੀ ਵੱਡੀ ਭੈਣ ਸੀ। ਕਹਿੰਦੇ ਉਹਨੇ ਛਕਾਇਆ ਹੈ ਤੇ ਪ੍ਰਸ਼ਾਦਾ ਅਸੀਂ ਛਕ ਲਿਆ ਹੈ। ਹੱਥ ਧੋ ਲਏ, ਆਹ-ਆਹ ਚੀਜ਼ਾਂ ਅਸੀਂ ਛਕੀਆਂ ਹਨ। ਹੈਰਾਨ ਹੋ ਗਏ ਕਿਉਂਕਿ ਉਹ ਭੇਤ ਜਾਣਦੇ ਸੀ। ਜਿਹੜੇ ਭੇਤ ਜਾਣਦੇ ਹਨ ਉਹ ਬਹੁਤੇ ਸਵਾਲ ਨਹੀਂ ਕਰਿਆ ਕਰਦੇ। ਜਦੋਂ ਸਰਦਾਰ ਜੁਗਿੰਦਰ ਸਿੰਘ ਜੀ ਆਏ ਤੇ ਬੀਜੀ ਦੀ ਭੈਣ ਬੀਬੀ ਹਰਬੰਸ ਕੌਰ ਜੀ ਆਏ, ਉਹਨਾਂ ਨੂੰ ਪੁਛਿਆ ਕਿ ਤੁਸੀਂ ਕੋਈ ਪ੍ਰਸ਼ਾਦਾ ਤੇ ਨਹੀਂ ਛਕਾਇਆ ਕਿਸੇ ਨੂੰ। ਕਹਿੰਦੇ, ਜੀ ਹਾਂ! ਭਾਈ ਰਣਧੀਰ ਸਿੰਘ ਜੀ ਨੂੰ ਛਕਾਇਆ ਸੀ। ਸੁਰਤੀ ਨਾਲ ਪ੍ਰਸ਼ਾਦਾ ਛਕਾਇਆ ਸੀ। ਪਹੁੰਚ ਗਿਆ ਨਾਂ ਪ੍ਰਸ਼ਾਦਾ ਇਸ ਤਰ੍ਹਾਂ। ਸੋ ਇਸੇ ਤਰ੍ਹਾਂ ਗੁਰੂ ਕੋਲ ਚੀਜ਼ ਜਾਇਆ ਕਰਦੀ ਹੈ। ਸੋ ਗੁਰੂ ਮਹਾਰਾਜ ਨੇ


Sri Satguru Jagjit Singh Ji eLibrary NamdhariElibrary@gmail.com

ਕਿਹਾ ਕਿ ਭਾਈ ਬੁਧੂ ਹੁਣ ਤੂੰ ਮੇਰੀ ਸੰਗਤ ਨੂੰ ਪ੍ਰਸ਼ਾਦਾ ਛਕਾ ਤੇ ਸੰਗਤ ਨੂੰ ਪ੍ਰਸੰਨ ਕਰ। ਕਹਿਣ ਲੱਗਾ, ਮਹਾਰਾਜ! ਤੁਸੀਂ ਵੀ ਜ਼ਰੂਰ ਆਉਣਾ। ਮਹਾਰਾਜ ਕਹਿਣ ਲੱਗੇ, ਸਾਡੇ ਆਉਣ ਨਾਲ ਇਕੱਠ ਜ਼ਿਆਦਾ ਹੋ ਜਾਵੇਗਾ। ਕਹਿੰਦਾ, ਨਹੀਂ ਮਹਾਰਾਜ। ਤਰੀਕ ਬੰਨ ਲਈ। ਭਾਈਚਾਰੇ ਨਾਲ ਬੈਠ ਕੇ ਗਲ ਕੀਤੀ, ਇੰਤਜ਼ਾਮ ਕਰ ਲਏ, ਨੀਅਤ ਤਰੀਕ ਤੇ ਗੁਰੂ ਮਹਾਰਾਜ ਆ ਗਏ। ਜਦੋਂ ਪ੍ਰਸ਼ਾਦਾ ਛਕਾ ਰਹੇ ਸੀ ਤਾਂ ਭਾਈ ਲੱਖੂ ਆ ਗਿਆ। ਪਹਿਲਾਂ ਉਹ ਧਾੜਵੀ ਹੋਇਆ ਕਰਦਾ ਸੀ। ਉਹਨੂੰ ਪਤਾ ਲੱਗਾ ਕਿ ਗੁਰੂ ਮਹਾਰਾਜ ਇਥੇ ਆਏ ਹੋਏ ਹਨ, ਉਹਦੇ ਮਨ ਵਿਚ ਬੜੀ ਹੀ ਖਿਚ ਪਈ, ਬੇਹਬਲ ਹੋਕੇ ਦੌੜਿਆ ਹੀ ਆਉਂਦਾ ਹੈ। ਆਕੇ ਦੇਖਿਆ ਕਿ ਦਰਵਾਜਾ ਬੰਦ ਹੈ ਤਾਂ ਆਵਾਜ਼ ਮਾਰੀ, ਭਾਈ ਬੁਧੂ! ਭਾਈ ਬੁਧੂ! ਦਰਵਾਜਾ ਖੋਲ। ਭਾਈ ਤੂੰ ਕੌਣ ਹੈ? ਮੈਂ ਭਾਈ ਲਖੂ ਹਾਂ, ਤੂੰ ਦਰਵਾਜਾ ਖੋਲਦੇ ਮੈਂ ਪਾਤਸ਼ਾਹ ਦੇ ਦਰਸ਼ਨ ਕਰ ਲਵਾਂ। ਕਹਿੰਦਾ, ਵਾਹ ਬਈ ਵਾਹ, ਪੰਗਤ ਲਗੀ ਹੋਈ ਹੈ, ਪ੍ਰਸ਼ਾਦਾ ਛਕ ਰਹੇ ਹਨ। ਅਰਦਾਸ ਹੋਣ ਵਾਲੀ ਹੈ, ਤੂੰ ਜ਼ਰਾ ਠਹਿਰ ਜਾਹ। ਭਾਈ ਲਖੂ ਕਹਿਣ ਲੱਗਾ ਕਿ ਮੇਰੇ ਤੋਂ ਠਿਹਰਿਆ ਨਹੀਂ ਜਾਂਦਾ। ਕਹਿੰਦਾ ਕਿਉਂ? ਭਾਈ ਤੂੰ ਸੁਣਿਆ ਨਹੀਂ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਪੰਨਾ - 708***

ਇਸ ਵੇਲੇ ਮੇਰੇ ਨਾਲ ਮੱਛੀ ਵਾਲੀ ਹੀ ਗਲ ਹੋਈ ਹੋਈ ਹੈ। ਭਾਈ ਬੁਧੂ ਨੇ ਕਿਹਾ ਮੈਂ ਦਰਵਾਜਾ ਨਹੀਂ ਖੋਲਣਾ। ਕਰ ਲਿਆ ਨਾ ਗੁਰੂ ਦਾ ਸਿਖ ਨਾਰਾਜ਼। ਭਾਈ ਲਖੂ ਗੁਰੂ ਮਹਾਰਾਜ ਦੇ ਚਰਨਾਂ ਦਾ ਧਿਆਨ ਧਰਕੇ ਚੁਪ ਕਰਕੇ ਖਲੋ ਗਿਆ। ਸੁਰਤੀ ਗੁਰੂ ਦੇ ਚਰਨਾਂ ਵਿਚ ਲਾ ਲਈ। ਉਧਰ ਅਰਦਾਸ ਹੋ ਰਹੀ ਹੈ ਕਿ ਸਚੇ ਪਾਤਸ਼ਾਹ! ਭਾਈ ਬੁਧੂ ਨੇ ਆਪਦਾ ਓਟ ਆਸਰਾ ਲੈ ਕੇ ਭੱਠੇ ਨੂੰ ਅੱਗ ਦਿਤੀ ਹੈ। ਇਹਦੀਆਂ ਇੱਟਾਂ ਪੱਕੀਆਂ ਨਿਕਲਣ। ਭਾਈ ਲਖੂ ਸਾਰੇ ਜੋਰ ਨਾਲ ਬੋਲ ਪਿਆ, ਕੱਚੀਆਂ ਕੱਚੀਆਂ ਕੱਚੀਆਂ। ਅੰਦਰ ਪੱਕੀ ਦੀ ਅਰਦਾਸ ਹੋ ਰਹੀ ਹੈ ਏਧਰ ਇਸ ਨੇ ਕੱਚੀਆਂ ਕਹਿ ਦਿੱਤਾ। ਉਦਾਸ ਹੋ ਗਿਆ। ਗੁਰੂ ਮਹਾਰਾਜ ਨੇੜੇ ਚਲੇ ਗਏ ਤੇ ਕਹਿਣ ਲੱਗੇ ਕਿ ਸਾਰੀ ਸੰਗਤ ਕਹਿ ਰਹੀ ਹੈ ਕਿ ਇੱਟਾਂ ਪਕੀਆਂ ਨਿਕਲਣ, ਤੂੰ ਕਹਿ ਰਿਹਾ ਹੈ ਕਚੀਆਂ, ਕੱਚੀਆਂ। ਭਾਈ ਬੁਧੂ ਕਹਿਣ ਲੱਗਾ ਕਿ ਤੂੰ ਵੱਡਾ ਹੈ ਜਾਂ ਗੁਰੂ ਸਾਹਿਬ ਵੱਡੇ ਹਨ। ਭਾਈ ਲੱਖੂ ਨੇ ਕਿਹਾ ਕਿ ਮੇਰੀ ਜ਼ੁਬਾਨ ਤੇ ਗੁਰੂ ਹੀ ਬੋਲਦਾ ਸੀ-

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਪੰਨਾ - 263***

ਗੁਰੂ ਨੇ ਹੀ ਕਿਹਾ ਹੈ ਕੱਚੀ। ਜਾਹ, ਗੁਰੂ ਸਾਹਿਬ ਤੋਂ ਹੀ ਪੁਛ ਲੈ। ਭਾਈ ਬੁਧੂ ਗੁਰੂ ਮਹਾਰਾਜ ਕੋਲ ਆ ਗਿਆ। ਕਹਿੰਦਾ, ਸੰਸਾ ਪੈ ਗਿਆ ਹੈ। ਮਹਾਰਾਜ ਕਹਿੰਦੇ, ਕਾਹਦਾ ਸੰਸਾ ਪੈ ਗਿਆ? ਗੁਰੂ ਜੀ ਜਦੋਂ ਅਰਦਾਸ ਹੋ ਰਹੀ ਸੀ ਭਾਈ ਲਖੂ ਨੇ ਤਿੰਨ ਵਾਰੀ ਕਹਿ ਦਿੱਤਾ ਕੱਚੀਆਂ, ਕੱਚੀਆਂ, ਕੱਚੀਆਂ। ਕਹਿੰਦੇ ਕਿਉਂ ਕਹਿ ਦਿੱਤਾ? ਭਾਈ ਬੁਧੂ ਕਹਿਣ ਲੱਗਾ ਮਹਾਰਾਜ! ਐਂ ਹੋਇਆ ਸੀ। ਕਹਿੰਦੇ, ਭਾਈ ਤੂੰ ਤਾਂ ਬਹੁਤ ਮਾੜਾ ਕੀਤਾ। ਭਾਈ ਲਖੂ ਤਾਂ ਹਰ ਵੇਲੇ ਮੇਰੇ ਨਾਲ ਅਭੇਦ ਰਹਿੰਦਾ ਹੈ। ਉਹ ਅਭੇਦ ਅਵਸਥਾ ਦਾ ਗੁਰ ਸਿਖ ਹੈ। ਉਹਦਾ ਕਹਿਆ ਹੋਇਆ ਹੁਣ ਮੈਂ ਬਦਲ ਨਹੀਂ ਸਕਦਾ। ਭਾਈ ਬੁਧੂ ਹੁਣ ਤਾਂ ਤੇਰੀਆਂ ਇਟਾਂ ਕੱਚੀਆਂ ਹੀ ਰਹਿਣਗੀਆਂ। ਭਾਈ ਬੁਧੂ ਰੋਣ ਲਗ ਪਿਆ। ਕਹਿੰਦਾ ਮਹਾਰਾਜ! ਮੈਨੂੰ ਤਾਂ ਬੜਾ ਘਾਟਾ ਪੈ ਜਾਵੇਗਾ, ਸੰਗਤ ਨੇ ਤਾਂ ਅਰਦਾਸ ਵੀ ਕੀਤੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਬਾਲਾ ਤੇ ਭਾਈ ਮਰਦਾਨਾ ਜੀ ਨਾਲ

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1253***

ਗੁਰੂ ਮਹਾਰਾਜ ਨੇ ਕਿਹਾ ਹੁਣ ਤੂੰ ਅਫਸੋਸ ਨਾ ਕਰ। ਤੇਰੀਆਂ ਇੱਟਾਂ ਪੱਕੀਆਂ ਨਾਲੋਂ ਵੀ ਮਹਿੰਗੀਆਂ ਵਿਕਣਗੀਆਂ। ਉਧਰੋਂ ਮੀਂਹ ਪੈ ਗਿਆ, ਸੰਮਨ ਬੁਰਜ ਢਹਿ ਗਿਆ। ਕਿਲਾ ਢਹਿ ਗਿਆ। ਬੇਅੰਤ ਘਰ ਢਹਿ ਗਏ। ਸਭ ਇੱਟਾਂ ਮੁਕ ਗਈਆਂ। ਇਹਦਾ ਆਵਾ ਕੱਚਾ ਪਿਆ, ਕੋਈ ਲੈਂਦਾ ਨਹੀਂ, ਪਰ ਬਾਅਦ ਵਿਚ ਇਹਦਾ ਭਾਈ ਬੁਧੂ ਦਾ ਆਵਾ ਸਵਾਏ ਤੇ ਵਿਕਿਆ। ਸੋ ਜਿਹੜਾ ਅਭੇਦ ਅਵਸਥਾ ਦਾ ਗੁਰਸਿਖ ਹੁੰਦਾ ਹੈ, ਉਹ ਗੁਰੂ ਸਰੂਪ ਹੀ ਹੋਇਆ ਕਰਦਾ ਹੈ। ਗੁਰੂ ਤੇ ਉਹਦੇ ਵਿਚ ਫਰਕ ਨਹੀਂ ਹੋਇਆ ਕਰਦਾ।

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)***



Sri Satguru Jagjit Singh Ji eLibrary NamdhariElibrary@gmail.com

ਸੋ ਉਸ ਸਮੇਂ ਕ੍ਰਿਸ਼ਨ ਮਹਾਰਾਜ ਪੋਤਿਆਂ ਨੂੰ ਕਹਿਣ ਲੱਗੇ ਕਿ ਹੁਣੇ ਹੀ ਉਪਰਾਲਾ ਕਰ ਲਓ। ਇਸ ਮੂਸਲ ਨੂੰ ਘਸਾ ਕੇ ਸਮੁੰਦਰ ਵਿਚ ਸੁਟੋ। ਫਿਰ ਜਾ ਕੇ ਪ੍ਰਾਸ਼ਚਿਤ ਕਰੋ। ਸੋ ਉਹਨਾਂ ਨੂੰ ਪ੍ਰਾਸ਼ਚਿਤ ਕਰਨ ਵਾਸਤੇ ਭੇਜ ਦਿਤਾ। ਇਹਨਾਂ ਯਾਦਵਾਂ ਨੂੰ ਸ਼ਰਾਬ ਪੀਣ ਦੀ ਆਦਤ ਸੀ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਸ਼ਰਾਬ ਨਾ ਪੀਣਾ। ਪਰ ਇਹਨਾਂ ਨੇ ਬਚਨ ਨਾ ਮੰਨਿਆ। ਸ਼ਰਾਬ ਪੀਕੇ ਸਾਰੇ ਆਪਸ ਵਿਚ ਲੜ ਪਏ ਤੇ ਮਰ ਗਏ। ਇਹਨਾਂ ਵਿਚੋਂ ਕੋਈ ਨਾ ਬਚਿਆ। ਕ੍ਰਿਸ਼ਨ ਮਹਾਰਾਜ ਜੰਗਲ ਵਿਚ ਗਏ ਹੋਏ ਸੀ। ਇਕ ਪੈਰ ਦੂਜੇ ਗੋਡੇ ਤੇ ਰਖਿਆ। ਇਹਨਾਂ ਦੇ ਚਰਣ ਵਿਚ ਪਦਮ ਸੀ। ਜੋ ਕਿ ਹਿਰਨ ਦੀ ਅੱਖ ਵਰਗਾ ਸੀ। ਝਿਲਮਿਲ-ਝਿਲਮਿਲ ਕਰਦਾ ਸੀ। ਰੋਸ਼ਨੀ ਪੈਂਦੀ ਸੀ। ਉਧਰੋਂ ਇਕ ਸ਼ਿਕਾਰੀ ਆ ਗਿਆ। ਉਹਨੂੰ ਦੂਰੋਂ ਇਸ ਤਰ੍ਹਾਂ ਲੱਗਾ ਕਿ ਕੋਈ ਹਿਰਨ ਬੈਠਾ ਹੈ। ਉਸਨੇ ਬਾਣ ਮਾਰਿਆ। ਸ਼ਿਕਾਰੀ ਬੜਾ ਖੁਸ਼ ਹੋਇਆ ਕਿ ਬਾਣ ਜਾਕੇ ਹਿਰਨ ਨੂੰ ਲਗ ਗਿਆ। ਸ਼ਿਕਾਰੀ ਦੌੜ ਕੇ ਆਇਆ ਕਿ ਹਿਰਨ ਕਿਧਰੇ ਨੱਠ ਨਾ ਜਾਵੇ। ਜਦੋਂ ਨੇੜੇ ਆਇਆ ਤਾਂ ਕੀ ਦੇਖਦਾ ਹੈ ਕਿ ਬਾਣ ਤਾਂ ਕ੍ਰਿਸ਼ਨ ਮਹਾਰਾਜ ਨੂੰ ਲਗ ਗਿਆ ਹੈ। ਉਚੀ ਉਚੀ ਰੋਣ ਲਗ ਪਿਆ। ਕਹਿਣ ਲੱਗਾ ਮਹਾਰਾਜ! ਮੇਰੇ ਕੋਲੋਂ ਬੜੀ ਭਾਰੀ ਭੁਲ ਹੋਈ ਹੈ। ਪਤਾ ਨਹੀਂ ਮੇਰੇ ਵਾਸਤੇ ਕਿਹੜਾ ਨਰਕ ਬਣੇਗਾ ਜਿਹੜਾ ਮੈਂ ਆਪਦੇ ਬਾਣ ਮਾਰ ਬੈਠਿਆ ਹਾਂ। ਸੋ ਮੈਨੂੰ ਬਖਸ਼ ਦਿਓ, ਮੇਰੇ ਕੋਲੋਂ ਬਹੁਤ ਵੱਡੀ ਭੁਲ ਹੋ ਗਈ ਹੈ। ਇਸ ਤਰ੍ਹਾਂ ਬਾਰ-ਬਾਰ ਬੇਨਤੀਆਂ ਕਰਦਾ ਹੈ।

***ਧਾਰਨਾ - ਮਿਰਗ ਜਾਣ ਕੇ ਬਾਣ ਮੈਂ ਮਾਰਿਆ,***
***ਭੁਲ ਮੇਰੀ ਬਖਸ਼ੀਂ ਮਾਲਕਾ -2, 2.***
***ਭੁਲ ਮੇਰੀ ਓ ਬਖਸ਼ੀਂ ਮਾਲਕਾ -2, 2.***
***ਮਿਰਗ ਜਾਣਕੇ ਬਾਣ ਮੈਂ ਮਾਰਿਆ,.... -2.***

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।***
***ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।***
***ਦਰਸਣ ਡਿਠੋਸੁ ਜਾਇਕੈ ਕਰਣ ਪਲਾਵ ਕਰੇ ਪੂਕਾਰੇ।***
***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।***
***ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।***
***ਪਾਪ ਕਰੇਂਦੇ ਪਤਿਤ ਉਧਾਰੇ॥***
***ਭਾਈ ਗੁਰਦਾਸ ਜੀ ਦੀ ਵਾਰ 10/23***

ਭਾਈ ਗੁਰਦਾਸ ਜੀ ਜੋ ਕਿ ਗੁਰੂ ਘਰ ਦੇ ਵੇਦ ਵਿਆਸ ਸੀ, ਆਪ ਲਿਖਦੇ ਹਨ ਕਿ ਬਧਕ ਨੇ ਬਾਣ ਮਾਰਿਆ। ਪਰ ਕ੍ਰਿਸ਼ਨ ਮਹਾਰਾਜ ਨੇ ਉਸਨੂੰ ਬਖਸ਼ ਦਿੱਤਾ ਤੇ ਨਾਲੇ ਦੱਸ ਦਿਤਾ ਕਿ ਪਿਛਲੇ ਜਨਮ ਵਿਚ ਤੂੰ ਬਾਲੀ ਦਾ ਅਵਤਾਰ ਸੀ। ਅਸੀਂ ਤੇਰਾ ਕਰਜਾ ਦਿੱਤਾ ਹੈ। ਪਰ ਜੋ ਮਹਾਂਪੁਰਸ਼ ਦਾ ਬਚਨ ਸੀ ਕਿ ਤੁਹਾਡੇ ਉਹ ਪੈਦਾ ਹੋਏਗਾ, ਜੋ ਤੁਹਾਡੀ ਕੁਲ ਦਾ ਨਾਸ਼ ਕਰੇਗਾ। ਸਾਰੀ ਕੁਲ ਦਾ ਨਾਸ਼ ਕਰਾ ਲਿਆ। ਸੋ ਮਹਾਂਪੁਰਸ਼ਾਂ ਦਾ ਬਚਨ ਟਲਿਆ ਨਹੀਂ ਕਰਦਾ।

ਜਦੋਂ ਅੱਗ ਠੰਡੀ ਹੋ ਜਾਵੇ, ਸੂਰਜ ਪੱਛਮ ਤੋਂ ਚੜਨਾ ਸ਼ੁਰੂ ਹੋ ਜਾਵੇ, ਪਹਾੜ ਹਨ ਜਿਹੜੇ ਉਹ ਤੁਰਨ ਲੱਗ ਜਾਣ, ਇਹ ਸਭ ਵੀ ਹੋ ਜਾਵੇ ਤਾਂ ਵੀ -

***ਸਭਿ ਤੇ ਐ ਸਾਜਨ ਸੰਤ ਜਨਾ ਵਹਿ***
***ਝੂਠ ਗਿਰਾਹ ਨ ਕਹੈ ਕਬਹੂੰ॥***

ਸੰਤਾਂ ਦਾ ਬਚਨ ਜੋ ਕਿਹਾ ਹੁੰਦਾ ਹੈ ਉਹ ਸਚ ਹੋ ਜਾਂਦਾ ਹੈ, ਉਹਨਾਂ ਦੀ ਰਸਨਾ ਤੇ ਪਰਮੇਸ਼ਰ ਦਾ ਵਾਸਾ ਹੁੰਦਾ ਹੈ। ਸੋ ਆਵਾਜ਼ ਆਈ ਨਾਮਦੇਵ ਕਿਉਂ ਘਬਰਾ ਰਿਹਾ ਹੈ?ਤੂੰ ਤਾਂ ਨਹੀਂ ਬੋਲਿਆ, ਮੈਂ ਹੀ ਬੋਲਿਆਂ ਹਾਂ। ਉਠ ਇਹਨੂੰ ਰਾਮ ਕਹਿ ਕੇ ਖੜਾ ਕਰਦੇ। ਚਿੰਤਾ ਵਿਚ ਨਾ ਪੈ ਕਿਉਂਕਿ ਮੈਂ ਸੰਤਾਂ ਦਾ ਦੁਖ ਨਹੀਂ ਦੇਖ ਸਕਦਾ। ਸੋ ਨਾਮਦੇਵ ਜੀ ਉਠੇ ਜਾ ਕੇ ਕਿਹਾ, "ਉਠ ਭਾਈ ਰਾਮ ਕਹੁ।" ਮੋਢੇ ਤੋਂ ਫੜਕੇ ਉਠਾ ਦਿਤਾ ਤੇ ਉਹ ਆਰਾਮ ਨਾਲ ਬੈਠ ਗਿਆ। ਇਸ ਗਲ ਦੀ ਚਰਚਾ ਸਾਰੇ ਫੈਲ ਗਈ, ਜਦੋਂ ਪਰਮੇਸ਼ਰ ਦਾ ਇਹ ਅਸੂਲ ਹੈ।

***ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥ ਪੰਨਾ - 265***

ਉਹ ਜਿੰਨਾ ਜੋਰ ਚਾਹੇ ਲਾ ਲਵੇ, ਭਾਈ ਵੀਰ ਸਿੰਘ ਜੀ ਲਿਖਦੇ ਹਨ -

***ਮੇਰੀ ਛੁਪੈ ਰਹਿਣ ਦੀ ਚਾਹ, ਤੇ ਛੁਪ ਟੁਰ ਜਾਣ ਦੀ,***
***ਹਾਂ! ਪੂਰੀ ਹੁੰਦੀ ਨਾ***
***ਮੈਂ ਤਰਲੇ ਲੈ ਰਿਹਾ।***

ਕਿਉਂਕਿ ਜਿੰਨਾ ਛੁਪੇ ਰਹਿਣ ਵਿਚ ਫਾਇਦਾ ਹੈ, ਪ੍ਰਗਟ ਹੋਣ ਵਿਚ ਨਹੀਂ। ਪ੍ਰਗਟ ਹੋ ਗਿਆ, ਹਜ਼ਾਰਾਂ ਮੱਖੀਆਂ ਆ ਜਾਂਦੀਆਂ ਹਨ। ਤੁਸੀਂ ਬਾਹਰ ਕੋਈ ਚੀਜ਼ ਰਖ ਦਿਓ ਉਸ ਮਿਠੀ ਚੀਜ਼ ਤੇ ਕਿਸ ਤਰ੍ਹਾਂ ਮੱਖੀਆਂ ਬੈਠਦੀਆਂ ਹਨ। ਜੇਕਰ ਢਕੀ ਹੋਈ ਹੈ ਤਾਂ ਚੀਜ਼ ਮੱਖੀਆਂ ਕੋਲੋਂ ਬਚ ਜਾਂਦੀ ਹੈ। ਪਰਮੇਸ਼ਰ ਨਿਸ਼ਕਾਮ ਪੁਰਸ਼ਾਂ ਨੂੰ ਪ੍ਰਗਟ ਕਰਨ ਵਾਸਤੇ ਕੋਈ ਕੌਤਕ ਰਚ ਦਿੰਦਾ ਹੈ। ਉਹਨਾਂ ਦੇ ਮਗਰ ਦੈਂਤ ਲਾ ਦਿੰਦਾ ਹੈ, ਨਿੰਦਕ ਲਾ ਦਿੰਦਾ ਹੈ। ਉਹ ਤਾਂ ਕੁਦਰਤੀ ਹੈ ਕਿ ਨਿੰਦਕ ਗੱਲਾਂ ਕਰਨਗੇ, ਕੋਈ ਸਿਆਣਾ ਬੰਦਾ ਸੋਚੇਗਾ ਕਿ ਕੌਣ ਹੋਇਆ, ਜਾਕੇ ਦੇਖੀਏ ਤਾਂ ਸਹੀ। ਸੋ ਜਿਸਦੇ ਭਾਗ ਹੁੰਦੇ ਹਨ ਉਹ ਉਹਨਾਂ ਕੋਲ ਆ ਜਾਂਦਾ ਹੈ। ਸੋ ਪਰਮੇਸ਼ਰ ਦੀ ਐਸੀ ਹੀ ਨੇਤ ਹੈ ਕਿ ਉਪਮਾ ਤੇ ਨਿੰਦਾ ਕਰਨ ਵਾਲੇ ਨਾਲ ਹੀ ਹੁੰਦੇ ਹਨ।

ਦੂਜਾ ਇਹ ਕਹਿੰਦੇ ਹਨ ਕਿ ਨਿੰਦਕ ਪਰਮੇਸ਼ਰ ਏਸ ਕਰਕੇ ਲਾਉਂਦਾ ਹੈ ਕਿ ਸੰਤ ਜਾਣ ਬੁਝ ਕੇ ਤਾਂ ਕੋਈ ਪਾਪ ਨਹੀਂ ਕਰਦੇ। ਲੇਕਿਨ ਸਹਿਜ ਸੁਭਾਅ ਕੋਈ ਗੱਲ ਹੋ ਜਾਵੇ ਤਾਂ ਉਹਦੇ ਮਿਲਾਪ ਵਿਚ ਉਹ ਬਾਧਾ ਬਣ ਜਾਇਆ ਕਰਦੀ ਹੈ ਕਿਉਂਕਿ ਪਰਮੇਸ਼ਰ ਇਹ ਚਾਹੁੰਦਾ ਹੈ ਕਿ ਮੈਂ ਛੇਤੀ ਤੋਂ ਛੇਤੀ ਇਹਦੇ ਨਾਲ ਅਭੇਦ ਅਵਸਥਾ ਵਿਚ ਹੋ ਜਾਵਾਂ। ਉਹ ਜਿਹੜਾ ਕੋਈ ਪਾਪ ਹੋਵੇ, ਉਹ ਹੋਣ ਨਹੀਂ ਦਿੰਦਾ। ਉਹ ਫਿਰ ਨਿੰਦਕਾਂ ਨੂੰ ਹੁਕਮ ਕਰਦਾ ਹੈ ਕਿ ਤੁਸੀਂ ਨਿੰਦਿਆ ਕਰੋ ਤੇ ਪਾਪਾਂ ਦੀ ਮੈਲ ਮੂੰਹ ਨਾਲ ਸਾਫ ਕਰੋ। ਬਾਕੀ ਜੋ ਸਰੀਰ ਦਾ ਮਲ ਮੂਤਰ ਹੈ ਉਹ ਤਾਂ ਝਾੜੂ ਨਾਲ ਸਾਫ ਹੋ ਜਾਂਦਾ ਹੈ, ਫਲਸ਼ਾਂ ਵਿਚ ਸਾਫ ਹੋ ਜਾਂਦਾ ਹੈ। ਪਰ ਜਿਹੜਾ ਨਿੰਦਕ


Sri Satguru Jagjit Singh Ji eLibrary NamdhariElibrary@gmail.com

ਹੈ ਉਹ ਦੂਸਰੇ ਦੇ ਔਗੁਣ ਚਿਤਵ ਕੇ ਮੂੰਹ ਨਾਲ ਸਾਫ ਕਰਦਾ ਹੈ। ਇਸੇ ਕਰਕੇ ਮਹਾਰਾਜ ਕਹਿੰਦੇ ਹਨ –

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***

***ਪੰਨਾ – 755***

ਮਨਮੁਖ ਦੇ ਨਾਲ ਮਹਾਰਾਜ ਨੇ ਦੋ ਡਿਗਰੀਆਂ ਦੇ ਦਿੱਤੀਆਂ ਹਨ। ਇਕ ਮੁਗਧ, ਮੁਗਧ ਉਸਨੂੰ ਕਹਿੰਦੇ ਹਨ, ਜਿਹੜਾ ਬਹੁਤ ਹੀ ਮੂਰਖ ਹੋਵੇ। ਸੋ ਮੂਰਖ ਹੋਵੇ ਨਾਲੇ ਮੁਗਧ ਹੋਵੇ, ਏਸ ਤੋਂ ਵੀ ਜ਼ਿਆਦਾ ਅੰਧ ਘੋਰ ਹੁੰਦੇ ਹਨ। ਇਹ ਆਮ ਤੌਰ ਤੇ ਜੋ ਧਰਮੀ ਲੋਕ ਹੁੰਦੇ ਹਨ। ਭੇਖ ਧਰਮ ਦਾ ਹੁੰਦਾ ਹੈ, ਪਰ ਸੋਝੀ ਤੋਂ ਹੀਣੇ ਹੁੰਦੇ ਹਨ। ਉਹ ਨਿੰਦਿਆਂ ਕਰਿਆ ਕਰਦੇ ਹਨ। ਕੋਈ ਪੂਰਾ ਮੂਲਾ ਹੋਵੇਗਾ, ਕੋਈ ਪੂਰਾ ਪੰਡਤ ਹੋਏਗਾ, ਕੋਈ ਸਿਖ ਹੈ, ਉਹ ਵੀ ਪੂਰਾ ਨਜ਼ਰ ਆਉਂਦਾ ਹੈ, ਉਹਨਾਂ ਦੇ ਅੰਦਰ ਈਰਖਾ ਆ ਜਾਂਦੀ ਹੈ, ਜਿਸ ਨੂੰ ਕਿ ਰੂਹਾਨੀ ਜੀਵਨ ਦੀ ਸਿਉਂਕ ਕਹਿੰਦੇ ਹਨ। ਦੁਨਿਆਵੀ ਜੀਵਨ ਦੀ ਵੀ ਸਿਉਂਕ ਹੈ ਰੂਹਾਨੀ ਜੀਵਨ ਦੀ ਵੀ ਸਿਉਂਕ ਹੈ। ਜਿਹੜੇ ਪੌਦੇ ਨੂੰ ਸਿਉਂਕ ਲਗ ਜਾਵੇ, ਉਸਦੇ ਪਤਿਆਂ ਤੇ ਹਮਲਾ ਹੋ ਜਾਂਦਾ ਹੈ, ਉਤੇ ਨਿੰਦਿਆ, ਚੁਗਲੀ, ਬਖੀਲੀ, ਸੁਆਹ–ਖੇਹ ਆ ਜਾਵੇ। ਸੋ ਜਿਹੜੇ ਪਤਿਆ ਤੇ ਵੀ ਕੀਟਾਣੂ ਹਮਲਾ ਕਰ ਦੇਣ, ਜਿਹੜੇ ਬੂਟੇ ਦੀ ਜੜ੍ਹ ਨੂੰ ਸਿਉਂਕ ਲਗ ਜਾਵੇ ਕੀ ਉਹ ਬੂਟਾ ਵਧੇਗਾ? ਉਹ ਵਧ ਹੀ ਨਹੀਂ ਸਕਦਾ। ਉਹ ਖਾਧਾ ਜਾਏਗਾ। ਜਿੰਨਾ ਜੀਅ ਕਰਦੈ, ਖਾਦ ਪਾ ਲਓ। ਜਿੰਨਾਂ ਜੀਅ ਕਰਦਾ ਪਾਣੀ ਦੇ ਦਿਉ। ਸੋ ਇਹ ਰੂਹਾਨੀ ਤੇ ਸੰਸਾਰੀ ਬੰਦੇ ਦੀ ਸਿਉਂਕ ਹੁੰਦੀ ਹੈ ਜਿਸ ਨੂੰ ਈਰਖਾ ਕਹਿੰਦੇ ਹਨ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ॥***

***ਪੰਨਾ – 308***

ਚਾਹੇ ਉਹ ਕਿੰਨੇ ਵੀ ਪਾਠ ਕਰ ਲਵੇ ਉਸਦਾ ਕਦੀ ਵੀ ਭਲਾ ਨਹੀਂ ਹੁੰਦਾ। ਜੋ ਕਰਦਾ ਕਰੀ ਜਾਵੇ, ਕਿਉਂਕਿ ਅਜੇ ਸੁਚੇਤ ਨਹੀਂ ਹੋਇਆ। ਅਜੇ ਗਲ ਨੂੰ ਬੁਝਿਆ ਨਹੀਂ ਕਿ ਏਥੇ ਤਾਂ ਇਕੋ ਹੀ ਆਤਮਾ ਦਾ ਪਸਾਰਾ ਹੈ ਦੂਜਾ ਹੈ ਹੀ ਕੋਈ ਨਹੀਂ। ਜਦੋਂ ਇਕੋ ਹੀ ਵਾਹਿਗੁਰੂ ਹੈ ਤਾਂ ਨਿੰਦਾ ਕਿਸਦੀ ਕਰੇ, ਕੋਈ ਉਪਮਾ ਕਿਸ ਦੀ ਕਰੇ? ਉਪਮਾ ਉਸਨੂੰ ਕਹਿੰਦੇ ਹਨ ਕਿ ਕੋਈ ਹੋਵੇ ਨਾ। ਪਰ ਰਾਈ ਨੂੰ ਪਹਾੜ ਬਣਾ ਦੇਣਾ। ਉਪਮਾ ਮਾੜੀ ਹੋਇਆ ਕਰਦੀ ਹੈ। ਜਿਸਦੀ ਕੋਈ ਨਿੰਦਿਆ ਕਰਦਾ ਹੈ ਉਸਨੂੰ ਤਾਂ ਕੋਈ ਮਾੜਾ ਨਹੀਂ ਹੁੰਦਾ। ਬੁਰਾ ਤਾਂ ਨਿੰਦਾ ਕਰਨ ਵਾਲੇ ਦਾ ਹੁੰਦਾ ਹੈ। ਉਪਮਾ ਜਿਹੜੀ ਹੈ ਉਹ ਕਰਨ ਵਾਲੇ ਨੂੰ ਮਾੜੀ ਨਹੀਂ ਹੁੰਦੀ ਜਿਸਦੀ ਹੁੰਦੀ ਹੈ ਉਹਦੇ ਵਾਸਤੇ ਮਾੜੀ ਹੁੰਦੀ ਹੈ। ਸੋ ਦੋਨਾਂ ਨੂੰ ਸੰਤ ਪਸੰਦ ਨਹੀਂ ਕਰਿਆ ਕਰਦੇ। ਨਾ ਉਪਮਾ ਨਾਂ ਨਿੰਦਿਆ। ਕਿਉਂਕਿ ਉਪਮਾ ਵਾਲੇ ਉਹਨਾਂ ਦੇ ਪੁੰਨਾ ਦਾ ਫਲ ਲੈ ਜਾਂਦੇ ਹਨ। ਜਿਹੜੇ ਨਿੰਦਿਆ ਕਰਦੇ ਹਨ ਉਹ ਪਾਪਾਂ ਦਾ ਫਲ ਲੈ ਜਾਂਦੇ ਹਨ।

(ਪੰਨਾ 20 ਦੀ ਬਾਕੀ)

ਸਿਫਤ ਹੋਇਆ ਕਰਦੀ ਹੈ –

***ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ॥***

***ਪੰਨਾ – 40***

ਜਿਹੜੇ ਸਮਰੱਥ ਗੁਰੂ ਕੋਲ ਜਾਂਦੇ ਨੇ ਉਹ ਭਾਗਾਂ ਵਾਲੇ ਹਨ। ਹੁਣ ਇਥੇ ਮੈਂ ਇਕ ਥੋੜ੍ਹੀ ਕਿੰਤੂ ਕਰਨੀ ਚਾਹੁੰਦਾ ਹਾਂ। ਵਿਚਾਰ ਹੁੰਦੀ ਹੈ ਇਨ੍ਹਾਂ ਗੱਲਾਂ ਦੀ ਕਿਉਂਕਿ ਸਾਡੇ ਅੰਦਰ ਗਲਤ ਨਿਸ਼ਚੇ ਬੈਠੇ ਹੋਏ ਨੇ। ਸੰਤਾਂ ਨੇ ਵੀ ਪਾ ਦਿੱਤੇ, ਕੀਰਤਨੀਆਂ ਨੇ ਵੀ ਪਾ ਦਿੱਤੇ, ਪ੍ਰਚਾਰਕਾਂ ਨੇ ਪਾ ਦਿੱਤੇ। ਉਹ ਇਹ ਕਹਿੰਦੇ ਹਨ ਕਿ ਤੁਸੀਂ ਅੰਮ੍ਰਿਤ ਛਕ ਲਓ ਫੇਰ ਤੁਹਾਡਾ ਲੈਣਾ ਦੇਣਾ ਸਭ ਖਤਮ। ਗੁਰੂ ਗ੍ਰੰਥ ਸਾਹਿਬ ਤਾਂ ਨਹੀਂ ਇਸ ਤਰ੍ਹਾਂ ਕਹਿੰਦੇ। ਗੁਰੂ ਗ੍ਰੰਥ ਸਾਹਿਬ ਤਾਂ ਕਹਿੰਦੇ ਨੇ ਕਿ ਤੇਰੇ ਅੰਦਰ ਹਨ੍ਹੇਰਾ ਹੈ ਪਿਆਰਿਆ! ਤੂੰ ਕਿਸੇ ਧਰਮ ਵਿਚ ਦਾਖਲ ਹੋਇਆ? ਈਸਾਈਆਂ ਦੇ ਬਿਲਕੁਲ ਸਾਡੇ ਵਾਂਗ ਹੀ ਅੰਮ੍ਰਿਤ ਛਕਾਉਂਦੇ ਨੇ। ਹਿੰਦੂਆਂ ਦੇ ਵੀ ਯਗਿਓਪਵੀਤ ਗਾਇਤ੍ਰੀ ਦਾ ਮੰਤਰ ਦੇਣ ਤੋਂ ਪਹਿਲਾਂ ਐਸਾ ਕਰਦੇ ਨੇ। ਇਸਲਾਮ ਵਿਚ ਤੁਹਾਨੂੰ ਪਤਾ ਹੀ ਹੈ ਕਿ ਕਿਹੋ ਜਿਹੀ ਸ਼ਰ੍ਹਾ ਹੈ ਜਿਸ ਵਿਚ ਦਾਖਲ ਕਰਦੇ ਨੇ, ਸੁੰਨਤ ਵਗੈਰਾ ਕਰਦੇ ਹਨ, ਹੋਰ ਕਰਦੇ ਹਨ। ਜੈਨੀਆਂ ਦੇ ਸਾਰੇ ਕੇਸ ਪੁੱਟ ਦਿੰਦੇ ਨੇ 'ਅਬ ਦੁਖ, ਫਿਰ ਸੁਖ –2', ਸਭ ਹੱਥਾਂ ਨਾਲ ਪੁੱਟਦੇ ਨੇ, ਪਿਆ ਚੀਕਾਂ ਮਾਰੀ ਜਾਵੇ। ਹਰ ਧਰਮ ਵਿਚ ਪ੍ਰਵੇਸ਼ ਦਾ ਕੋਈ ਨਾ ਕੋਈ ਜ਼ਰੀਆ ਹੁੰਦਾ ਹੈ। ਹੁਣ ਇਹ ਹੈ ਕਿ ਇਸ ਦੇ ਵਿਚ ਕੀ ਵਡੋਤੀ ਹੈ ਕੀ ਛੋਟੀ ਹੈ? ਇਹ ਗੱਲ ਕਰਾਂਗਾ ਤੁਹਾਡੇ ਨਾਲ ਪਰ ਠਹਿਰ ਕੇ ਕਰਾਂਗਾ ਕਿਉਂਕਿ ਹੁਣ ਜੇ ਮੈਂ ਇਧਰ ਪੈ ਗਿਆ ਤਾਂ ਗੱਲ ਪਾਸੇ ਚਲੀ ਜਾਏਗੀ। ਉਹ ਇਹ ਹੈ ਕਿ ਅੰਮ੍ਰਿਤ ਤਾਂ ਅਸੀਂ ਛਕ ਲਿਆ, 5 ਪਿਆਰਿਆਂ ਨੇ ਮੰਤਰ ਦੇ ਦਿੱਤਾ, ਜਿਸ ਨੂੰ ਗੁਰ ਮੰਤਰ ਕਹਿੰਦੇ ਨੇ ਕਿਉਂਕਿ ਗੁਰੂ ਮਹਾਰਾਜ ਨੇ 5 ਪਿਆਰਿਆਂ ਦੇ ਰਾਹੀਂ ਗੁਰ ਮੰਤਰ ਦਾ ਵਿਧਾਨ ਕਰ ਦਿੱਤਾ। ਪਰ 5 ਪਿਆਰੇ ਕਿਹੜੇ ਨੇ, ਹੁਣ ਇਹ ਵੀ ਤੁਸੀਂ ਦੇਖ ਲਓ। ਇਕ ਤਾਂ ਹੈ ਮਾਇਆ ਦੇ ਪਿਆਰੇ, ਪੁੱਤਰਾਂ ਦੇ ਪਿਆਰੇ, ਪੈਸੇ ਦੇ ਪਿਆਰੇ, ਪ੍ਰਭਤਾ ਦੇ ਪਿਆਰੇ; ਭੇਖ ਉਨ੍ਹਾਂ ਦੇ ਉਤੇ ਚਾਹੇ ਕੋਈ ਹੈ, ਉਹ ਗੁਰੂ ਦੇ ਪਿਆਰੇ ਨਹੀਂ ਹਨ। ਗੁਰੂ ਦਾ ਪਿਆਰਾ ਉਹ ਹੈ ਜਿਹੜਾ ਗੁਰੂ ਦੇ ਨਾਲ ਹਰ ਵਕਤ ਰੱਤਿਆ ਰਹਿੰਦਾ ਹੈ। ਪਿਆਰ ਵਾਲਾ ਤਾਂ ਪਿਆਰ ਵਿਚ ਹੀ ਰਹਿੰਦਾ ਹੈ। ਦੁਨੀਆਂ ਦੀਆਂ ਮਿਸਾਲਾਂ ਲੈ ਲਓ। ਉਹ ਧੁਨ ਐਨੀ ਜਬਰਦਸਤ ਉਸ ਦੇ ਅੰਦਰ ਹੁੰਦੀ ਹੈ ਕਿ ਉਸ ਨੂੰ ਆਲੇ–ਦੁਆਲੇ ਦਾ ਕੁਝ ਨਹੀਂ ਪਤਾ ਹੁੰਦਾ।

***'ਚਲਦਾ'***



Sri Satguru Jagjit Singh Ji eLibrary NamdhariElibrary@gmail.com

# ਜੇਲ੍ਹ ਚਿੱਠੀਆਂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-64)*

## ਦਰੋਗਾ ਵਧਾਵਾ ਰਾਮ ਦੇ ਜ਼ੁਲਮ ਤੇ ਸਖ਼ਤੀਆਂ

ਇਹ ਅਨੰਦ ਮੰਗਲੀ ਬਹਾਰ ਮਹੀਨਾ ਦੋ ਮਹੀਨੇ ਤਾਂ ਖ਼ੂਬ ਗਹਿ ਗੱਡਵੀਂ ਬੱਝੀ ਰਹੀ, ਪਰ ਕਰਮਗਤੀ ਦੇ ਅਪੁਠੇ ਗੇੜ ਅਰੰਭ ਹੋ ਗਏ। ਹੁਣ ਤਾਈਂ ਤਾਂ ਹਜ਼ਾਰੀ ਬਾਗ ਜੇਲ੍ਹ ਅੰਦਰ ਇਕ ਦੇਵਤਾ ਖਸਲਤ ਹਿੰਦੁਸਤਾਨੀ ਦਰੋਗੇ ਦਾ ਅਮਲਾ ਫੈਲਾ ਰਿਹਾ। ਸੁਪ੍ਰੰਟੰਡੰਟ ਇਕ ਗੋਰਾ ਫੌਜੀ ਮਿਸਟਰ ਹਸਬੈਂਡ ਨਾਮੇ ਹੈਸੀ, ਪਰ ਬੜਾ ਤੱਤੇ ਸੁਭਾਓ ਵਾਲਾ ਚਿੜੀਅਲ, ਪ੍ਰੰਤੂ ਇਸ ਦੇਵਤੇ ਦਰੋਗੇ ਦੇ ਹੁੰਦਿਆਂ ਉਸ ਦੀ ਦਾਲ ਕੁਛ ਨਾ ਗਲੀ। ਸਾਨੂੰ ਇਹ ਕੁਸਕ ਨਾ ਸਕੇ। ਉਪਰ ਆਈ.ਜੀ. ਬਾਵਾ ਜੀਵਨ ਸਿੰਘ ਦਾ ਡਰ ਮਾਰੇ। ਆਈ. ਜੀ. ਤੇ ਦਰੋਗੇ ਦੇਵਤੇ ਦਾ ਗਵਰਨਮਿੰਟ ਵਿਚ ਬੜਾ ਤਾਨ ਅਤੇ ਰਸੂਖ ਸੀ। ਇਨ੍ਹਾਂ ਦੋਹਾਂ ਨੇ ਰਲ ਮਿਲਕੇ ਜੇਲ੍ਹ ਡੀਪਾਰਟਮੈਂਟ ਦੇ ਅਖਰਾਜਾਤ ਵਿਚ ਲੱਖਾਂ ਰੁਪਏ ਦੀ ਬਚਤ ਕਰਕੇ ਸਰਕਾਰ ਨੂੰ ਦਿਖਾਈ ਸੀ। ਜਿਸ ਕਰਕੇ ਬਿਹਾਰ ਗਵਰਨਮਿੰਟ ਇਨ੍ਹਾਂ ਦੋਹਾਂ ਨੂੰ ਬੜੇ ਲਾਇਕ ਤਜਰਬੇਕਾਰ ਅਤੇ ਵਫਾਦਾਰ ਅਫਸਰ ਕਰਕੇ ਮੰਨਦੀ ਸੀ। ਦਰੋਗੇ ਨੂੰ ਤਾਂ ਆਪਣੀ ਕਾਰਗੁਜ਼ਾਰੀ ਦੇ ਸਿਲੇ ਵਿਚ ਰਾਇ ਬਹਾਦੁਰੀ ਦਾ ਖਿਤਾਬ ਵੀ ਮਿਲਿਆ ਹੋਇਆ ਸੀ। ਅਸਾਡੇ ਨਾਲ ਇਸ ਦਾ ਅਤਿਅੰਤ ਹੀ ਸੋਹਣਾ ਸਲੀਕੇ ਵਾਲਾ ਸਲੂਕ ਸੀ। ਅਸੀਂ ਭੀ ਇਸ ਨੂੰ ਬੜੀ ਕਦਰ ਤੇ ਸਨਮਾਨ ਦੀ ਨਿਗ੍ਹਾ ਨਾਲ ਦੇਖਦੇ ਹੁੰਦੇ ਸਾਂ। ਐਥੋਂ ਤਕ ਕਿ ਜਦੋਂ ਇਸ ਨੇ ਆਉਣਾ ਤਾਂ ਅਸੀਂ ਆਪੇ ਹੀ ਇਸ ਦੀ ਇਜ਼ਤ ਲਈ ਉਠ ਖੜ੍ਹਨਾ, ਬਸ਼ਰਤੇ ਕਿ ਬਾਣੀ ਦਾ ਪਾਠ ਨਾ ਕਰਦੇ ਹੋਈਏ। ਨਫਰਤ ਭਰੇ ਗੋਰੇ ਸੁਪ੍ਰੰਟੰਡੰਟ ਮਿਸਟਰ ਹਸਬੈਂਡ ਨੇ ਜਦੋਂ ਆਉਣਾ ਤਾਂ ਆਕੜ ਖਾਂ ਹੋ ਕੇ ਆਉਣਾ। ਅਸੀਂ ਭਾਵੇਂ ਬਾਣੀ ਦਾ ਪਾਠ ਕਰਦੇ ਹੋਈਏ ਤਾਂ ਭੀ ਸਾਨੂੰ ਆਪ ਕਹਿ ਕਹਿ ਅਤੇ ਧਕੂੰਨ ਧਕੂੰਨ ਕੇ ਆਪਣਾ ਅਦਬ ਕਰਾਉਣ ਲਈ ਅਤੇ ਉਠ ਖੜ੍ਹੇ ਹੋਣ ਲਈ ਧਮਕਾਉਣਾ। ਪਰ ਅਸੀਂ ਕੱਖ ਪਰਵਾਹ ਨਾ ਕਰਨੀ।

ਪਹਿਲਾਂ ਤਾਂ ਸਾਧਾਰਨ ਤੌਰ ਤੇ ਜਦੋਂ ਇਸ ਨੇ ਆਉਣਾ ਤਾਂ ਅਸੀਂ ਉਠ ਭੀ ਖੜੋਣਾ ਪ੍ਰੰਤੂ ਜਦੋਂ ਇਹ ਇਸ ਬਿੱਧ ਡਾਂਟਣ ਲਗ ਗਿਆ ਅਤੇ ਬਾਣੀ ਪੜ੍ਹਦਿਆਂ ਨੂੰ ਭੀ ਕਣਤਾਉਣ ਲਗ ਗਿਆ ਤਾਂ ਅਸੀਂ ਇਸ ਦੇ ਆਉਣ ਤੇ ਉਕਾ ਹੀ ਉਠਣਾ ਛੱਡ ਦਿਤਾ। ਆਵੇ, ਆ ਕੇ ਫੇਰਾ ਪਾ ਜਾਵੇ। ਕਈ ਵਾਰ ਐਸਾ ਮੌਕਾ ਹੋਇਆ ਕਿ ਇਸ ਦੇ ਦੌਰੇ ਸਮੇਂ ਯਾ ਥੋੜ੍ਹਾ ਅੱਗੋਂ ਪਿਛੋਂ ਦੇਵਤਾ ਦਰੋਗਾ ਆਇਆ ਤਾਂ ਅਸੀਂ ਦਰੋਗੇ ਦੇ ਸਨਮਾਨ ਲਈ ਉਠ ਕੇ ਖੜ੍ਹੇ ਹੋ ਗਏ। ਪ੍ਰੰਤੂ ਇਹਦੇ ਆਏ ਅਤੇ ਅਗਾਹਾਂ ਵਧੇ ਤੋਂ ਉਠ ਕੇ ਭੀ ਬੈਠ ਜਾਂਦੇ ਰਹੇ। ਫੇਰ ਤਾਂ ਮਿਸਟਰ ਹਸਬੈਂਡ ਬਹੁਤ ਖਿਝਿਆ ਤੇ ਰੰਜ ਹੋਇਆ, ਪਰ ਪੇਸ਼ ਉਸ ਦੀ ਕੁਛ ਨਾ ਜਾਵੇ। ਇਸ ਹਤਕ ਦੇ ਇਸ ਨੇ ਕਈ ਸ਼ਿਕਵੇ ਸ਼ਿਕਾਇਤਾਂ ਆਈ.ਜੀ. ਪਾਸ ਜ਼ੁਬਾਨੀ ਅਤੇ ਤਹਿਰੀਰੀ ਕੀਤੀਆਂ। ਆਈ. ਜੀ. ਨੇ ਜਦੋਂ ਕੁਛ ਨਾ ਗੌਲਿਆ ਤਾਂ ਇਸ ਨੇ ਡੀ. ਸੀ. ਦੇ ਰਾਹੀਂ ਇਸ ਬਦਸਲੂਕੀ ਦੀਆਂ ਸ਼ਿਕਾਇਤਾਂ ਗਵਰਨਰ ਨੂੰ ਕਰਨੀਆਂ ਸ਼ੁਰੂ ਕਰ ਦਿਤੀਆਂ। ਦੇਵਤਾ ਦਰੋਗਾ ਭੀ ਤਾੜ ਗਿਆ, ਉਹ ਬੜਾ ਅਕਲਮੰਦ ਸੀ। ਉਸ ਨੇ ਝੱਟ ਆਈ.ਜੀ. ਪਾਸ ਆਪਣੀ ਬਦਲੀ ਦੀ ਦਰਖਾਸਤ ਦੇ ਦਿਤੀ ਤਾਕਿ ਐਸਾ ਨਾ ਹੋਵੇ ਕਿ ਕੋਈ ਹਰਫ ਆ ਜਾਵੇ। ਦਰੋਗੇ ਦੇ ਦੂਜੀ ਤੀਜੀ ਵਾਰ ਜ਼ੋਰ ਦੇਣ ਪਰ ਓੜਕ ਆਈ.ਜੀ. ਨੇ ਉਸ ਦੀ ਬਦਲੀ ਕਰ ਦਿਤੀ ਅਤੇ ਪਿਛਲੇ ਲੈਣ ਦੇਣ ਦੇ ਪੂਰਬ ਕਰੰਮੀ ਸਉਦੇ ਅਨੁਸਾਰ ਅਸਾਡੇ ਅਨੰਦ ਰੰਗਾਂ ਵਿਚ ਭੰਗ ਪਾਉਣ ਨੂੰ ਉਸ ਦੇ ਥਾਉਂ ਇਕ ਪੰਜਾਬੀ ਦਰੋਗਾ ਵਧਾਵਾ ਰਾਮ ਜ਼ਾਤ ਦਾ ਬ੍ਰਾਹਮਣ ਆ ਲੱਗਾ। ਇਸ ਨੇ ਆਉਂਦੇ ਹੀ ਅੱਤ ਚੁੱਕ ਲਈ। ਆਈ.ਜੀ. ਨੇ ਭੇਜਿਆ ਤਾਂ ਆਪਣਾ ਆਦਮੀ ਕਰਕੇ ਸੀ ਕਿ ਪੰਜਾਬੀ ਹੋਣ ਕਰਕੇ ਅਸਾਨੂੰ ਭੀ ਆਰਾਮ ਦੇਵੇਗਾ ਅਤੇ ਉਹ ਆਪ ਭੀ ਇਸ ਦੇ ਸਿਰ ਤੇ ਨਿਸਚਿੰਤ ਰਹੇਗਾ। ਏਸ ਵਧਾਵਾ ਰਾਮ ਦਾ ਰੁਜ਼ਗਾਰ ਏਥੇ ਬਿਹਾਰ ਦੇ ਜੇਲ੍ਹ ਮਹਿਕਮੇ ਵਿਚ ਆਈ.ਜੀ. ਬਾਵਾ ਜੀਵਨ ਸਿੰਘ ਨੇ ਹੀ ਲੁਆਇਆ ਸੀ ਅਤੇ ਸਾਡੀ ਖਾਤਰ ਸੀਨੀਅਰ ਜੇਲ੍ਹਰ ਬਣਾ ਕੇ ਹਜ਼ਾਰੀ ਬਾਗ ਭੇਜ ਦਿਤਾ। ਪਰ ਏਸ ਨੇ ਏਥੇ ਆਉਂਦੇ ਹੀ ਮਿਸਟਰ ਹਸਬੈਂਡ ਨਾਲ ਮਿਲ ਕੇ ਆਪਣੇ ਸ਼ੁਭ ਚਿੰਤਕ ਆਈ.ਜੀ. ਲਈ ਔਕੜਾਂ ਪੈਦਾ ਕਰਨੀਆਂ ਤੇ ਝਮੇਲੇ ਖੜ੍ਹੇ ਕਰਨੇ ਸ਼ੁਰੂ ਕਰ ਦਿਤੇ। ਆਈ.ਜੀ. ਦੀ ਮਨਸ਼ਾ ਦੇ ਉਲਟ ਸੁਖ ਦੇ ਥਾਉਂ ਸਗੋਂ ਸਾਨੂੰ ਦੁਖ ਦੇਣਾ ਸ਼ੁਰੂ ਕਰ ਦਿਤਾ। ਨਾਲੇ ਇਸ ਨੂੰ ਇਕ ਹੋਰ ਭੀ ਚਿਪ ਚੜ੍ਹ ਗਈ।

1915 ਵਿਚ ਚੱਬੇ ਪਿੰਡ ਵਿਚ ਪੁਲੀਟੀਕਲ ਡਾਕਾ ਪਿਆ ਸੀ, ਉਸ ਵਿਚ ਇਸ ਦਾ ਇਕ ਰਿਸ਼ਤੇਦਾਰ ਬੇਲੀਰਾਮ ਅਚਾਨਕ ਭੇੜ ਵਿਚ ਸੁਧ ਗਿਆ ਸੀ ਅਤੇ ਸੁਧਿਆ ਸੀ ਦੇਸ਼ ਭਗਤ ਅਮਰੀਕਨ ਸਾਥੀ ਸਜਨ ਸਿੰਘ ਉਰਫ ਅਰਜਨ ਸਿੰਘ ਪਿੰਡ ਖਖਰਾਣਾ (ਫੀਰੋਜ਼ਪੁਰ) ਦੇ ਹੱਥੋਂ, ਜਿਸਨੂੰ ਪਹਿਲੇ ਲਾਹੌਰ ਕੇਸ ਵਿਚ ਅਨਾਰਕਲੀ ਕਤਲ ਵਾਲੇ ਮੁਕੱਦਮੇ ਵਿਚ ਫਾਂਸੀ ਦੀ ਸਜ਼ਾ ਭੀ ਹੋ ਚੁੱਕੀ ਸੀ। ਪਰੰਤੂ ਏਸ ਦਰੋਗੇ ਨੇ ਏਹੋ ਸਮਝਿਆ ਕਿ ਸਾਡੀ ਇਹ ਉਹੋ ਹੀ ਪਾਰਟੀ ਹੈ ਜਿਸ ਨੇ ਚੱਬੇ ਪਿੰਡ ਵਿਚ ਡਾਕਾ ਮਾਰਿਆ ਸੀ ਅਤੇ ਦੇਵਨੇਤ ਨਾਲ ਅਸਾਡੇ ਵਿਚ ਸੱਜਨ ਸਿੰਘ ਨਾਉਂ ਵਾਲਾ ਇਕ ਸਾਥੀ ਭੀ ਸੀ। ਪਰੰਤੂ ਏਸ ਨੂੰ ਇਤਨਾ ਪਤਾ ਨਾ ਲੱਗਿਆ ਕਿ ਉਹ ਸੱਜਣ ਸਿੰਘ ਤਾਂ ਫਾਂਸੀ ਭੀ ਲਗ ਚੁੱਕਾ ਹੈ। ਪਰ ਇਸ ਨੂੰ ਇਹ ਭਰਮ ਚਿੰਮੜ ਗਿਆ ਕਿ ਇਹ ਜੋ ਭੁਝੰਗੀ ਸੱਜਣ ਸਿੰਘ ਸਾਡੇ ਨਾਲ ਸੀ, ਏਹੋ ਚੱਬੇ ਵਾਲਾ ਸੱਜਣ ਸਿੰਘ ਹੈ। ਅਸੀਂ ਬਥੇਰੇ ਵਾਹੁਣੇ ਵਾਹੇ ਕਿ



Sri Satguru Jagjit Singh Ji eLibrary NamdhariElibrary@gmail.com

ਕਿਵੇਂ ਇਸ ਦੇ ਚਿੱਤ ਵਿਚੋਂ ਭਰਮ ਦੂਰ ਹੋਵੇ, ਪਰੰਤੂ ਜਿਉਂ-ਜਿਉਂ ਅਉਖਧੀ ਕੀਤੀ, ਸਗੋਂ ਇਸ ਦੀ ਮਰਜ਼ (ਬੀਮਾਰੀ) ਵਧਦੀ ਹੀ ਗਈ ਅਤੇ ਖਾਹ-ਮ-ਖਾਹ ਸਾਰੀ ਪਾਰਟੀ ਨਾਲ ਵੈਰ ਵਿਰੋਧ ਵਿਹਾਝਣ ਲਗ ਗਿਆ। ਮਿ. ਹਸਬੈਂਡ ਤਾਂ ਅੱਗੇ ਹੀ ਮਾਨ ਨਹੀਂ ਸੀ। ਆਉਂਦੇ ਨੇ ਹੀ ਕੋਠੀਆਂ ਵਿਚ ਚੱਕੀਆਂ ਗਡਵਾ ਦਿਤੀਆਂ ਅਤੇ ਮੁਸ਼ੱਕਤਾਂ ਦੇਣ ਲਈ ਮੈਡੀਕਲ ਅਫਸਰ ਤੋਂ ਮੁਲਾਹਜ਼ੇ ਕਰਵਾ ਕੇ ਸੁਪ੍ਰੰਟੰਡੰਟ ਪਾਸੋਂ ਸਖਤ ਮੁਸ਼ੱਕਤਾਂ ਦੇਣ ਦੇ ਹੁਕਮ ਦਿਵਾਏ। ਪੰਜਾਬ ਜੇਲ੍ਹਾਂ ਵਾਲੇ ਟਿਕਟ ਫੋਲੇ ਫਲਾਏ ਅਤੇ ਉਹੀ ਖੁਰਾਕਾਂ ਅਤੇ ਉਹੀ ਸਜ਼ਾਵਾਂ ਤਸੀਹੇ ਦੇਣ ਤੇ ਲੱਕ ਬੰਨ੍ਹ ਲਿਆ। ਰਲ ਮਿਲ ਕੇ ਅਤੇ ਜੇਲ੍ਹ ਮਹਿਕਮੇ ਦਾ ਲਾਣਾ ਬੰਨ੍ਹ ਕੇ ਸੁਪ੍ਰੰਟੰਡੰਟ ਨੂੰ ਅਸਾਡੇ ਤੇ ਚੜ੍ਹਾ ਕੇ ਲਿਆਉਣਾ ਅਤੇ ਸਲਾਮੀ ਕਰਾਉਣ ਦਾ ਹੋਕਰਾ ਦਿਵਾਉਣਾ। ਪਰ ਅਸੀਂ ਕੂਲੇ ਥੋੜ੍ਹੇ ਸੀ ਜੋ ਏਸ ਦੇ ਇਸ ਦਾਬੇ ਤੋਂ ਦਬ ਕੇ ਡਰ ਜਾਂਦੇ। ਅਸੀਂ ਸਭ ਮਸ਼ਟ ਹੋ ਰਹੇ। ਐਨ ਦਿਨ ਚੜ੍ਹਦੇ ਹੀ ਬਾਣੀ ਪੜ੍ਹਨ ਦੇ ਮੌਕੇ ਲਾਣੇ ਬਾਣੇ ਨੂੰ ਨਾਲ ਲੈ ਕੇ ਆ ਦੁਆਲੇ ਹੋਵੇ। ਅਸੀਂ ਮੌਜ ਨਾਲ ਭਜਨ ਪਾਠ ਕਰੀ ਜਾਇਆ ਕਰੀਏ। ਨਾ ਉਠੀਏ, ਨਾ ਖੜ੍ਹੇ ਹੋਈਏ। ਬੋਲਣ ਬੁਲਾਉਣ ਅਤੇ ਉਠਾਉਣ ਦੀਆਂ ਟੱਕਰਾਂ ਮਾਰਨ ਅਤੇ ਟੱਕਰਾਂ ਮਾਰ ਮਾਰ ਕੇ ਚਲੇ ਜਾਵਣ। ਓੜਕ ਏਸ ਨੇ ਇਹ ਅਨਰਥ ਕੀਤਾ ਕਿ ਅਸਾਡੇ ਗੁਟਕੇ ਖੋਹ ਲਏ ਅਤੇ ਨਾਲੇ ਮੁਸ਼ੱਕਤਾਂ ਦੇ ਢੇਰ ਲਾ ਦਿਤੇ। ਗੁਟਕੇ ਖੋਹਣੇ ਸੀ ਕਿ ਬੀਰ ਰਸ ਜਗਾਉਣੇ ਸੀ, ਬਸ -

***ਜਬੈ ਬਾਣ ਲਾਗਿਯੋ ਤਬੈ ਰੋਸ ਜਾਗਿਯੋ॥***

ਖਾਲਸਾ ਜੀ ਨੇ ਹੋਰ ਭੀ ਗੱਜ ਗੱਜ ਕੇ ਬਾਣੀਆਂ ਪੜ੍ਹਨੀਆਂ, ਗਾਵਣੀਆਂ ਅਰੰਭ ਦਿਤੀਆਂ। ਉਨ੍ਹਾਂ ਸਮਝਿਆ ਕਿ ਗੁਟਕਿਆਂ ਉਤੋਂ ਹੀ ਬਾਣੀਆਂ ਪੜ੍ਹਦੇ ਹਨ। ਗੁਟਕੇ ਖੁਸ ਜਾਣਗੇ ਤਾਂ ਆਪੇ ਪਾਠ ਬੰਦ ਹੋ ਜਾਣਗੇ ਅਤੇ ਨਾਲੇ ਮੁਸ਼ੱਕਤਾਂ ਦੇ ਆਹਰੇ ਲੱਗਣਗੇ। ਪ੍ਰੰਤੂ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਅਨੇਕ ਬਾਣੀਆਂ ਕੰਠ ਹੀ ਉਚਾਰਣ ਹੁੰਦੀਆਂ ਹਨ ਅਤੇ ਇਹ ਸੱਚਾ ਅਹਾਰ ਨਾਮ ਬਾਣੀ ਦਾ ਸਦਾ ਹੀ ਬਣਿਆ ਰਹਿੰਦਾ ਹੈ, ਜਿਸ ਤੇ ਕਦੇ ਭੀ ਵਿਹਲ ਨਹੀਂ ਮਿਲਦਾ। ਕੜੇ ਕੰਮਾਂ ਅਤੇ ਮੜ੍ਹੀਆਂ ਮੁਸ਼ੱਕਤਾਂ ਨੂੰ ਲੱਤ ਮਾਰ ਛੱਡੀ ਅਤੇ ਖਾਲਸਾ ਆਪਣੇ ਆਹਰੇ ਹੀ ਜੁਟਿਆ ਰਹੇ। ਉਨ੍ਹਾਂ ਸਾਡੇ ਵਿਚੋਂ ਸਾਰਿਆਂ ਨੂੰ ਚੱਕੀ ਪੀਸਣ ਦੀਆਂ ਮੁੱਸ਼ਕਤਾਂ ਮੈਡੀਕਲ ਆਫੀਸਰ ਪਾਸੋਂ ਪਾਸ ਕਰਵਾ ਦਿਤੀਆਂ ਅਤੇ ਮੇਰੇ ਦੁਆਲੇ ਭੀ ਮੈਡੀਕਲ ਆਫੀਸਰ ਨੂੰ ਕਰ ਦਿਤਾ ਗਿਆ। ਅਸੀਂ ਭਲਮਣਸਊ ਨਾਲ ਤਾਂ ਭਾਵੇਂ ਮਾੜੀ ਮੋਟੀ ਹਲਕੀ ਮੁਸ਼ੱਕਤ ਕਰਨੀ ਮੰਨ ਹੀ ਜਾਂਦੇ ਪ੍ਰੰਤੂ ਨਿਰੀ ਈਰਖਾ ਵਿਰੋਧ ਭਰੇ ਅਯੋਗ ਦਬਾਉ ਹੇਠ ਕਦੋਂ ਆਉਂਦੇ ਸੀ। ਨਾਲੇ ਦਰੋਗੇ ਨੇ ਆਪਣੇ ਮਿ. ਹਸਬੈਂਡ ਨਾਲ ਮਿਲ ਕੇ ਇਕ ਹੋਰ ਵਾਧਾ ਇਹ ਕੀਤਾ ਕਿ ਮੈਨੂੰ ਜੋ ਕੇਲੇ ਆਦਿਕ ਫਲ ਮਿਲਦੇ ਸਨ, ਮੇਰੇ ਉਤੇ ਇਹ ਦੂਸ਼ਣ ਲਾ ਕੇ ਬੰਦ ਕਰ ਦਿਤੇ ਕਿ ਇਸ ਦੀ ਸਿਖਿਆ ਨਾਲ ਮੇਰੇ ਸਾਥੀ ਬਾਣੀਆਂ ਪੜ੍ਹਦੇ ਹਨ ਅਤੇ ਕੰਮ ਕਰਨ ਤੋਂ ਮੁਨਕਰ ਭੀ ਏਸ ਦੀ ਸਿਖਾਵਤ ਨਾਲ ਹੋਏ ਹਨ। ਪਹਿਲੇ ਏਸ ਨੂੰ ਸਿੱਧਾ ਕਰਨਾ ਚਾਹੀਏ। ਮੇਰਾ ਫਲ ਅਹਾਰ ਬੰਦ ਕਰਕੇ ਨਾਲ ਚੱਕੀ ਦੀ ਮੁਸ਼ੱਕਤ ਦੇਣ ਲਈ ਉਦਮਾਂਦੇ ਫਿਰਨ। ਮੈਡੀਕਲ ਅਫਸਰ ਨੂੰ ਤੁਰੰਤ ਮੇਰੇ ਵਲ ਭੇਜ ਦਿਤਾ ਕਿ ਮੁਲਾਹਜ਼ਾ ਕਰਕੇ ਚੱਕੀ ਦੀ ਸਖਤ ਮੁਸ਼ੱਕਤ ਲਿਖ ਆਵੇ। ਮੈਡੀਕਲ ਅਫਸਰ ਇਕ ਬੰਗਾਲੀ ਜੈਂਟਲਮੈਨ ਸੀ। ਉਸ ਆਉਂਦੇ ਹੀ ਪਹਿਲਾਂ ਮੇਰਾ ਹਿਸਟਰੀ ਟਿਕਟ ਪੜਤਾਲਿਆ, ਜਿਸ ਉਪਰ ਫਲ ਬੰਦ ਕਰਨ ਦਾ ਸੱਜਰਾ ਹੁਕਮ ਚੜ੍ਹਿਆ ਦੇਖ ਕੇ ਹੀ ਉਸ ਨੂੰ ਨਾ-ਗਵਾਰ ਗੁਜ਼ਰਿਆ। ਫੇਰ ਉਸ ਨੇ ਅੱਵਲ ਤੋਂ ਆਖਰ ਤਾਈਂ ਹਿਸਟਰੀ ਟਿਕਟ ਦੇ ਸਾਰੇ ਆਈਟਮ ਵੇਖੇ, ਖਾਸ ਕਰ ਪਿਛਲੇ ਜੇਲ੍ਹਾਂ ਦੇ ਮੈਡੀਕਲ ਅਫਸਰਾਂ ਦੇ ਮੇਰੇ ਪ੍ਰਥਾਇ ਜੋ ਰੀਮਾਰਕ ਲਿਖੇ ਹੋਏ ਸੀ ਉਹ ਭੀ ਗਹੁ ਕਰਕੇ ਉਸ ਨੇ ਪੜ੍ਹੇ। ਵਜ਼ਨ ਤੋਲ ਭੀ ਪੜਤਾਲਿਆ, ਫੇਰ ਟੂਟੀਆਂ ਲਾ ਕੇ ਸਰੀਰਕ ਹਾਲਤ ਦਾ ਮੁਆਇਨਾ ਕੀਤਾ। ਅਖੀਰ ਇਹ ਲਿਖ ਦਿਤਾ, Only to be givern light work if necessary (ਜੇ ਲੋੜ ਪਵੇ ਤਾਂ ਸਿਰਫ ਹਲਕਾ ਕੰਮ ਹੀ ਦਿਤਾ ਜਾਵੇ) ਮੈਂ ਉਸ ਨੂੰ ਆਖਿਆ ਕਿ ਮੈਂ ਇਹ ਕੰਮ ਭੀ ਥੋੜ੍ਹਾ ਬਾਹਲਾ ਤਦੇ ਹੀ ਕਰਾਂਗਾ ਜੇ ਪਹਿਲਾਂ ਮੇਰੀ ਖਾਧ ਖੁਰਾਕ ਮਿਲਣੀ ਫੇਰ ਸ਼ੁਰੂ ਹੋ ਜਾਊ, ਨਹੀਂ ਤਾਂ ਮੈਂ ਕਿਸੇ ਕੰਮ ਨੂੰ ਹੱਥ ਨਹੀਂ ਲਾਉਣਾ। ਮੈਡੀਕਲ ਅਫਸਰ ਨੇ ਕਿਹਾ ਕਿ ਹਾਂ, ਇਹ ਉਜ਼ਰ ਤੁਹਾਡਾ ਮਾਕੂਲ ਹੈ। ਕੋਈ ਵਜ੍ਹਾ ਨਹੀਂ ਜਿਸ ਤੋਂ ਕਿ ਤੁਹਾਡੀ ਲੋੜਵੰਦੀ ਖੁਰਾਕ ਬੰਦ ਕੀਤੀ ਜਾ ਸਕੇ। ਏਤਨਾ ਕਹਿ ਸੁਣ ਕੇ ਬੰਗਾਲੀ ਜੈਂਟਲਮੈਨ ਹੋਰੀਂ ਤਾਂ ਚਲਦੇ ਲੱਗੇ ਅਤੇ ਖਾਲਸੇ ਦਾ ਮੋਰਚਾ ਲਗ ਗਿਆ। ਕੰਮ ਹੜਤਾਲ, ਨਾਲੇ ਭੁੱਖ ਹੜਤਾਲ। ਦੂਜੇ ਸਾਰੇ ਸੱਜਣਾਂ ਨੇ, ਜਿਨ੍ਹਾਂ ਨੂੰ ਚੱਕੀਆਂ ਦੀਆਂ ਮੁਸ਼ੱਕਤਾਂ ਮਿਲੀਆਂ ਸਨ, ਇਕ ਅੱਧੇ ਤੋਂ ਬਿਨਾਂ ਝੱਟ ਕੰਮ ਦੀ ਹੜਤਾਲ ਕਰ ਦਿਤੀ। ਪਰ ਛਕਣ ਛਕਾਉਣ ਦਾ ਤੋਰਾ ਤੋਰੀ ਰੱਖਿਆ। ਮੈਨੂੰ ਤਾਂ ਭੁੱਖ ਹੜਤਾਲ ਮਜਬੂਰਨ ਕਰਨੀ ਪਈ, ਮੱਥ ਕੇ ਨਹੀਂ ਕੀਤੀ, ਹਾਕਮਾਂ ਮੱਲੋ ਮੱਲੀ ਕਰਾਈ। ਫਲ ਆਦਿਕ ਦੇਣੇ ਉਨ੍ਹਾਂ ਬੰਦ ਕਰ ਦਿਤੇ। ਨਡ਼ੀਮਾਰ ਅਨਮਤੀਆਂ ਦਾ ਪਕਿਆ ਖਾਣਾ ਖਾਣਾ ਨਾ ਹੋਇਆ। ਚਾਰ ਪੰਜ-ਦਿਨ ਤਾਂ ਮੈਨੂੰ ਕਿਸੇ ਪੁਛਿਆ ਹੀ ਨਾ, ਸਗੋਂ ਸਭ ਤੋਂ ਵੱਖ ਕਰ ਦਿਤਾ। ਜਦੋਂ ਪੁਛਿਆ ਤਾਂ ਪੀਨਲ ਡਾਇਟ (ਸਜ਼ਾ ਵਾਲੀ ਖੁਰਾਕ) ਦੀ ਸਜ਼ਾ ਲਿਖ ਦਿਤੀ। ਮੈਡੀਕਲ ਅਫਸਰ ਪਾਸ ਖੜੋਤਾ ਸੀ, ਦੇਖ ਕੇ ਹੱਸ ਪਿਆ ਤੇ ਬੋਲਿਆ (He is already undergoing penal diet) 'ਇਹ ਤਾਂ ਅੱਗੇ ਹੀ ਸਜ਼ਾ ਵਾਲੀ ਖੁਰਾਕ ਦੀ ਸਜ਼ਾ ਭੁਗਤ ਰਿਹਾ ਹੈ।'

ਉਸ ਦੇ ਕਹਿਣ ਤੋਂ ਸ਼ਰਮਿੰਦੇ ਨਹੀਂ ਹੋਏ ਸਗੋਂ solitary punishment for a week (ਇਕ ਹਫਤੇ ਲਈ ਵਖਰੀ ਕੋਠੀ ਬੰਦੀ ਦੀ ਸਜ਼ਾ) ਲਿਖ ਗਏ। ਚੁਗਣ, ਛੱਡਣ, ਛਾਂਟਣ ਲਈ ਦਾਲ ਦਾ ਢੇਰ ਮੇਰੇ ਪਾਸ ਲਾ ਕੇ ਚਲੇ ਜਾਣ ਅਤੇ ਖਾਣ ਪੀਣ ਲਈ ਕੋਈ ਗੱਲ ਨਾ ਕਰੇ, ਨਾ ਮੈਂ ਹੀ ਕੁਝ ਪ੍ਰਵਾਹ ਕਰਾਂ। ਇਹ ਹਫਤਾ ਭੀ ਭੁੱਖਣ ਭਾਣਿਆਂ ਨੂੰ ਬੀਤ ਗਿਆ ਅਤੇ ਸਜ਼ਾ ਭੀ ਮੁੱਕ ਗਈ।



Sri Satguru Jagjit Singh Ji eLibrary NamdhariElibrary@gmail.com

ਚੜ੍ਹਦੇ ਹਫਤੇ ਨਵੀਂ ਸਜ਼ਾ ਖੜ੍ਹੀ ਹਥਕੜੀ ਦੀ ਦੇ ਦਿਤੀ ਅਤੇ ਧਰੋਂ ਚੱਕੀ ਦੀ ਮੁਸ਼ੱਕਤ ਤੋਂ ਮੁਨਕਰ ਹੋਏ ਨੌਂ ਦਸ ਤਕੜੇ ਹਠੀਏ ਸੱਜਣਾਂ ਨੂੰ ਭੀ ਖੜ੍ਹੀ ਹੱਥਕੜੀ ਦੀ ਸਜ਼ਾ ਦੇ ਦਿਤੀ। ਏਤਨੀ ਸੋਇ ਸੁਣ ਕੇ ਹਲਕੀ ਮੁਸ਼ੱਕਤ ਵਾਲੇ ਸਾਰੇ ਸੱਜਣ ਭੀ ਹਲਕੀ ਮੁਸ਼ੱਕਤ ਕਰਨੋਂ ਇਨਕਾਰੀ ਹੋ ਗਏ। ਉਨ੍ਹਾਂ ਨੂੰ ਭੀ ਸਾਡੇ ਨਾਲ ਸ਼ਾਮਲ ਕਰ ਲਿਆ ਗਿਆ। ਵਿਰਲੇ ਵਾਂਝੇ ਦੋ ਚਾਰ ਗਿਣਤੀ ਦੇ ਮੂੰਹ ਕੂਲਾਂ ਵਿਚੋਂ ਭੀ ਮੰਗਲ ਸਿੰਘ ਵਲਟੋਹੇ ਤੋਂ ਛੁਟ ਸਭ ਆਦਮੀ ਮੋਰਚੇ ਵਿਚ ਕੁੱਦਣ ਲਈ ਤਿਆਰ ਸਨ। ਥੋੜ੍ਹਾ ਇਸ਼ਾਰਾ ਹੀ ਭਾਲਦੇ ਸਨ। ਜੇਲ੍ਹ ਦੇ ਸੈਂਟਰਲ ਟਾਵਰ (central tower) ਦੇ ਉਦਾਲੇ ਜਿਸਨੂੰ ਕਿ ਲੋਕ ਗੁੰਮਟੀ ਕਹਿ ਕੇ ਪੁਕਾਰਦੇ ਸਨ, ਗੁਰਬਾਣੀ ਜਾਪ ਤਾਪ ਦੇ ਜਪੀਆਂ ਤਪੀਆਂ, ਹੱਥ ਬੰਦ ਖੜ੍ਹੇ ਖੜੋਤੇ ਸਹਿਜ ਜੁਗਤਿ ਜੁਗੀਸ਼ਰਾਂ ਦੀਆਂ ਸਮਾਧ ਸਥਿਤ ਤਾੜੀਆਂ ਲੱਗੀਆਂ ਹੋਈਆਂ ਅਤੇ ਸੁਖਮਨੀ ਸਾਹਿਬ, ਅਕਾਲ ਉਸਤਤਿ ਆਦਿਕ ਅੰਮ੍ਰਿਤ ਬਾਣੀਆਂ ਦੀਆਂ ਅਮਰ ਧੁਨੀਆਂ ਦੀ ਗੁੰਜਾਰ ਗੂੰਜ ਉਠੀ।

ਭੜਕੇ ਅਤੇ ਭੂਤੇ ਹੋਏ ਜੇਲ੍ਹਰ ਤੇ ਸੁਪ੍ਰੰਟੰਡੰਟ ਦੋਵੇਂ ਲਾਓ ਲਸ਼ਕਰ ਲੈ ਕੇ ਆਏ। ਚੁਪ ਕਰਾਉਣ ਲਈ ਲੱਗੇ ਡਾਂਟਣ ਫਾਂਟਣ। ਭਲਾ ਉਨ੍ਹਾਂ ਦੀ ਡਾਂਟ ਫਾਂਟ ਨੂੰ ਉਥੇ ਕੌਣ ਸੁਣਦਾ ਸੀ। ਖਿਝ ਕੇ ਹੁਕਮ ਦਿਤਾ ਕਿ ਇਨ੍ਹਾਂ ਨੂੰ ਧੁੱਪੇ ਹਥਕੜੀ ਲਾ ਕੇ ਖੜ੍ਹੇ ਕਰੋ। ਧੁੱਪੇ ਭੀ ਉਹੋ ਧੁਨੀਆਂ, ਫਿਰ ਹੁਕਮ ਚਾੜ੍ਹਿਆ ਕਿ ਇਨ੍ਹਾਂ ਸਭਨਾਂ ਨੂੰ ਟਾਟ ਵਰਦੀ (ਬੋਰੀਆਂ ਦੇ ਕਪੜੇ) ਪਹਿਨਾ ਦਿਓ ਅਤੇ ਮੇਰੇ ਵਾਸਤੇ ਹੁਕਮ ਦਿਤਾ ਕਿ ਇਸ ਨੂੰ ਇਨ੍ਹਾਂ ਵਿਚੋਂ ਕੱਢ ਕੇ ਅਲੱਗ ਲੈ ਜਾ ਕੇ ਖੜ੍ਹੇ ਕਰੋ, ਜਿਥੇ ਇਨ੍ਹਾਂ ਦੀ ਗੁੰਜਾਰ ਇਸ ਨੂੰ ਸੁਣਾਈ ਨਾ ਦੇ ਸਕੇ। ਮੈਨੂੰ ਖੜ੍ਹੀ ਹਥਕੜੀ ਲਾਉਣ ਸਮੇਂ ਚੱਕਰ ਦੇ ਬੁਰਜ ਉਦਾਲੇ ਲੈ ਗਏ ਕਿਉਂਕਿ ਇਨ੍ਹਾਂ ਨੂੰ ਇਹ ਖਿਆਲ ਸੀ ਕਿ ਇਸ ਦੇ ਇਸ਼ਾਰੇ ਅਥਵਾ ਇਸ ਦੇ ਪ੍ਰਭਾਵ ਹਲਾ-ਸ਼ੇਰੀ ਨਾਲ ਹੀ ਬਾਣੀ ਦਾ ਉਚਾਰਨ ਗੱਜ ਵੱਜ ਕੇ ਕੀਤਾ ਕਰਾਇਆ ਜਾ ਰਿਹਾ ਹੈ, ਸ਼ਾਇਦ ਇਸ ਦੇ ਅਲੱਗ ਕੀਤੇ ਜਾਣ ਨਾਲ ਚੁੱਪ ਚਾਪ ਹੋ ਜਾਏਗੀ। ਚੁੱਪ ਚਾਪ ਤਾਂ ਕੀ ਹੋਣੀ ਸੀ ਸਗੋਂ ਖਿਨ ਖਿਨ ਪਿਛੋਂ ਜੈਕਾਰੇ ਗੱਜਣ ਲਗ ਪਏ। ਬਾਕੀ ਰਹਿੰਦੇ ਚਾਰ ਪੰਜ ਮੂੰਹ ਕੂਲੀਏ ਭੀ ਬਿਗੜ ਬੈਠੇ ਅਤੇ ਸਾਰੀ ਜੇਲ੍ਹ ਵਿਚ ਹਿੱਲਜੁਲ ਮਚ ਗਈ। ਸਾਰੇ ਕੈਦੀਆਂ ਦੇ ਬਿਗੜ ਬੈਠਣ ਦਾ ਤੌਖਲਾ ਬਿਆਪ ਗਿਆ। ਸਭ ਕੰਮ ਕਾਰ ਛੱਡ ਬੈਠੇ।

ਇਹ ਹਾਲਤ ਦੇਖ ਕੇ ਪਏ ਪਿਸੂ ਜੇਲ੍ਹ ਵਾਲਿਆਂ ਨੂੰ, ਤੁਰੰਤ ਸਮਝੌਤਾ ਕਰਨ ਲਈ ਨਿਕਲੇ ਅਤੇ ਮੇਰੇ ਪਾਸ ਆ ਕੇ ਮੇਰੀਆਂ ਹਥਕੜੀਆਂ ਲੁਹਾ, ਮੇਰੀਆਂ ਟਾਟ-ਵਰਦੀਆਂ ਉਤਾਰਨ ਲੱਗੇ, ਭਾਂਤ ਭਾਂਤ ਦੀਆਂ ਨਿਉਣੀਆਂ ਛਿਉਣੀਆਂ ਕਰਨ। ਆਖਰ ਇਹ ਕਰਾਰ ਪਾਇਆ ਕਿ ਸਖਤ ਮੁਸ਼ੱਕਤ ਕਿਸੇ ਨੂੰ ਭੀ ਨਹੀਂ ਦਿਤੀ ਜਾਵੇਗੀ ਅਤੇ ਨਾ ਹੀ ਹਲਕੀ ਮੁਸ਼ੱਕਤ ਦੀ ਕੋਈ ਬਾਂਨ੍ਹ ਬੰਨ੍ਹੀ ਜਾਵੇਗੀ। ਕਿਸੇ ਨੂੰ ਮਜ਼ਬੂਰ ਨਹੀਂ ਕੀਤਾ ਜਾਵੇਗਾ। ਆਪਣੀ ਖੁਸ਼ੀ ਅਨੁਸਾਰ ਥੋੜ੍ਹੀ ਬਹੁਤ ਕਣਕ ਛੋਲੇ ਜਾਂ ਦਾਲ ਵਿਚੋਂ ਵੰਡ ਚੁਣੋ ਅਤੇ ਭੁੱਖ ਹੜਤਾਲ ਛੱਡ ਦੇਵੋ। ਬਾਣੀਆਂ ਦੇ ਪਾਠ ਜਿਵੇਂ ਚਾਹੋ ਸੋ ਕਰੋ, ਗੁਟਕੇ ਭੀ ਵਾਪਸ ਦਿਤੇ ਜਾਣਗੇ। ਮੈਂ ਕਹਾਂ ਕਿ ਅਸਾਡੇ ਨਾਲ ਪਹਿਲਾਂ ਅੱਛਾ ਸਲੂਕ ਕਰਕੇ ਦਿਖਾਓ ਅਤੇ ਗੁਟਕੇ ਅਸਾਂ ਨੂੰ ਦੇ ਦਿਓ ਫੇਰ ਅਸੀਂ ਤੁਹਾਡੀ ਕੋਈ ਗੱਲ ਮੰਨਾਂਗੇ। ਮੁਕਦੀ ਗੱਲ ਇਹ ਕਿ ਸਾਰਿਆਂ ਦੀਆਂ ਹਥਕੜੀਆਂ ਖੁਲ੍ਹਾਅ ਦਿਤੀਆਂ ਗਈਆਂ ਅਤੇ ਗੁਟਕੇ ਵਾਪਸ ਦੇ ਦਿਤੇ ਗਏ ਅਤੇ ਪਾਠ ਕਰਨ ਦੀਆਂ ਰੁਕਾਵਟਾਂ ਦੂਰ ਹੋ ਗਈਆਂ ਅਤੇ ਜਬਰੀ ਕੰਮ ਕਰਾਉਣ ਦੀਆਂ ਸਾਰੀਆਂ ਤੱਦੀਆਂ ਤੇ ਪਾਬੰਦੀਆਂ ਹਟਾ ਲਈਆਂ ਗਈਆਂ ਪਰ ਫੇਰ ਭੀ ਸਾਡੇ ਸਾਥੀ ਉਨ੍ਹਾਂ ਉਤੇ ਪਤੀਜਣ ਨਾ ਅਤੇ ਕਹਿਣ ਕਿ ਭਾਈ ਰਣਧੀਰ ਸਿੰਘ ਨੂੰ ਅਸਾਡੇ ਪਾਸ ਸਾਮ੍ਹਣੇ ਲਿਆਓ ਅਤੇ ਅਸਾਡੇ ਨਾਲ ਲਿਆ ਕੇ ਉਸੇ ਬਲਾਕ ਵਿਚ ਨਿਵਾਸ ਦੇਵੋ। ਉਹ ਜਿਵੇਂ ਆਖ ਸਨ, ਓਵੇਂ ਅਸੀਂ ਮੰਨਾਂਗੇ, ਤੁਹਾਡੇ ਕਹੇ ਤੇ ਨਹੀਂ ਮੰਨਦੇ। ਹਾਰੀ ਦਾ ਨਿਆਉਂ ਉਨ੍ਹਾਂ ਨੂੰ ਇਹ ਭੀ ਮੰਨਣਾ ਪਿਆ। ਮੇਰੇ ਆਖਣ ਵੇਖਣ ਪਰ ਸਾਰੇ ਮੰਨ ਗਏ, ਅੰਤ ਸਭ ਸ਼ਾਂਤ ਹੋ ਗਈ। ਆਪਣਾ ਕੰਮ ਤਾਂ ਕੱਢ ਲਿਆ ਪਰ ਦਰੋਗੇ ਅਤੇ ਸੁਪ੍ਰੰਟੰਡੰਟ ਨੇ ਇਸ ਗੱਲ ਦੀ ਬੜੀ ਖੁਣਸ ਖਾਧੀ ਕਿ ਦੇਖੋ ਸਾਡੀਆਂ ਮਿੰਨਤਾਂ ਕੀਤੇ ਮੰਨੇ ਨਹੀਂ, ਰਮਧੀਰ ਸਿੰਘ ਦੇ ਇਸ਼ਾਰੇ ਮਾਤਰ ਨਾਲ ਹੀ ਰਾਜ਼ੀ ਹੋ ਗਏ। ਆਈ. ਜੀ. ਪਾਸ ਰਿਪੋਰਟ ਕਰ ਦਿਤੀ ਕਿ ਰਣਧੀਰ ਸਿੰਘ ਇਨ੍ਹਾਂ ਸਾਰਿਆਂ ਦਾ ਰਿੰਗ ਲੀਡਰ ਹੈ ਅਤੇ ਇਸ ਦੇ ਇਸ਼ਾਰੇ ਅਨੁਸਾਰ ਚਲਦੇ ਹਨ। ਜੋ ਫਸਾਦ ਹੈ ਇਸੇ ਦਾ ਪਾਇਆ ਹੋਇਆ ਹੈ।

ਏਧਰ ਮੇਰੇ ਨਾਲ ਫੇਰ ਸਖਤੀ ਕਰਨੀ ਸ਼ੁਰੂ ਕਰ ਦਿਤੀ। ਮੇਰੇ ਕੜਾਕੇ ਤੋੜਨ ਦਾ ਕੋਈ ਪ੍ਰਬੰਧ ਨਾ ਕੀਤਾ। ਇਕ ਰਾਤ ਤਾਂ ਮੈਨੂੰ ਉਸੇ ਬਲਾਕ ਵਿਚ ਹੀ ਹੋਰ ਭੁੱਖਣ ਭਾਣੇ ਰਹਿਣ ਦਿਤਾ। ਸਾਰੇ ਸੱਜਣ ਮੈਨੂੰ ਪੁਛ ਪੁਛ ਭੇਜਣ ਕਿ ਕੜਾਕਾ ਟੁੱਟਾ ਕਿ ਨਹੀਂ। ਮੈਂ ਉਨ੍ਹਾਂ ਨੂੰ ਕੋਈ ਸਿੱਧਾ ਪੱਧਰਾ ਉਤਰ ਨਾ ਦੇਵਾਂ ਸਗੋਂ ਟਾਲੀ ਜਾਵਾਂ ਕਿ ਮਤੇ ਫੇਰ ਭੁੱਖ ਹੜਤਾਲ ਨਾ ਕਰ ਦੇਣ। ਰਾਤ ਬਤੀਤ ਹੋਈ ਤੇ ਦੂਜੇ ਦਿਨ ਸੂਰਜ ਚੜ੍ਹਦੇ ਹੀ ਜਰਵਾਣੇ ਮੇਰੇ ਉਤੇ ਚੜ੍ਹ ਕੇ ਆਏ ਅਤੇ ਸਾਰੇ ਕੀਤੇ ਕੌਲ ਕਰਾਰ (ਇਕਰਾਰ) ਖੂਹ ਵਿਚ ਸੁੱਟ ਦਿਤੇ, ਸਗੋਂ ਉਲਟੀਆਂ ਧਮਕੀਆਂ ਦੇਣ ਲੱਗੇ ਕਿ ਜੇਲ੍ਹ ਦਾ ਬਣਿਆ ਹੋਇਆ ਅਤੇ ਆਮ ਨਜ਼ੀਮਾਰ ਹਿੰਦੂਆਂ ਦੇ ਹੱਥਾਂ ਦਾ ਖਾਣਾ, ਖਾਣਾ ਪਵੇਗਾ ਅਤੇ ਹੋਰ ਅਲਹਿਦਾ ਇੰਤਜ਼ਾਮ ਕੁਛ ਨਹੀਂ ਹੋ ਸਕਦਾ ਅਤੇ ਨਾ ਹੀ ਫਲ ਫਰੂਟ ਹੀ ਮਿਲੇਗਾ। ਇਨਕਾਰੀ ਕਰੋਗੇ ਤਾਂ (force feeding) ਜ਼ਬਰਦਸਤੀ ਖਾਣਾ ਖੁਆਇਆ ਜਾਏਗਾ ਅਤੇ ਧਰਮ ਧੱਕਾ ਕੀਤਾ ਜਾਵੇਗਾ। ਦਾਸ ਨੂੰ ਹਰ ਪ੍ਰਕਾਰ ਅਚੱਲ ਅਤੇ ਦ੍ਰਿੜ੍ਹ ਦੇਖ ਕੇ ਮਿ. ਹਸਬੈਂਡ ਹੋਰਾਂ ਹੁਕਮ ਦਿਤਾ ਕਿ ਇਸ ਨੂੰ ਇਸੇ ਵੇਲੇ ਫੋਰਸ ਫੀਡ ਕਰਨ ਲਈ ਹਸਪਤਾਲ ਲੈ ਜਾਵੋ ਅਤੇ ਮੈਡੀਕਲ ਅਫਸਰ ਦੇ ਨਾਉਂ, ਫੋਰਸ ਫੀਡ ਕਰਨ ਦਾ ਸਖਤ ਤੱਦੀ ਵਾਲਾ ਹੁਕਮ ਚਾੜ੍ਹ ਦਿਤਾ। ਸੋ ਮੈਨੂੰ ਉਸੇ ਵੇਲੇ ਕੋਠੀਓਂ ਕੱਢ ਕੇ ਅਤੇ ਸਾਰੇ ਨਿਕਟ ਕੋਠੀਆਂ ਵਿਚ ਵਸਦੇ ਵੀਰਾਂ ਨਾਲੋਂ ਵਿਛੋੜ ਕੇ ਹਸਪਤਾਲ ਵਲ ਲੈ ਤੁਰੇ। ਦਾਸ

(ਬਾਕੀ ਪੰਨਾ 59 ਤੇ)



Sri Satguru Jagjit Singh Ji eLibrary NamdhariElibrary@gmail.com

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

***ਡਾ. ਜਸਟਿਨ ਓਬਰਾਇਨ***
***ਅਨੁਵਾਦਕ - ਡਾ. ਤੇਜਿੰਦਰ ਮਲਹੋਤਰਾ***

## ਮੈਂ ਕੌਣ ਹਾਂ

ਮਨੁੱਖ ਦਾ ਜਨਮ ਕੇਵਲ ਇਕ ਹਾਦਸਾ ਨਾ ਹੋ ਕੇ ਇਕ ਘਟਨਾ ਹੈ ਇਸ ਘਟਨਾ ਦਾ ਇਕ ਮਨੋਰਥ ਹੈ, ਮੰਤਵ ਹੈ। ਮਨੁੱਖ ਦਾ ਜਨਮ ਕੋਈ ਉਦੇਸ਼, ਗੋਲ ਪ੍ਰਾਪਤੀ ਹੈ, ਉਦੇਸ਼ ਹੈ, ਵਾਹਿਗੁਰੂ ਨਾਲ ਮੇਲ ਉਸ ਨਾਲ ਇਕ ਹੋ ਕੇ ਪ੍ਰਮਾਤਮਾ ਵਿਚ ਲੀਨ ਹੋ ਕੇ ਜੀਵਨ ਜੀਉਣਾ ਤੇ ਸੰਸਾਰ ਤੋਂ ਉਪਰ ਰਹਿਣਾ, ਸੰਸਾਰ ਵਿਚ ਵਿਚਰਨਾ ਪਰ ਉਪਰ ਰਹਿ ਕੇ ਪਰ੍ਹੇ ਰਹਿ ਕੇ। ਹਰ ਇਕ ਮਨੁੱਖ ਜਦੋਂ ਸੰਸਾਰ ਵਿਚ ਆਉਂਦਾ ਹੈ ਉਸ ਕੋਲ ਉਹ ਸਾਰੇ ਸਾਧਨ, ਸਾਰੇ ਉਪਰਾਲੇ ਹੁੰਦੇ ਹਨ ਜਿਨ੍ਹਾਂ ਨਾਲ ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਮਨੁੱਖ ਨੂੰ ਆਪਣੇ ਸਾਧਨ ਆਪਣੇ ਸ੍ਰੋਤ ਬੜੀ ਸੂਝ, ਬੂਝ ਤੇ ਬੜੀ ਸਮਝਦਾਰੀ ਨਾਲ ਵਰਤਣੇ ਚਾਹੀਦੇ ਹਨ।

ਆਧੁਨਿਕ ਸਿਖਿਆ ਸਾਨੂੰ ਸੰਸਾਰ ਵਿਚ ਵਿਚਰਨ ਦੀ, ਸੰਸਾਰ ਵਿਚ ਸਫਲ ਹੋਣ ਵਿਚ ਸਹਾਇਤਾ ਕਰਦੀ ਹੈ। ਅੱਜ ਦੀ ਸਿਖਿਆ ਸਾਨੂੰ ਆਪਣਾ ਆਪ ਜਾਨਣ ਵਿਚ ਸਹਾਈ ਨਹੀਂ ਹੁੰਦੀ। ਜਦੋਂ ਅਸੀਂ ਉਚ ਵਿਦਿਆਲਿਆ ਵਿਚੋਂ ਵਿਸ਼ਵ ਵਿਦਿਆਲਿਆ 'ਚੋਂ ਕਾਮਯਾਬ ਹੋ ਕੇ ਚੰਗੇ ਨੰਬਰ ਲੈ ਕੇ ਪਾਸ ਹੁੰਦੇ ਹਾਂ, ਬਾਹਰ ਨਿਕਲਦੇ ਹਾਂ ਸਾਨੂੰ ਮਹਿਸੂਸ ਹੁੰਦਾ ਹੈ, ਸਾਡਾ ਅੰਦਰ ਖਾਲੀ ਹੈ, ਕੋਈ ਸੰਤੁਸ਼ਟੀ ਨਹੀਂ। ਜੀਵਨ ਦਾ ਪ੍ਰਸ਼ਨ, ਉਥੇ ਹੀ ਖੜ੍ਹਾ ਰਹਿੰਦਾ ਹੈ, ਉਹ ਪ੍ਰਸ਼ਨ ਹੈ, ਮੈਂ ਕੌਣ ਹਾਂ? ਮੈਂ ਕਿਥੋਂ ਆਇਆ ਹਾਂ? ਜੀਵਨ ਮਨੋਰਥ ਕੀ ਹੈ? ਮੈਂ ਕਿਥੇ ਜਾਵਾਂਗਾ? ਉਹ ਸਿਖਿਆ ਜਿਹੜੀ ਸਾਨੂੰ ਖੁਸ਼ੀਆਂ ਬਖਸ਼ ਸਕਦੀ ਹੈ, ਅਨੰਦ ਦੇ ਸਕਦੀ ਹੈ, ਦੁਖਾਂ ਸੰਤਾਪਾਂ ਤੋਂ ਛੁਟਕਾਰਾ ਦੁਆ ਸਕਦੀ ਹੈ ਉਹ ਤਾਂ ਕਿਤੇ ਹੈ ਹੀ ਨਹੀਂ, ਉਹ ਤਾਂ ਸਾਡੇ ਜੀਵਨ ਦਾ ਹਿੱਸਾ ਹੀ ਨਹੀਂ ਹੈ। ਸਾਨੂੰ ਇਹ ਦੱਸਿਆ ਹੀ ਨਹੀਂ ਜਾਂਦਾ ਕਿ ਅੰਦਰ ਕਿਸ ਤਰ੍ਹਾਂ ਜਾਣਾ ਹੈ, ਆਪਣੇ ਅੰਦਰ ਕਿਵੇਂ ਝਾਤੀ ਮਾਰਨੀ ਹੈ, ਪ੍ਰਮਾਤਮਾ ਨੂੰ ਕਿਵੇਂ ਆਪਣੀ ਆਤਮਾ ਵਿਚ ਦੇਖਣਾ ਹੈ, ਕਿਵੇਂ ਅੰਦਰੋਂ ਪੁਸ਼ਟੀ ਲੈਣੀ ਹੈ, ਸੰਪੂਰਨ ਹੋਣਾ ਹੈ।

ਆਪਣੇ ਆਪ ਨੂੰ ਜਾਨਣ ਲਈ ਤੁਹਾਨੂੰ ਕਿਤੇ ਜਾਣਾ ਨਹੀਂ ਪੈਂਦਾ, ਤੁਹਾਨੂੰ ਸਮੱਸਤ ਤੋਂ ਸੂਖਮ ਤੇ ਜਾਣਾ ਪੈਂਦਾ ਹੈ, ਫੇਰ ਉਸ ਤੋਂ ਅੱਗੇ ਹੋਰ ਸੂਖਮ ਤਕ ਤੇ ਅੰਤ ਵਿਚ ਕੇਵਲ ਸੂਖਮ ਤੇ ਜੋ ਜੀਵਨ ਦਾ ਤੱਤ ਹੈ, ਤੁਹਾਨੂੰ ਆਪਾ ਚੀਨ ਕੇ ਅੰਦਰ ਜਾ ਕੇ ਲੱਭਣਾ ਪੈਂਦਾ ਹੈ, ਖੋਜਣਾ ਪੈਂਦਾ ਹੈ, ਤੁਹਾਨੂੰ ਅਭਿਆਸ ਕਰਨਾ ਪੈਂਦਾ ਹੈ, ਅਭਿਆਸ ਹੋਰ ਅਭਿਆਸ।

ਕੁਝ ਦਿਨਾਂ ਤੋਂ ਬਾਅਦ ਸਵਾਮੀ ਜੀ ਨੇ ਕੁਝ ਕੁ ਜਗਿਆਸੂਆਂ ਲਈ ਸਥਾਨਕ ਸਾਧੂਆਂ ਕੋਲ ਜਾਣ ਲਈ ਬੰਦੋਬਸਤ ਕੀਤਾ। ਆਪਣੀ Divine life Society ਜੋ ਸਵਾਮੀ ਸ਼ਿਵਾ ਨੰਦਾ ਦੀ ਹੈ ਓਥੇ ਗਏ। ਇਹ ਸਾਰੀਆਂ ਸੰਸਥਾਵਾਂ ਮੱਧਕਾਲ ਦੀਆਂ, ਯੂਰਪ ਦੀਆਂ ਸੰਸਥਾਵਾਂ ਦੀ ਤਰ੍ਹਾਂ ਸੀ ਜਿਥੇ ਰਹਿਣ ਦਾ ਸਥਾਨ, ਖਾਣ ਪੀਣ ਲਈ ਤੇ ਯਾਤਰੂਆਂ ਦੀ ਦੇਖਭਾਲ ਕੀਤੀ ਜਾਂਦੀ ਸੀ। ਉਸ ਸਮੇਂ ਕੋਈ ਦਰਜਨ ਦੇ ਲਗਭੱਗ ਘੁੰਮਦੇ ਫਿਰਦੇ ਸਾਧੂ ਸੀ, ਜਿਹੜੇ ਇਕੱਠੇ ਹੋਏ ਸੀ, ਸਵਾਮੀ ਜੀ ਦੀ ਦੇਖਭਾਲ ਕਰਨ ਵਾਲੇ ਤਾਂ ਬਿਮਾਰਾਂ ਦੀ ਦੇਖਭਾਲ ਕਰ ਰਹੇ ਸੀ ਤੇ ਗਰੀਬਾਂ ਦੀ ਦੇਖ ਰੇਖ ਕਰ ਰਹੇ ਸੀ।

ਅਸੀਂ ਲੱਛਮਣ ਝੂਲੇ ਉਤੋਂ ਹੋ ਕੇ ਗੰਗਾ ਪਾਰ ਕੀਤੀ ਤੇ ਜੰਗਲ ਵਿਚ ਪਹੁੰਚ ਗਏ, ਕਾਫੀ ਉਤੇ ਚੜ੍ਹ ਕੇ ਅਸੀਂ ਇਕ ਗੁਫਾ ਦੇ ਅੱਗੇ ਪਹੁੰਚ ਗਏ। ਪੰਜਾਂ ਗਜ਼ ਦੇ ਘੇਰੇ ਵਿਚ ਅਸੀਂ ਇਕ ਅਦਿਰਸ਼ ਪੜਦੇ ਦੇ ਅੱਗੋਂ ਲੰਘੇ ਉਸ ਤੋਂ ਅੱਗੇ ਅਸੀਂ ਇਹੋ ਜਿਹੀ ਸੋਹਣੀ ਸ਼ਾਂਤਮਈ ਸਥਿਰ ਜਗ੍ਹਾ ਤੇ ਪਹੁੰਚੇ ਜਿਥੇ ਪਹੁੰਚ ਕੇ ਸਾਰੀ ਤਾਂਘ ਤੇ ਰੋਜ਼ ਦੀਆਂ ਚਿੰਤਾਵਾਂ ਬਿਲਕੁਲ ਹੀ ਖਤਮ ਹੋ ਗਈਆਂ। ਸੋਚਣੀ ਤਿੱਖੀ ਹੋ ਗਈ ਪਰ ਹੌਲੀ ਵੀ ਹੋ ਗਈ। ਥਰੀਸਾ ਤੇ ਮੈਂ ਅਸੀਂ ਗੁਫਾ ਦੇ ਅੰਦਰ ਚਲੇ ਗਏ। ਅੰਦਰ ਜਾਂਦੇ ਹੀ 'ਟਾਟ ਵਾਲਾ ਬਾਬਾ' ਨੇ ਸਾਨੂੰ ਜੀ ਆਇਆ ਆਖਿਆ। ਉਹ ਬਿਲਕੁਲ ਹੀ ਹਨ੍ਹੇਰੇ ਵਿਚ ਠੰਢੀ ਥਾਂ ਤੇ ਬੈਠੇ ਸੀ ਉਨ੍ਹਾਂ ਦੇ ਚਾਰੋ ਪਾਸੇ ਇਕ ਸ਼ਾਂਤੀ ਦਾ ਘੇਰਾ ਬੜੀ ਚੰਗੀ ਤਰ੍ਹਾਂ ਮਹਿਸੂਸ ਹੋ ਰਿਹਾ ਸੀ। ਇਹ ਸਾਧੂ ਗ੍ਰਹਿਸਤੀ ਸੀ ਇਨ੍ਹਾਂ ਨੇ ਤਿੰਨ ਬੱਚਿਆਂ ਦਾ ਪਾਲਣ ਪੋਸਣ ਕਰਕੇ ਇਹ ਦੇਖ ਕੇ ਬੱਚੇ ਹੁਣ ਆਪਣੇ ਆਪ ਜੋਗੇ ਹੋ ਗਏ ਹਨ ਇਨ੍ਹਾਂ ਨੇ ਸਭ ਕੁਝ ਤਿਆਗ ਦਿਤਾ ਤੇ ਚਾਲੀ ਸਾਲ ਪਹਿਲਾਂ ਇਸ ਗੁਫਾ ਵਿਚ ਆ ਗਏ ਸੀ, ਇਨ੍ਹਾਂ ਦੀ ਲਗਾਤਾਰ ਧਿਆਨ ਤੇ ਸਮਾਧੀ ਨੇ ਸਾਰੇ ਵਾਤਾਵਰਣ ਨੂੰ ਐਨਾ ਪਵਿੱਤਰ ਤੇ ਸੋਹਣਾ ਬਣਾ ਦਿਤਾ ਸੀ ਕਿ ਇਥੇ ਸਾਰੇ ਪੰਛੀ ਤਿਤਲੀਆਂ ਆਪ ਹੀ ਇਕੱਠੇ ਹੋ ਰਹੇ ਸੀ। ਇਹ ਇਥੇ ਦੇ ਲੋਕਾਂ ਦੇ ਰਖਿਅਕ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਵਾਲੇ ਤੇ ਠੀਕ ਸਲਾਹਕਾਰ ਸੀ। ਲੋਕੀ ਸਲਾਹ ਲੈ ਕੇ ਇਨ੍ਹਾਂ ਦਾ ਆਸ਼ੀਰਵਾਦ ਲੈਂਦੇ ਤੇ ਆਉਂਦੇ ਹੋਏ ਇਨ੍ਹਾਂ ਲਈ ਖਾਣ ਪੀਣ ਦਾ ਸਾਮਾਨ ਲੈ ਆਉਂਦੇ।



Sri Satguru Jagjit Singh Ji eLibrary NamdhariElibrary@gmail.com

ਬਾਬਾ ਜੀ ਨੂੰ ਲੱਗਿਆ ਅਸੀਂ ਕਾਫੀ ਬੇਚੈਨ ਹਾਂ ਅਸੀਂ ਕਾਫੀ ਚੜ੍ਹਾਈ ਚੜ੍ਹ ਕੇ ਆਏ ਹਾਂ, ਉਨ੍ਹਾਂ ਨੇ ਸਾਨੂੰ ਠੰਢਾ ਪਾਣੀ ਪਿਲਾਇਆ, ਉਸ ਦਿਨ ਈਸਟਰ ਵਾਲਾ ਐਤਵਾਰ ਸੀ, ਮੇਰੇ ਦਿਮਾਗ ਵਿਚ ਇਕ ਦਮ ਈਸਾ ਜੀ ਦੇ ਜੀਵਤ ਹੋਣ ਦੀ ਘਟਨਾ ਦਾ ਵਿਚਾਰ ਆਇਆ।

ਬਾਬਾ ਜੀ ਨੇ ਥੋੜ੍ਹੀ ਦੇਰ ਸੋਚਿਆ ਤੇ ਕਹਿਣ ਲੱਗੇ, ਸਾਨੂੰ ਮਰ ਕੇ ਮੁੜ ਜੀਵਤ ਹੋਣ ਤੋਂ ਅੱਗੇ ਜਾਣਾ ਚਾਹੀਦਾ ਹੈ ਈਸਾ ਜੀ ਬਹੁਤ ਵੱਡੀ ਹਸਤੀ ਸੀ, ਉਨ੍ਹਾਂ ਦਾ ਕਾਰਜ ਕੇਵਲ ਮਰ ਕੇ ਜੀਓ ਪੈਣਾ ਨਹੀਂ ਸੀ।

ਮੈਂ ਸੋਚਿਆ ਇਹ ਇਕ ਅੱਛਾ ਤੇ ਬੜਾ ਹੀ ਮਹੱਤਵਪੂਰਨ ਪ੍ਰਸ਼ਨ ਹੈ ਜਿਹੜਾ ਜਾ ਕੇ ਲੌਇਲਾ ਵਿਸ਼ਵ ਵਿਦਿਆਲਾ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ।

ਤੁਹਾਨੂੰ ਕੇਵਲ ਆਪਣੇ ਗੁਰੂ ਦੇ ਬਚਨ ਹੀ ਕਮਾਉਣੇ ਚਾਹੀਦੇ ਹਨ ਉਨ੍ਹਾਂ ਨਾਲ ਹੀ ਤੁਸੀਂ ਪਾਰ ਉਤਰ ਸਕਦੇ ਹੋ, 'ਟਾਟ ਵਾਲੇ' ਬਾਬਾ ਕਹਿਣ ਲੱਗੇ ਤੁਹਾਡਾ ਗੁਰੂ ਹੀ ਤੁਹਾਡੇ ਸਾਰੇ ਗੁਰ ਜਾਣਦੇ ਹੈ।

ਮੇਰੇ ਹੱਥ ਵਿਚ ਕੈਮਰਾ ਦੇਖ ਕੇ ਉਹ ਪੁਛਣ ਲੱਗੇ ਕੀ ਮੈਂ ਫੋਟੋ ਖਿਚਣੀਆਂ ਹਨ ਅਸੀਂ ਸੂਰਜ ਦੀ ਰੋਸ਼ਨੀ ਵਿਚ ਬਾਹਰ ਨਿਕਲੇ ਮੈਂ ਇਹ ਦੇਖਣ ਤੋਂ ਨਾ ਰਹਿ ਸਕਿਆ ਕਿ ਉਨ੍ਹਾਂ ਦੇ ਸਰੀਰ ਦੀ ਚਮੜੀ ਕਿੰਨੀ ਚਮਕ ਰਹੀ ਸੀ ਕਿਤੇ ਵੀ ਇਕ ਝੁਰੜੀ ਨਹੀਂ ਸੀ ਉਹ ਪਹਾੜੀ ਤੇ ਇਸ ਤਰ੍ਹਾਂ ਚੜ੍ਹ ਗਏ ਸੀ ਜਿਵੇਂ ਛੋਟਾ ਜਿਹਾ ਬੱਚਾ ਹੋਵੇ ਸਾਨੂੰ ਪਤਾ ਲੱਗਾ ਉਨ੍ਹਾਂ ਦੇ ਸਰੀਰ ਦੀ ਆਯੂ ਸੱਤਰ ਤੋਂ ਉਪਰ ਹੈ, ਭਾਵੇਂ ਸਾਡਾ ਦਿਲ ਤਾਂ ਓਥੋਂ ਆਉਣ ਤੋਂ ਨਹੀਂ ਸੀ ਕਰ ਰਿਹਾ ਪਰ ਸਾਡੇ ਗਾਈਡ ਨੇ ਦੱਸਿਆ ਬਾਬਾ ਜੀ ਦੇ ਸਿਮਰਨ ਧਿਆਨ ਦਾ ਸਮੇਂ ਹੋ ਗਿਆ ਸੀ, ਅਸੀਂ ਮੱਥਾ ਟੇਕ ਕੇ ਉਥੋਂ ਆ ਗਏ।

ਜਦੋਂ ਅਸੀਂ ਗੁਫਾ ਤੋਂ ਮੁੜ ਕੇ ਆ ਰਹੇ ਸੀ, ਸਾਨੂੰ ਬਾਕੀ ਦਾ ਗਰੁੱਪ ਮਿਲਿਆ ਉਹ ਜੰਗਲ ਵਿਚ ਰਹਿੰਦੇ, ਇਕ ਸਵਾਮੀ ਜੀ ਨੂੰ ਮਿਲਣ ਗਏ ਹੋਏ ਸੀ। ਅਸੀਂ ਇਕੱਠੇ ਹੋ ਕੇ ਨਦੀ ਦੇ ਕੰਢੇ ਤੁਰਦੇ ਰਹੇ ਫੇਰ ਅਸੀਂ ਉਪਰ ਇਕ ਸਵਾਮੀ ਜੀ ਨੂੰ ਮਿਲਣ ਗਏ, ਜਿਹੜੇ ਰੇਤੇ ਤੇ ਹੀ ਰਹਿੰਦੇ ਸੀ, ਰੇਤੇ ਉਤੇ ਉਨ੍ਹਾਂ ਨੇ ਇਕ ਤੰਬੂ ਲਗਾਇਆ ਹੋਇਆ ਸੀ। ਸਾਡੇ ਗਾਈਡ ਨੇ ਉਨ੍ਹਾਂ ਨੂੰ ਸਾਡੇ ਬਾਰੇ ਦੱਸਿਆ ਤੇ ਉਨ੍ਹਾਂ ਨਾਲ ਮਿਲਣ ਦੀ ਆਗਿਆ ਪੁਛੀ। ਅਸੀਂ ਬਹੁਤ ਦੇਰ ਉਡੀਕਦੇ ਰਹੇ ਪਰ ਸਾਨੂੰ ਬੁਲਾਇਆ ਹੀ ਨਹੀਂ ਗਿਆ, ਅਸੀਂ ਦੇਖ ਰਹੇ ਸੀ ਕਿ ਬੀਬੀਆਂ ਉਨ੍ਹਾਂ ਨੂੰ ਫਲ ਛਕਾ ਰਹੀਆਂ ਹਨ, ਕੁਝ ਭਗਤ ਉਨ੍ਹਾਂ ਦੀ ਮਾਲਸ਼ ਕਰ ਰਹੇ ਹਨ ਤੇ ਕੁਝ ਉਨ੍ਹਾਂ ਨੂੰ ਪੱਖਾ ਝੱਲ ਰਹੇ ਹਨ, ਪੱਖਾ ਮੋਰ ਦੇ ਖੰਭਾਂ ਦਾ ਬਣਿਆ ਹੋਇਆ ਹੈ, ਸਾਨੂੰ ਉਨ੍ਹਾਂ ਨੇ ਦੂਰ ਹੀ ਬਿਠਾਇਆ ਪਰ ਪ੍ਰਸ਼ਾਦ ਭੇਜ ਦਿਤਾ ਓਥੇ ਬੈਠ ਕੇ ਮੈਨੂੰ ਅਸ਼ਾਂਤੀ ਹੋ ਰਹੀ ਸੀ ਪਰ ਮੈਂ ਸਮਝ ਨਹੀਂ ਸਕਿਆ ਕਿਉਂ ਮੈਨੂੰ ਐਨਾ ਪਤਾ ਹੈ ਕਿ ਮੈਂ ਉਥੋਂ ਜਾਣਾ ਚਾਹੁੰਦਾ ਸੀ। ਅਸੀਂ ਛੇਤੀ ਹੀ ਉਥੋਂ ਤੁਰ ਪਏ, ਰਸਤੇ ਵਿਚ ਅਸੀਂ ਚਾਹ ਪੀਣ ਲਈ ਰੁਕੇ। ਮੈਂ ਬੜੇ ਸ਼ਰਮ ਨਾਲ ਗਰੁੱਪ ਨੂੰ ਦੱਸਿਆ ਕਿ ਮੈਂ ਕਿਸ ਤਰ੍ਹਾਂ ਅਸ਼ਾਂਤੀ ਮਹਿਸੂਸ ਕਰ ਰਿਹਾ ਸੀ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ, ਮੈਂ ਇਕੱਲਾ ਇਸ ਤਰ੍ਹਾਂ ਮਹਿਸੂਸ ਨਹੀਂ ਸੀ ਕਰ ਰਿਹਾ ਸਾਰੇ ਹੀ ਇਸ ਤਰ੍ਹਾਂ ਮਹਿਸੂਸ ਕਰ ਰਹੇ ਸੀ।

ਕਈ ਸਾਲ ਬਾਅਦ ਜਦੋਂ ਅਸੀਂ ਗਲਿਨ ਵੀਊ ਸੈਂਟਰ (Glen view center) ਵਿਚ ਸੀ। ਇਕ ਟੈਲੀਫੋਨ ਆਇਆ ਉਸ ਨੇ ਦੱਸਿਆ ਕੇ ਸਵਾਮੀ ਜੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਕ ਠੱਗ ਨੇ ਪੈਸੇ ਲਏ ਤੇ ਉਹ ਆਸ਼ਰਮ ਦੀ ਕੰਧ ਤੇ ਚੜ੍ਹ ਗਿਆ ਸਵਾਮੀ ਜੀ ਦੇ ਕਮਰੇ ਦੀਆਂ ਪੌੜੀਆਂ ਚੜ੍ਹਿਆ ਉਸਦੇ ਹੱਥ ਵਿਚ ਪਿਸਤੌਲ ਸੀ ਛੇਤੀ ਹੀ ਆਸ਼ਰਮ ਦੇ ਚੌਂਕੀਦਾਰ ਨੇ ਉਸ ਉਤੇ ਕਾਬੂ ਪਾ ਲਿਆ, ਉਸ ਨੂੰ ਐਨਾ ਘੁੱਟ ਕੇ ਪਕੜਿਆ ਉਸ ਦਾ ਸਾਹ ਘੁੱਟਣ ਲੱਗਾ। ਸਵਾਮੀ ਜੀ ਨੂੰ ਦੋ ਹੋਰ ਬੰਦੇ ਬੁਲਾਉਣੇ ਪਏ ਤਾਂ ਉਸ ਨੂੰ ਛੁਡਾਇਆ ਨਹੀਂ ਤਾਂ ਉਸ ਨੇ ਮਰ ਜਾਣਾ ਸੀ। ਫੇਰ ਸੱਚ ਦਾ ਪਤਾ ਲੱਗਾ ਕੁਝ ਬੰਦੇ ਕਰਾਏ ਤੇ ਲੈ ਕੇ ਇਕ ਗੁੰਡਾ ਸਾਰੇ ਜਗ੍ਹਾ ਤੋਂ ਸਾਧੂਆਂ ਦਾ ਨਾਸ਼ ਕਰ ਰਿਹਾ ਸੀ ਪਤਾ ਲੱਗਾ ਇਹ ਉਹ ਹੀ ਬੰਦਾ ਹੈ, ਜਿਸ ਨੂੰ ਮਿਲਣ ਅਸੀਂ ਗਏ ਸੀ ਤੇ ਓਥੇ ਬੈਠ ਕੇ ਅਸੀਂ ਬਹੁਤ ਹੀ ਅਸ਼ਾਂਤੀ ਮਹਿਸੂਸ ਕੀਤੀ ਸੀ। ਇਨ੍ਹਾਂ ਗੁੰਡਿਆਂ ਨੇ ਟਾਟ ਵਾਲੇ ਬਾਬੇ ਨੂੰ ਮਾਰ ਦਿਤਾ ਸੀ, ਤਿੰਨ ਹੋਰਾਂ ਨੂੰ ਮਾਰ ਕੇ ਹੁਣ ਸਵਾਮੀ ਰਾਮ ਦੀ ਵਾਰੀ ਸੀ। ਇਹ ਪਤਾ ਲਗਦਾ ਹੈ ਕਿ ਸਾਰਿਆਂ ਨੂੰ ਮਾਰ ਕੇ ਉਹ ਗੁੰਡਾ ਸਾਰੀ ਰਿਸ਼ੀਕੇਸ਼ ਵਾਦੀ ਆਪਣੇ ਕਬਜ਼ੇ ਵਿਚ ਕਰਨਾ ਚਾਹੁੰਦਾ ਹੈ। ਅੰਤ ਉਹ ਜੱਜ ਕੋਲ ਪੇਸ਼ ਹੋਇਆ ਤੇ ਉਸ ਨੂੰ ਆਪਣੇ ਜ਼ੁਰਮ ਨੂੰ ਮੰਨਿਆ ਉਸ ਨੂੰ ਜੀਵਨ ਕੈਦ ਹੋਈ। ਜੱਜ ਨੇ ਖੁਲ੍ਹੇ-ਆਮ ਇਹ ਗੱਲ ਕਹੀ ਕਿ ਉਸ ਨੇ ਸਵਾਮੀਆਂ ਦੇ ਬਾਣੇ ਨੂੰ ਦੇਖ ਕੇ ਮੌਤ ਦੀ ਸਜ਼ਾ ਨਹੀਂ ਦਿਤੀ।

ਸਵਾਮੀ ਜੀ ਉਸ ਨਾਲ ਜਦੋਂ ਅਮਰੀਕਾ ਆਏ ਅਸੀਂ ਸਾਰੀ ਗੱਲਬਾਤ ਕੀਤੀ, ਸਵਾਮੀ ਜੀ ਕਹਿਣ ਲੱਗੇ ਸਭ ਤੋਂ ਵੱਧ ਲੁਭਾਏਮਾਨ ਰੂਹਾਨੀ ਸਮਾਂ ਉਹ ਹੁੰਦਾ ਹੈ ਜਦੋਂ ਚੇਤਨਤਾ ਉਜਾਗਰ ਹੁੰਦੀ ਹੈ ਜਾਂ ਇਹ ਕਹਿ ਲਓ ਜਦੋਂ ਰਿਧੀਆਂ ਸਿੱਧੀਆਂ ਆ ਜਾਂਦੀਆਂ ਹਨ। ਸਵਾਮੀ ਜੀ ਨੇ ਸਾਨੂੰ ਉਨ੍ਹਾਂ ਯੋਗੀਆਂ ਦੀਆਂ ਕਹਾਣੀਆਂ ਸੁਣਾਈਆਂ ਜਿਨ੍ਹਾਂ ਕੋਲ ਰਿੱਧੀਆਂ ਸਿਧੀਆਂ ਆਈਆਂ, ਉਨ੍ਹਾਂ ਨੇ ਵਰਤਣੀਆਂ ਸ਼ੁਰੂ ਕੀਤੀਆਂ, ਵਰਤੀਆਂ ਵੀ ਆਪਣੇ ਲਈ ਛੇਤੀ ਹੀ ਉਹ ਬਿਲਕੁਲ ਖਾਲੀ ਹੋ ਗਏ। ਜਦੋਂ ਅਸੀਂ ਕੁੰਭ ਦੀਆਂ ਗੱਲਾਂ ਕਰ ਰਹੇ ਸੀ, ਸਾਨੂੰ ਇਕ ਦਮ ਯਾਦ ਆਇਆ, ਕਿਵੇਂ ਅਸੀਂ ਇਕ ਸਵਾਮੀ ਕੋਲ ਗਏ, ਸਾਨੂੰ



Sri Satguru Jagjit Singh Ji eLibrary NamdhariElibrary@gmail.com

ਸਭ ਨੂੰ ਇਕ ਅਸ਼ਾਂਤੀ ਮਹਿਸੂਸ ਹੋਈ ਤੇ ਅਸੀਂ ਉਠ ਕੇ ਆ ਗਏ।

ਵਾਪਸ ਅਸੀਂ ਆਸ਼ਰਮ ਆਏ। ਇਕ ਸਵਾਮੀ ਜਿਨ੍ਹਾਂ ਦਾ ਨਾਮ ਓਮ-ਪ੍ਰਕਾਸ਼ਨੰਦ ਗਿਰੀ ਸੀ ਉਨ੍ਹਾਂ ਨੇ ਸਾਨੂੰ ਬਹੁਤ ਹਸਾਇਆ, ਉਹ ਓਮ ਦੀਆਂ ਬਰਕਤਾਂ ਖੁਸ਼ੀਆਂ ਹੀ ਗਾਉਂਦੇ ਹਨ, ਬੜੇ ਹੀ ਰਸਕ, ਸਮਾਜ ਪ੍ਰਿਅ ਤੇ ਬੜੀ ਨੋਕ ਝੋਕ ਵਾਲਾ ਹਾਸਾ ਮਖੌਲ ਕਰਨ ਵਾਲੇ ਸੀ, ਇਹ ਸਭ ਕੁਝ ਉਹ ਕਿਸੇ ਨਾਲ ਵੀ ਕਰ ਲੈਂਦੇ ਸੀ। ਉਹ ਆਪਣੇ ਤੇ ਮਖੌਲ ਕਰਦੇ ਸੀ ਉਨ੍ਹਾਂ ਨੇ ਸਹਿਜ ਹੀ ਸਾਡਾ ਮਨ ਮੋਹ ਲਿਆ, ਕੁੰਭ ਮੇਲੇ ਦੀ ਗੰਭੀਰਤਾ ਤੇ ਸਾਡੇ ਆਣ ਜਾਣ ਦੀ ਥਕਾਵਟ ਉਨ੍ਹਾਂ ਦੇ ਹਾਸੇ ਨੇ ਸਾਨੂੰ ਬਿਲਕੁਲ ਨਿਸਲ ਆਰਾਮ ਦੇਹ ਕਰ ਦਿਤਾ। ਜੇ ਮੇਰੇ ਮਨ ਵਿਚ ਕੋਈ ਖਾਸ ਕਿਸਮ ਦੀ ਸਵਾਮੀਆਂ ਦੀ ਰੂਪ ਰੇਖਾ ਸੀ ਉਹ ਬਿਲਕੁਲ ਖਤਮ ਹੋ ਚੁੱਕੀ ਸੀ।

ਪਿਛੋਂ ਜਦੋਂ ਮੈਂ ਰਾਜਨ ਜੋ ਕੇ ਪਤਰਕਾਰ ਸੀ ਬੈਠ ਕੇ ਗੱਲਬਾਤ ਕਰ ਰਿਹਾ ਸੀ, ਸਵਾਮੀ ਜੀ ਕੁਝ ਨੂੰ ਬੰਦਿਆਂ ਨੂੰ ਨਾਲ ਦੇ ਘਰ ਦੇ ਬਰਾਂਡੇ ਵਿਚ ਮਿਲ ਰਹੇ ਸੀ।

ਸਵਾਮੀ ਜੀ ਨੇ ਮੈਨੂੰ ਦੂਰੋਂ ਦੇਖ ਲਿਆ ਤੇ ਉਚੀ ਸਾਰੀ ਆਵਾਜ਼ ਮਾਰੀ ਤੇ ਕਹਿਣ ਲੱਗੇ, ਜਸਟਿਨ ਤੂੰ ਇਸ ਬੀਬੀ ਦਾ ਬਹੁਤ ਦੇਣਦਾਰ ਹੈਂ।

ਹਾਂ ਇਸ ਨੇ ਤੇਰੇ ਲਈ ਬਹੁਤ ਕੁਝ ਕੀਤਾ ਹੈ, ਤੂੰ ਇਸ ਦਾ ਪਿਆਰਾ ਵੀਰ ਸੀ।

ਮੈਂ ਹੈਰਾਨ ਹੋਇਆ, ਮੈਂ ਉਨ੍ਹਾਂ ਵਲ ਤੁਰ ਪਿਆ, ਮੇਰੇ ਗੁਰੂ ਨੇ ਮੇਰਾ ਪਰੀਚਾ ਇਕ ਲੰਮੀ ਪੱਕੇ ਰੰਗ ਦੀ ਬੀਬੀ ਨਾਲ ਕਰਾਇਆ, ਉਹ ਦਿੱਲੀ ਦੇ ਇਕ ਡਾਕਟਰ ਸੀ, ਸਵਾਮੀ ਜੀ ਗਰੁੱਪ ਨੂੰ ਕਮਰੇ ਵਿਚ ਲੈ ਗਏ ਤੇ ਕਹਿਣ ਲੱਗੇ, ਮੈਂ ਤੈਨੂੰ ਪਿਛੋਂ ਦੱਸਾਂਗਾ ਜਸਟਿਨ।

ਮੈਂ ਤੇ ਰਾਜਨ ਨੇ ਆਪਣੀ ਗੱਲਬਾਤ ਜਾਰੀ ਰੱਖੀ, ਰਾਜਨ, ਕਹਿਣ ਲੱਗਾ, ਜਸਟਿਨ ਮੈਂ ਤੈਨੂੰ ਇਕ ਗੱਲ ਦੱਸਣੀ ਹੈ।

ਜਦੋਂ ਮੈਂ ਰਾਜਨ ਦੀਆਂ ਗੱਲਾਂ ਬਹੁਤ ਹੀ ਧਿਆਨ ਸੁਣ ਰਿਹਾ ਸੀ ਉਹ ਕਹਿਣ ਲੱਗਾ, ਇਕ ਵਾਰੀ ਦੀ ਗੱਲ ਮੈਨੂੰ ਮੇਰੇ ਐਡੀਟਰ ਨੇ ਕਿਹਾ ਕਿ ਦੇਖੋ ਰਿਸ਼ੀਕੇਸ਼ ਵਿਚ ਕੋਈ ਪੂਰਨ ਸਾਧੂ ਹੈ। ਮੈਂ ਸਾਰੇ ਆਸ਼ਰਮਾਂ ਵਿਚ ਗਿਆ ਸਾਰੇ ਮੰਦਰਾਂ ਵਿਚ ਗਿਆ, ਦੇਖਣ ਲਈ ਕੋਈ ਤਾਂ ਮਿਲੇ ਬਹੁਤ ਸਾਰੇ ਲੋਕੀ ਮੈਨੂੰ ਦਸਦੇ ਰਹੇ ਐਥੇ ਜਾਓ, ਉਥੇ ਜਾਓ ਪਰ ਮੈਨੂੰ ਕੋਈ ਵੀ ਠੀਕ ਨਹੀਂ ਲੱਗਾ। ਇਕ ਦਿਨ ਦੁਪਹਿਰ ਨੂੰ ਮੈਂ ਸਵਰਗ ਆਸ਼ਰਮ ਗਿਆ, ਮੈਂ ਉਥੇ ਜਾ ਕੇ ਬਾਹਰ ਬਾਗ ਵਿਚ ਬੈਠ ਗਿਆ ਤੇ ਆਰਾਮ ਕਰਨ ਲੱਗਾ। ਇਕ ਸਫਾਈ ਕਰਨ ਵਾਲਾ ਸੇਵਾਦਾਰ ਆਇਆ ਹੱਥ ਵਿਚ ਤੀਲਾਂ ਦਾ ਝਾੜੂ ਸੀ ਉਸ ਨੇ ਚਿੱਟਾ ਪਜਾਮਾ ਪਾਇਆ ਹੋਇਆ ਸੀ, ਜਿਵੇਂ ਪਿੰਡ ਦੇ ਪਾਉਂਦੇ ਹੀ ਹਨ, ਉਸ ਨੇ ਬਾਰ ਨੂੰ ਸਾਫ ਕੀਤਾ, ਮੈਂ ਉਸਨੂੰ ਦੇਖਦਾ ਰਿਹਾ ਪਰ ਮੈਨੂੰ ਆਪਣੇ ਅੰਦਰ ਚੰਗਾ ਨਹੀਂ ਲੱਗਾ।

ਅੰਤ ਉਹ ਸਾਫ ਕਰਦਾ ਕਰਦਾ ਮੇਰੇ ਕੋਲ ਆ ਗਿਆ। ਉਸ ਨੇ ਮੈਨੂੰ ਦੇਖਿਆ ਤੇ ਕਹਿਣ ਲੱਗਾ, ਬੇਟੇ ਤੈਨੂੰ ਕੀ ਚਿੰਤਾ ਹੈ? ਤੈਨੂੰ ਕਿਸ ਗੱਲ ਦੀ ਅਸ਼ਾਂਤੀ ਹੈ?

ਮੈਂ ਉਸ ਨੂੰ ਦੱਸਿਆ ਕਿ ਮੈਨੂੰ ਆਪਣਾ ਲੇਖ ਲਿਖਣ ਲਈ ਕੋਈ ਵੀ ਸਾਧੂ ਨਹੀਂ ਮਿਲਿਆ ਤੇ ਨਾਲ ਮੈਂ ਕਿਹਾ, ਲਗਦਾ ਹੈ ਸਾਧੂ ਰਹੇ ਹੀ ਨਹੀਂ। ਉਹ ਸੇਵਾਦਾਰ ਮੈਨੂੰ ਕਹਿਣ ਲੱਗਾ, ਤੁਸੀਂ ਇਸ ਤਰ੍ਹਾਂ ਦਿਲ ਨਾ ਛੱਡੋ, ਤੁਸੀਂ ਇਹ ਜਿਹੜਾ ਨਾਲ ਲਗਦਾ ਜੰਗਲ ਹੈ, ਉਥੇ ਜਾਓ, ਮੈਂ ਉਸ ਦੀ ਸਲਾਹ ਮੰਨ ਕੇ ਜੰਗਲ ਵਲ ਤੁਰ ਪਿਆ ਪਰ ਮੈਨੂੰ ਕੁਝ ਵੀ ਨਾ ਮਿਲਿਆ ਇਕ ਹਫਤੇ ਤੋਂ ਬਾਅਦ ਮੈਂ ਆਇਆ ਤੇ ਮੈਨੂੰ ਉਹ ਸੇਵਾਦਾਰ ਫੇਰ ਉਥੇ ਹੀ ਮਿਲਿਆ।

ਮੈਂ ਉਸ ਕੋਲ ਗਿਆ ਤੇ ਮੈਂ ਉਸ ਨੂੰ ਜੰਗਲ ਵਿਚ ਜਾ ਕੇ ਆਉਣ ਬਾਰੇ ਸਭ ਕੁਝ ਦੱਸਿਆ ਤੇ ਮੈਂ ਕਿਹਾ ਹੁਣ ਮੈਂ ਇਹ ਹੀ ਲੇਖ ਲਿਖਾਂਗਾ ਕਿ ਸਾਧੂਆਂ ਦਾ ਅੰਤ ਹੋ ਗਿਆ ਹੈ। ਕੋਈ ਸਾਧੂ ਰਹੇ ਹੀ ਨਹੀਂ, ਜਦੋਂ ਹੀ ਮੈਂ ਉਠ ਕੇ ਚੱਲਣ ਲੱਗਾ, ਸੇਵਾਦਾਰ ਨੇ ਮੈਨੂੰ ਰੋਕ ਲਿਆ ਤੇ ਕਹਿਣ ਲੱਗਾ, ਤੁਸੀਂ ਸੱਚਮੁਚ ਐਨੀ ਸਚਾਈ ਤੇ ਈਮਾਨਦਾਰੀ ਨਾਲ ਕੋਸ਼ਿਸ਼ ਕੀਤੀ ਹੈ ਕਿ ਤੁਹਾਨੂੰ ਤਾਂ ਕੋਈ ਇਨਾਮ ਮਿਲਣਾ ਚਾਹੀਦਾ ਹੈ।

ਉਸ ਬਜ਼ੁਰਗ ਨੇ ਆਪਣਾ ਸੱਜਾ ਹੱਥ ਕੱਢਿਆ, ਉਹ ਮੁਸਕਰਾਏ ਤੇ ਮੇਰੇ ਦੇਖਦੇ ਦੇਖਦੇ ਅੱਖਾਂ ਦੇ ਸਾਮ੍ਹਣੇ ਉਨ੍ਹਾਂ ਦੀ ਹਥੇਲੀ ਤੇ ਲਾਲ ਸੇਬ ਆ ਗਿਆ, ਮੈਂ ਆਪਣੇ ਆਪ ਨੂੰ ਕਿਹਾ ਕਿ ਮੈਂ ਤਾਂ ਸਾਰੇ ਕਿਤੇ ਸੰਤਾਂ ਸਾਧੂਆਂ ਨੂੰ ਹੀ ਮਿਲਦਾ ਰਿਹਾ ਹਾਂ ਪਰ ਮੇਰੀਆਂ ਅੱਖਾਂ ਹੀ ਨਹੀਂ ਸੀ, ਉਨ੍ਹਾਂ ਨੂੰ ਦੇਖਣ ਦੀਆਂ।

ਜਦੋਂ ਅਸੀਂ ਭਾਰਤ ਤੋਂ ਵਾਪਸ ਆ ਗਏ ਤਾਂ ਸਵਾਮੀ ਜੀ ਨੇ ਮੈਨੂੰ ਦੱਸਿਆ ਕਿ ਮੈਂ ਆਪਣੀ ਭੈਣ ਨੂੰ ਤਾਂ ਮਿਲਿਆ ਹੀ ਹਾਂ ਪਰ ਮੈਂ ਆਪਣੇ ਭਰਾ ਨੂੰ ਵੀ ਮਿਲਿਆ ਹਾਂ, ਰਾਜਨ ਇਕ ਦਿਨ ਰੋਂਦਾ ਰੋਂਦਾ, ਸਵਾਮੀ ਜੀ ਕੋਲ ਆਇਆ ਤੇ ਕਹਿਣ ਲੱਗਾ, ਜਸਟਿਨ ਮੈਨੂੰ ਕਿਉਂ ਨਹੀਂ ਪਛਾਣਦਾ?

ਚਿੰਤਾ ਕੋਈ ਵੀ ਸਮੱਸਿਆ ਨਹੀਂ ਖਤਮ ਕਰ ਸਕਦੀ, ਸਾਨੂੰ ਇਕ ਦਿਨ ਸਵਾਮੀ ਜੀ ਨੇ ਕੁੰਭ ਮੇਲੇ ਵਿਚ ਦੱਸਿਆ। ਚਿੰਤਾ ਬਹੁਤ ਹੀ ਹਾਨੀਕਾਰਕ ਹੈ, ਉਹ ਕਰੋ ਜਿਸ ਨਾਲ ਚਿੰਤਾ ਖਤਮ ਹੋ ਸਕੇ, ਧਿਆਨ ਲਗਾਓ, ਸਿਮਰਨ ਕਰੋ। ਮੰਨ ਲਓ ਚਿੰਤਾ ਮੁਕਤ ਕਰੋ। ਵਿਚਾਰ ਬਹੁਤ ਹੀ ਸ਼ਕਤੀਸ਼ਾਲ ਹੁੰਦੇ ਹਨ, ਤੁਸੀਂ ਨਹੀਂ ਸੋਚ ਸਕਦੇ। ਵਿਚਾਰ



Sri Satguru Jagjit Singh Ji eLibrary NamdhariElibrary@gmail.com

ਦੇ ਮੁਕਾਬਲੇ ਕਰਮ ਕਰਨੇ ਕੁਝ ਵੀ ਨਹੀਂ ਹੁੰਦੇ। ਵਾਸਤਵ ਵਿਚ ਤੁਸੀਂ ਕੁਝ ਵੀ ਨਹੀਂ ਤੁਸੀਂ ਕੇਵਲ ਵਿਚਾਰ ਹੋ ਇਸ ਕਰਕੇ ਕੇਵਲ ਇਕ ਹੀ ਜੀਵਨ ਦਾ ਪ੍ਰਮੁੱਖ ਵਿਚਾਰ ਰੱਖੋ ਤੇ ਉਸ ਨੂੰ ਮਾਰਗ ਦਰਸ਼ਕ ਬਣਾਓ, ਵਿਚਾਰ ਹੀ ਸਾਨੂੰ ਇਕੱਠਾ ਕਰਦੇ ਹਨ, ਵਿਚਾਰ ਹੀ ਸਾਨੂੰ ਇਕ ਦੂਸਰੇ ਤੋਂ ਦੂਰ ਕਰਦੇ ਹਨ, ਤੁਸੀਂ ਆਪਣੇ ਵਿਚਾਰ ਤੇ ਮੰਨਨ ਕਰਕੇ ਹੀ ਉਸ ਨੂੰ ਜ਼ੋਰਦਾਰ ਉਸ ਨੂੰ ਸ਼ਕਤੀਸ਼ਾਲ ਬਣਾ ਸਕਦੇ ਹੋ। ਅਸੀਂ ਸੋਚਦੇ ਹਾਂ ਅਸੀਂ ਦੂਸਰਿਆਂ ਤੋਂ ਵੱਖ ਹਾਂ, ਅਸੀਂ ਇਸ ਵਿਚਾਰ ਨੂੰ ਬਾਰ ਬਾਰ ਆਪਣੇ ਅੰਦਰ ਪਕਾਉਂਦੇ ਰਹਿੰਦੇ ਹਾਂ। ਦੂਰ ਕਰਨਾ ਵੱਖ ਰਖਣਾ, ਭਿੰਨ ਭਿੰਨ ਹੋਣਾ ਇਹ ਸਾਡੀ ਸੋਝੀ ਵਿਚ ਨਹੀਂ ਹੈ। ਤੁਸੀਂ ਦੂਸਰਿਆਂ ਨੂੰ ਆਪਣੇ ਵਿਚਾਰਾਂ ਨਾਲ ਹੀ ਪ੍ਰਭਾਵਿਤ ਕਰਦੇ ਹੋ, ਵਿਚਾਰਾਂ ਦੀ ਸ਼ਕਤੀ ਦਾ ਠੀਕ ਅਨੁਮਾਨ ਲਗਾਇਆ ਹੀ ਨਹੀਂ ਜਾਂਦਾ, ਖਾਸ ਤੌਰ ਤੇ ਜਿਥੋਂ ਤਕ ਬੱਚਿਆਂ ਦਾ ਸਵਾਲ ਹੈ, ਬੱਚੇ ਸੁਤੇ ਸੁਤੇ ਵੀ ਤੁਹਾਡੀ ਆਪਸੀ ਗੱਲਬਾਤ ਸੁਣ ਕੇ ਉਸ ਤੋਂ ਪ੍ਰਭਾਵਿਤ ਹੁੰਦੇ ਹਨ ਜੇ ਮਾਤਾ ਪਿਤਾ ਉਨ੍ਹਾਂ ਦੇ ਸੁਤਿਆਂ ਵੀ ਝਗੜਦੇ ਹਨ ਉਸ ਦਾ ਉਨ੍ਹਾਂ ਨੂੰ ਬਹੁਤ ਹੀ ਨੁਕਸਾਨ ਹੁੰਦਾ ਹੈ।

ਅਸੀਂ ਤਿੰਨ ਵੱਖ ਵੱਖ ਸੰਸਾਰਾਂ ਵਿਚ ਰਹਿੰਦੇ ਹਾਂ, ਇਕ ਉਹ ਸੰਸਾਰ ਜਿਹੜਾ ਸਭ ਨੂੰ ਸਭ ਕੁਝ ਦਿੰਦਾ ਹੈ, ਸੂਰਜ ਸਭ ਨੂੰ ਇਕੋ ਜਿਹਾ ਪ੍ਰਕਾਸ਼, ਸੇਕ, ਰੌਸ਼ਨੀ ਦਿੰਦਾ ਹੈ ਉਹ ਸਭ ਨੂੰ ਸਮਾਨ ਹੀ ਸਮਝਦਾ ਹੈ ਤੇ ਸਮਾਨਤਾ ਹੀ ਰਖਦਾ ਹੈ, ਇਹ ਕੁਦਰਤ ਦਾ ਨਿਯਮ ਹੈ ਇਹ ਕੁਦਰਤ ਦੀ ਸਮਾਨਤਾ ਹੈ, ਦੂਸਰਾ ਸੰਸਾਰ ਹੈ ਸ਼ਾਂਤੀ ਦਾ, ਸੰਸਾਰ ਸਥਿਰਤਾ ਦਾ ਸੰਸਾਰ ਜਿਹੜਾ ਬਹੁਤ ਸਾਰਿਆਂ ਨੂੰ ਨਹੀਂ ਪਤਾ ਤੀਸਰਾ ਸੰਸਾਰ ਹੈ, ਅਸਮਾਨਤਾ ਦਾ ਜਿਸ ਵਿਚ ਅਸੀਂ ਸਭ ਹਾਂ ਇਹ ਸਾਡਾ ਬਣਾਇਆ ਸੰਸਾਰ ਹੈ, ਇਹ ਅਸੀਂ ਆਪਣੀ ਸੌਖ ਲਈ ਬਣਾਇਆ ਹੈ, ਆਪਣੀ ਲੋੜ ਲਈ ਬਣਾਇਆ ਹੈ ਅਸੀਂ ਸਾਰੇ ਪਾਸੇ ਆਪਣੇ ਲਈ ਕੰਧਾਂ ਖੜ੍ਹੀਆਂ ਕਰ ਲਈਆਂ, ਇਹ ਕੰਧਾਂ ਸਾਰੇ ਵਿਚਾਰਾਂ ਨੇ ਖੜ੍ਹੀਆਂ ਕੀਤੀਆਂ ਹਨ ਪਰ ਸਾਨੂੰ ਰਹਿਣ ਲਈ ਜੀਉਣ ਲਈ ਪਹਿਲੇ ਸੰਸਾਰ ਨੂੰ ਹੀ ਸਦਾ ਚੇਤੇ ਰੱਖਣਾ ਪਵੇਗਾ।

ਜਦੋਂ ਅਸੀਂ ਕਿਸੇ ਲਈ ਸਪਰਦਾ ਮਹਿਸੂਸ ਕਰਦੇ ਹਾਂ, ਈਰਖਾ ਮਹਿਸੂਸ ਕਰਦੇ ਹਾਂ, ਦੇਖੋ ਤੁਸੀਂ ਕਿਉਂ ਈਰਖਾ ਮਹਿਸੂਸ ਕਰ ਰਹੇ ਹੋ, ਈਰਖਾ ਨਾਲ ਪਿਆਰ ਬਹੁਤ ਛੇਤੀ ਖਤਮ ਹੋ ਜਾਂਦਾ ਹੈ। ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਕੋਮਲ ਮਨ ਕਲਪਨਾ ਕੁਝ ਵੀ ਕਰ ਸਕਦੇ ਹਨ, ਕਿਸੇ ਚੀਜ਼ ਦੀ ਸਿਰਜਨਾ ਕਰ ਸਕਦੇ ਹਨ ਪਰ ਬਹੁਤ ਵਾਰੀ ਉਹ ਸੱਚ ਨਹੀਂ ਹੁੰਦਾ। ਜੋ ਕੁਝ ਵੀ ਤੁਸੀਂ ਆਪਣੇ ਲਈ ਆਪ ਬਣਾਉਂਦੇ ਆਪ ਸਿਰਜਨਾ ਕਰਦੇ ਹੋ, ਉਸ ਦਾ ਪ੍ਰਭਾਵ ਤੁਹਾਡੇ ਉਤੇ ਵਧੇਰੇ ਪੈਂਦਾ ਹੈ ਜੋ ਕੁਝ ਦੂਸਰੇ ਕਰਦੇ ਹਨ ਉਸ ਦਾ ਪ੍ਰਭਾਵ ਐਨਾ ਵਧ ਨਹੀਂ ਪੈਂਦਾ, ਕੋਈ ਵੀ ਹੋਰ ਤੁਹਾਡੇ ਅੰਤਰ ਨੂੰ ਨਹੀਂ ਜਾਣਦਾ, ਕੋਈ ਵੀ ਤੁਹਾਡੇ ਬਾਰੇ ਚੰਗੀ ਤਰ੍ਹਾਂ ਨਹੀਂ ਜਾਣਦਾ, ਕਦੀ ਵੀ ਦੂਸਰਿਆਂ ਦੇ ਉਛਾਲਣ ਤੇ ਤੰਗ ਨਾ ਹੋਵੋ ਉਨ੍ਹਾਂ ਦੀ ਉਕਸਾਹਟ ਵਿਚ ਨਾ ਆਓ, ਉਨ੍ਹਾਂ ਦੇ ਕਹੇ ਸ਼ਬਦ ਕਦੀ ਵੀ ਤੁਹਾਨੂੰ ਪੂਰੀ ਤਰ੍ਹਾਂ ਨਹੀਂ ਵਰਨਣ ਕਰ ਸਕਦੇ।

ਜਦੋਂ ਅਸੀਂ ਪਹਿਲੇ ਸੰਸਾਰ ਬਾਰੇ ਭਾਵ ਨਿਰਪਕਸ਼ ਸੰਸਾਰ ਬਾਰੇ ਸੋਚਦੇ ਹਾਂ ਤਾਂ ਸਾਡਾ ਸੁਭਾਅ ਦੂਸਰੇ ਸੰਸਾਰ ਭਾਵ ਸਥਿਰਤਾ ਦੇ ਸੰਸਾਰ ਦਾ ਅਨੁਭਵ ਕਰਨ ਲਈ ਮਜ਼ਬੂਰ ਕਰੇਗਾ। ਅਸੀਂ ਆਪਣੇ ਆਪ ਹੀ ਇਹ ਸਿੱਖ ਜਾਂਦੇ ਹਾਂ ਕਿ ਸ਼ਾਂਤੀ, ਸਥਿਰਤਾ ਇਹ ਕਿਤੇ ਬਾਹਰ ਨਹੀਂ ਮਿਲਦੀ, ਨਾ ਸਰੀਰ, ਨਾ ਮਨ ਵਿਚ, ਨਾ ਕਿਸੇ ਪਰਿਕਲਪਨਾ ਵਿਚ ਇਹ ਸਭ ਕੁਝ ਭਾਵੇਂ ਕਿੰਨਾ ਜ਼ਰੂਰੀ ਕਿਉਂ ਨਾ ਹੋਵੇ। ਸ਼ਾਂਤੀ ਅੰਦਰ ਹੈ, ਪਹਿਲਾਂ ਆਪਣੇ ਸੁਆਸ ਨਾਲ ਜਾਣੂੰ ਹੋਵੋ, ਸੁਆਸ ਪ੍ਰਤੀ ਜਾਣੂ ਹੋਵੋ। ਜਿਵੇਂ ਹੀ ਤੁਸੀਂ ਸੁਆਸ ਤੇ ਧਿਆਨ ਦਿਓਗੇ ਕੋਈ ਵੀ ਰੁਕਾਵਟ ਕੋਈ ਵੀ ਅਸ਼ਾਂਤੀ ਮਿੰਟਾਂ ਵਿਚ ਖਤਮ ਹੋ ਜਾਵੇਗੀ। ਫੇਰ ਤੁਸੀਂ ਧਿਆਨ ਲਗਾਉ, ਸਿਮਰਨ ਕਰੋ, ਅੰਦਰ ਜਾਓ, ਅੰਦਰ ਜਾ ਕੇ ਤੁਹਾਡੇ ਮਨ ਤੁਸੀਂ ਸਮੇਂ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹੋ। ਧਿਆਨ ਤੋਂ ਉਠ ਕੇ ਤੁਸੀਂ ਸਾਰੇ ਦਿਨ ਦਾ ਕੰਮ ਕਰੋ, ਰੋਜ਼ਾਨਾ ਜੀਵਨ ਦਾ ਕੰਮ ਕਰੋ।

ਉਸ ਸ਼ਾਮ ਨੂੰ ਇਕ ਸੱਜਣ ਸਵਾਮੀ ਜੀ ਕੋਲ ਆਏ, ਉਹ ਮੌਨ ਵਿਚ ਸੀ ਉਨ੍ਹਾਂ ਦਾ ਨਾਮ ਸੀ ਮਹਾਤਮਾ ਸ਼ਾਮ ਚਰਨ ਦਾਸ ਜੀ ਜਿਸ ਦਾ ਅਰਥ ਹੈ ਪ੍ਰਮਾਤਮਾ ਦੇ ਚਰਨਾਂ ਦਾ ਸੇਵਕ ਉਹ ਬੜੇ ਸੋਹਣੇ ਸੁਨੱਖੇ ਉਚੇ ਲੰਮੇ ਸੱਜਣ ਸੀ। ਉਨ੍ਹਾਂ ਦੀ ਉਮਰ ਕੋਈ 35 ਸਾਲ ਦੀ ਹੋਵੇਗੀ, ਵਾਲ ਲੰਮੇ ਤੇ ਖੁਲ੍ਹੇ ਹੋਏ ਤੇ ਉਤੇ ਹਿਰਨ ਦੀ ਖੱਲ ਲਪੇਟੀ ਹੋਈ। ਨਵੇਂ ਨਵੇਂ ਕਾਲਜ ਪਾਸ ਕਰਕੇ ਇਹ ਕਿਧਰੇ ਸੇਲ ਮੈਨੇਜਰ ਲੱਗੇ ਸੀ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਪਰ ਉਹ ਸਫਲ ਨਾ ਹੋਇਆ, ਉਹ ਕੋਸ਼ਿਸ਼ ਕਰਦਾ ਰਿਹਾ ਜਿੰਨਾ ਜਿੰਨਾ ਅਸਫਲ ਹੋਇਆ ਓਨਾ ਹੀ ਉਹ ਢਹਿੰਦੀ ਕਲਾ ਵਲ ਜਾਂਦਾ ਰਿਹਾ, ਇਥੋਂ ਤਕ ਕਿ ਉਹ ਮਰਨ ਲਈ ਤਿਆਰ ਹੋ ਗਿਆ। ਫੇਰ ਉਹ ਨਦੀ ਦੇ ਕੰਢੇ ਟੁਰਨ ਲਗ ਪਿਆ ਕਿ ਕਿਤੇ ਉਸ ਨੂੰ ਕੋਈ ਸਾਧੂ ਮਿਲ ਜਾਏ, ਉਹ ਇਕ ਪੁਰਾਤਨ ਥਾਂ ਵਲ ਚਲਾ ਗਿਆ, ਉਹ ਮੰਦਰ ਦੇ ਖੰਡਰ ਹੀ ਸੀ। ਉਸ ਨੇ ਇਹ ਫੈਸਲਾ ਕਰ ਲਿਆ ਕਿ ਉਹ ਬਿਨਾਂ ਖਾਧੇ ਪੀਤੇ ਉਥੇ ਹੀ ਪ੍ਰਾਣ ਤਿਆਗ ਦੇਵੇਗਾ, ਇਸ ਤਰ੍ਹਾਂ ਸੋਚਦਿਆਂ ਉਸ ਨੂੰ ਨੀਂਦ ਆ ਗਈ ਫੇਰ ਉਸ ਨੂੰ ਤਦ ਹੀ ਪਤਾ ਲੱਗਾ ਜਦੋਂ ਕੋਈ ਉਸ ਨੂੰ ਉਠਾ ਰਿਹਾ ਸੀ ਇਹ ਇਕ ਬਿਰਧ ਸਾਧੂ ਸੀ, ਜਿਹੜੇ ਉਸ ਨੂੰ ਉਠਾ ਰਹੇ ਸੀ।

"ਮੈਂ ਤੇਰੀ ਭਾਲ ਦਾ ਜਵਾਬ ਦਿਆਂਗਾ ਉਹ ਸਾਧੂ ਕਹਿਣ ਲੱਗੇ, ਤੂੰ ਮੇਰੇ ਨਾਲ ਆ।

ਜੀਵਨ ਕੀ ਹੈ, ਇਹ ਪ੍ਰਸ਼ਨ ਉਸ ਦੇ ਅੰਦਰ ਛਲਕ ਰਿਹਾ ਸੀ ਜਿਵੇਂ ਹੀ ਉਹ ਹਿਮਾਲੀਆ ਵਲ ਤੁਰ ਰਿਹਾ



Sri Satguru Jagjit Singh Ji eLibrary NamdhariElibrary@gmail.com

ਸੀ, ਗੰਗੋਤਰੀ ਜਾ ਰਿਹਾ ਸੀ। ਉਥੇ ਉਸ ਨੂੰ ਸ਼ਰਧਾ ਦਾ ਆਪਾ ਸਮਰਪਣ ਦਾ ਗਿਆਨ ਦਿਤਾ। ਫੇਰ ਉਹ ਉਥੇ ਹੀ ਮੌਨ ਅਵਸਥਾ ਵਿਚ ਰਿਹਾ।

ਬਹੁਤ ਸਾਰੇ ਪਹਾੜ ਦੇ ਯੋਗੀਆਂ ਦੀ ਤਰ੍ਹਾਂ ਇਹ ਵੀ ਅੰਤਰਮੁਖੀ ਹੋ ਕੇ ਪ੍ਰਸ਼ਨਾਂ ਦੇ ਉਤਰ ਦਿੰਦੇ ਸੀ। ਇਸ ਸਮੇਂ ਇਹ ਕੁੰਭ ਲਈ ਹੀ ਆਏ ਸੀ, ਮੇਰੇ ਗੁਰੂਦੇਵ ਨੇ ਇਨ੍ਹਾਂ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ ਸੀ।

'ਬੇਟੇ' ਸਵਾਮੀ ਜੀ ਕਹਿਣ ਲੱਗੇ, ਤੁਸੀਂ ਮੇਰੇ ਅਮਰੀਕਾ ਤੋਂ ਆਏ ਸ਼ਰਧਾਲੂਆਂ ਲਈ ਆਪਣਾ ਮੌਨ ਤੋੜੋਗੇ?

ਅਸੀਂ ਦੇਖਿਆ ਨੌਜਵਾਨ ਯੋਗੀ ਮੁਸਕਰਾ ਰਹੇ ਸੀ ਉਹ ਆਸ਼ਰਮ ਦੀ ਸਟੇਜ ਤੇ ਬੈਠੇ ਤੇ ਪ੍ਰਭੂ ਪ੍ਰੇਮ ਦੇ ਭਜਨ ਉਨ੍ਹਾਂ ਨੇ ਉਚਾਰਨ ਕੀਤੇ। ਉਨ੍ਹਾਂ ਦੀ ਹਾਜ਼ਰੀ ਮਿਕਨਾਤੀਸੀ ਸੀ, ਸ੍ਵੈਮਾਨ ਸ੍ਵੈ ਭਰੋਸਾ ਤੇ ਰਹੱਸ। ਸਵਾਮੀ ਜੀ ਦੇ ਆਦਰ ਸਤਿਕਾਰ ਵਜੋਂ ਉਨ੍ਹਾਂ ਨੇ ਬਾਰ੍ਹਾਂ ਸਾਲ ਦਾ ਮੌਨ ਤੋੜਿਆ ਸੀ ਤੇ ਪ੍ਰਭੂ ਪ੍ਰੇਮ ਨੂੰ ਸਾਂਝਾ ਕੀਤਾ ਸੀ। ਜਦੋਂ ਉਨ੍ਹਾਂ ਨੇ ਗੁਣ ਗਾਣ ਸਮਾਪਤ ਕਰ ਲਿਆ ਉਹ ਉਠੇ ਤੇ ਮੁੜ ਕੇ ਹਿਮਾਲੀਆ ਵਲ ਚਲੇ ਗਏ।

---

(ਪੰਨਾ 25 ਦੀ ਬਾਕੀ)

ਅਧਾਰਿਤ ਹੈ ਕਿ ਉਹ ਸਚਮੁਚ ਹੀ ਵਾਹਿਗੁਰੂ ਨਾਲ ਅਭੇਤ ਅਵਸਥਾ ਵਿਚ ਇਕਮਿਕ ਹੋ ਕੇ ਹੋਵੇ ਅਤੇ ਉਸਨੂੰ ਦਿਬਯ ਲੋਇਨਾਂ ਰਾਹੀਂ ਘਟ-ਘਟ ਵਿਚ ਪ੍ਰਭੂ ਦੇ ਪ੍ਰਤੱਖ ਝਲਕਾਰੇ ਮਸਤ ਕਰਦੇ ਹੋਣ। ਉਹ ਵਜੂਦ ਸਾਕਾਰ ਰੂਪ ਵਿਚ ਪ੍ਰਭੂ ਦਾ ਹੀ ਵਜੂਦ ਹੋਇਆ ਕਰਦਾ ਹੈ। ਅਜਿਹੇ ਖਾਲਸੇ ਨੂੰ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਣਾ ਪੈਂਦਾ ਕਿਉਂਕਿ ਸਰਬੱਤ ਦੇ ਭਲੇ ਦਾ ਫੈਲਿਆ ਹੋਇਆ ਓਰਾ ਹਰ ਕਿਸੇ ਨੂੰ ਆਪਣੇ ਕਲਾਵੇ ਵਿਚ ਲੈ ਕੇ ਪਿਆਰ, ਪ੍ਰੇਮ ਤੇ ਅਪਣੱਤ ਦੀਆਂ ਤਰੰਗਾਂ ਰਾਹੀਂ ਆਪਣਾ ਬਣਾ ਲੈਂਦਾ ਹੈ, ਉਸ ਵਿਚ ਸਾਰੀ ਸ੍ਰਿਸ਼ਟੀ ਦੀ ਸਾਂਝ ਪ੍ਰਤੱਖ ਰੂਪ ਵਿਚ ਨਜ਼ਰ ਆਇਆ ਕਰਦੀ ਹੈ ਅਤੇ ਉਹ ਅਕਾਲਪੁਰਖ ਵਲੋਂ ਥਾਪਿਆ ਹੋਇਆ ਸੇਵਾਦਾਰ ਹੁੰਦਾ ਹੈ। ਉਹ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੋਣ ਕਰਕੇ ਸਭਨਾਂ ਦਾ ਭਲਾ ਮਨਾਉਂਦਾ ਹੈ। ਅਸਾਨੂੰ ਬਹੁਤ ਸ਼ੀਘਰ ਆਪਣੇ ਆਪ ਦੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਕੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਉਚ ਆਦਰਸ਼ਾਂ ਦੇ ਮੁਤਾਬਿਕ ਆਪਣੇ ਜੀਵਨ ਪੱਥ ਅਪਣਾਅ ਰਹੇ ਹਾਂ ਜਾਂ ਕਿ ਮਨ ਮਤ ਦੀਆਂ ਕਾਲੀਆਂ ਲਕੀਰਾਂ ਪੈ ਕੇ ਇਸ ਨੂੰ ਧੁੰਧਲਾ ਕਰ ਰਹੇ ਹਾਂ।

ਪੰਜ ਪਿਆਰਿਆਂ ਰਾਹੀਂ ਬਾਣੀ ਦੀ ਸ਼ਕਤੀ ਦੇ ਨਾਲ ਤਿਆਰ ਕੀਤੀ ਪਾਹੁਲ, ਸ਼ਕਤੀ ਦਾ ਭੰਡਾਰ ਹੋਇਆ ਕਰਦਾ ਹੈ। ਜਿਸਨੇ ਪੰਜ ਪਿਆਰਿਆਂ ਦੀ ਪਵਿੱਤਰ ਰਸਨਾ ਤੋਂ ਗੁਰਮੰਤ੍ਰ ਦੀ ਗੁੰਜ਼ਾਰ ਸੁਣ ਕੇ ਅੰਦਰ ਵਸਾ ਲਈ, ਉਸਦੇ ਅੰਦਰੋਂ ਨਾਮ ਧੁਨ ਅਲੋਪ ਨਹੀਂ ਹੋਇਆ ਕਰਦੀ। ਗੁਰਮੰਤ੍ਰ ਦੀ ਸ਼ਕਤੀ ਉਸਦੇ ਰੋਮ-ਰੋਮ ਵਿਚ ਸਮਾ ਜਾਂਦੀ ਹੈ ਅਤੇ ਮੰਤ੍ਰ ਦੇ ਬਲ ਕਰਕੇ ਉਹ ਉਸ ਅੰਮ੍ਰਿਤ ਕੁੰਡ ਤਕ ਪਹੁੰਚ ਜਾਂਦੀ ਹੈ ਜਿਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ।।***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ।।***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ।।*** ***ਪੰਨਾ - 644***
***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।।***
***ਦੇਹੀ ਮਹਿ ਇਸ ਕਾ ਬਿਸ੍ਰਾਮੁ।।***
***ਸੁੰਨ ਸਮਾਧਿ ਅਨਹਤ ਤਹ ਨਾਦ।।***
***ਕਹਨੁ ਨ ਜਾਈ ਅਚਰਜ ਬਿਸਮਾਦ।।*** ***ਪੰਨਾ - 293***

ਦੇ ਮਹਾਨ ਅਨੰਦ ਨੂੰ ਆਪਣੇ ਜੀਵਨ ਵਿਚ ਮਾਣਦਾ ਹੈ।

ਸੋ ਇਸ ਕਰਕੇ ਪਿਆਰਿਓ! ਸੋਚੋ ਕਿ ਅੱਜ ਅਸੀਂ ਘਰ ਵਿਚ ਭਰਪੂਰ ਅੰਮ੍ਰਿਤ ਤਕ ਪੁੱਜ ਸਕੇ ਹਾਂ? ਅੰਮ੍ਰਿਤ ਨੂੰ ਸੁਰ, ਨਰ, ਮੁਨ, ਜਨ ਦੇਵਤੇ ਖੋਜਦੇ ਰਹੇ ਹਨ ਅਤੇ ਜੋ ਗੁਰੂ ਦੇ ਰਾਹੀਂ ਪ੍ਰਾਪਤ ਹੋ ਕੇ ਜੀਵ ਆਤਮਾ ਨੂੰ ਵਾਹਿਗੁਰੂ ਦਾ ਰੂਪ ਬਣਾ ਦਿੰਦਾ ਹੈ; ਉਹ ਸਾਨੂੰ ਪ੍ਰਾਪਤ ਹੋ ਚੁੱਕਿਆ ਹੈ ਜਾਂ ਨਹੀਂ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ।।***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ।।*** ***ਪੰਨਾ - 538***

ਇਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿਚ ਆ ਕੇ -

***ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ।।***

ਗੁਰਮੰਤ੍ਰ ਪ੍ਰਾਪਤ ਕਰਕੇ ਗੁਰਮੁਖ ਪਿਆਰਿਆਂ ਦੀ ਸੰਗਤ ਰਾਹੀਂ ਇਸ ਅੰਮ੍ਰਿਤ ਕੁੰਡ ਤੱਕ ਪਹੁੰਚ ਕੇ ਸਦਾ-ਸਦਾ ਲਈ ਅਮਰ ਹੋਣ ਲਈ ਖਾਲਸਾ ਪਦ ਦੀ ਪ੍ਰਾਪਤੀ ਕੀਤੀ ਜਾਵੇ-

***ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ***
***ਹਰਿ ਸਿਮਰਤ ਅਨਦ ਅਨੰਤਾ।।*** ***ਪੰਨਾ - 496***



Sri Satguru Jagjit Singh Ji eLibrary NamdhariElibrary@gmail.com

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-63)*

ਰਾਜਾ ਹਰੀ ਚੰਦ ਨੂੰ ਸਿਰਫ ਸੁਪਨਾ ਆਇਆ ਸੀ ਤੇ ਸੁਪਨੇ ਵਿਚ ਉਸ ਨੇ ਦਾਨ ਕਰ ਦਿਤਾ ਆਪਣਾ ਰਾਜ ਭਾਗ। ਉਸ ਤੋਂ ਬਾਅਦ ਵਿਸ਼ਵਾਮਿਤਰ ਆ ਜਾਂਦੇ ਨੇ।

ਕਹਿਣ ਲੱਗੇ, "ਤੂੰ ਸੁਪਨੇ ਵਿਚ ਰਾਜ ਦਾਨ ਕਰਿਆ ਸੀ?"

ਕਹਿੰਦਾ, "ਹਾਂ ਜੀ! ਮੈਂ ਤਿਆਰ ਹਾਂ ਭਾਵੇਂ ਮੈਂ ਸੁਪਨੇ ਵਿਚ ਸੰਕਲਪ ਕਰ ਦਿਤਾ ਪਰ ਮੈਂ ਸੁਪਨੇ ਦੇ ਬਚਨ ਨੂੰ ਵੀ ਪਾਲਾਂਗਾ।"

ਸੁਪਨੇ ਦੇ ਬਚਨ ਨੂੰ ਤਾਂ ਦੁਨੀਆਂ ਵਿਚ ਕੋਈ ਨਹੀਂ ਪਾਲਦਾ। ਇਕ ਰਾਜਾ ਹਰੀ ਚੰਦ ਸੀ ਜਿਸ ਨੇ ਬਚਨ ਪਾਲਿਆ। ਕਿੱਡੀ ਵੱਡੀ ਪਦਵੀ ਪ੍ਰਾਪਤ ਹੋਈ, ਗੁਰੂ ਗ੍ਰੰਥ ਸਾਹਿਬ ਵਿਚ ਨਾਉਂ ਆ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ, ਇਹ ਚੀਜ਼ਾਂ ਧਾਰਨ ਕਰ, ਫੇਰ ਇਹ ਜਿਹੜੀ ਰਸਮ ਤੂੰ ਪਹਿਨੇਂਗਾ –

***ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥***
***ਪੰਨਾ – 471***

ਇਹ ਜੀਵ ਦੀ ਚੀਜ਼ ਹੈ ਜਿਹੜੀ ਨਾਲ ਨਿਭਣੀ ਹੈ। ਸੋ ਮੈਂ ਬੇਨਤੀ ਕਰਦਾ ਸੀ ਕਿ ਇਕ ਤਾਂ ਰਹਿਤ ਇਹ ਹੋ ਗਈ, ਇਕ ਰਹਿਤ ਉਹ ਹੈ ਜੋ ਗੁਰੂ ਸਾਹਿਬ ਦਸਦੇ ਨੇ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਪੰਨਾ – 305***

ਜਿਹੜਾ ਕਹਿੰਦਾ ਹੈ ਕਿ ਮੈਂ ਸਿੱਖ ਹਾਂ ਗੁਰੂ ਦਾ, ਉਹ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰੇ। ਇਸ ਸਰੀਰ ਦਾ ਇਸ਼ਨਾਨ ਕਰਾਉਣ ਤੋਂ ਬਾਅਦ ਮਨ ਦਾ ਇਸ਼ਨਾਨ ਅੰਮ੍ਰਿਤ ਦੇ ਸਰੋਵਰ ਵਿਚ ਕਰਾਵੇ। ਕਹਿੰਦੇ ਜੀ, ਅੰਮ੍ਰਿਤਸਰ ਤਾਂ ਰੋਜ਼ ਜਾਣਾ ਔਖਾ ਹੈ, ਗੁਰੂ ਦਾ ਹੁਕਮ ਕਿਵੇਂ ਪਾਲਾਂਗੇ? ਮਹਾਰਾਜ ਜੀ ਕਹਿੰਦੇ ਤੂੰ ਸਮਝ ਅੰਮ੍ਰਿਤ ਸਰੋਵਰ ਕੀ ਹੈ? ਪਹਿਲਾਂ ਅੰਮ੍ਰਿਤ ਦਾ ਸਰੋਵਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ ਜਿਸ ਨੂੰ ਕਿਹਾ ਹੈ –

***ਰਾਮਦਾਸ ਸਰੋਵਰਿ ਨਾਤੇ॥ ਪੰਨਾ – 625***

ਉਹ ਗੁਰੂ ਦੀ ਸੰਗਤ ਹੈ। ਰਾਮ ਦੇ ਦਾਸ ਜਿਸ ਥਾਂ ਤੇ ਇਕੱਠੇ ਹੋ ਕੇ ਬੈਠਣ, ਉਸ ਦੇ ਵਿਚ ਜਾ ਕੇ ਮਨ ਦਾ ਇਸ਼ਨਾਨ ਕਰ, ਉਥੇ ਹਰੀ ਦਾ ਜਸ ਸੁਣ, ਕੀਰਤਨ ਸੁਣ, ਬਾਣੀ ਸੁਣ, ਬਾਣੀ ਦੀ ਵਿਚਾਰ ਸੁਣ, ਇਸਦੇ ਨਾਲ ਤੇਰੇ ਮਨ ਦਾ ਇਸ਼ਨਾਨ ਹੋਏਗਾ। ਦੂਸਰਾ, ਅੰਮ੍ਰਿਤ ਗੁਰੂ ਨੇ ਤੇਰੇ ਅੰਦਰ ਹੀ ਰੱਖਿਆ ਹੈ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥***
***ਪੰਨਾ – 644***

ਕਹਿੰਦੇ ਉਹ ਅੰਮ੍ਰਿਤ ਤੇਰੇ ਅੰਦਰ ਹੈ। ਕਹਿੰਦੇ ਜੀ! ਉਹ ਅੰਮ੍ਰਿਤ ਕਿਹੜਾ ਹੋਇਆ? ਮੈਨੂੰ ਤਾਂ ਸਮਝ ਨਹੀਂ ਆਉਂਦੀ। ਮਹਾਰਾਜ ਜੀ ਨੇ ਅੱਗੇ ਫੇਰ ਖੋਲ੍ਹ ਕੇ ਦਸ ਦਿਤਾ, ਕਹਿੰਦੇ –

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਪੰਨਾ – 538***

ਆਹ ਜਿਹੜਾ ਨਾਮ ਹੈ ਇਹੀ ਅੰਮ੍ਰਿਤ ਹੈ, ਇਹ ਗੁਰੂ ਦੀ ਮਤ ਧਾਰਨ ਕਰਕੇ ਤੇਰੇ ਅੰਦਰੋਂ ਪ੍ਰਗਟ ਹੋ ਜਾਣਾ ਹੈ ਕਿਉਂਕਿ ਵਾਹਿਗੁਰੂ ਜੀ ਨੇ ਤੇਰੇ ਅੰਦਰ ਅੰਮ੍ਰਿਤ ਰੱਖ ਦਿਤਾ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਪੰਨਾ – 293***

ਤੇ ਨਿਸ਼ਾਨੀ ਕੀ ਹੈ? ਕਹਿੰਦੇ –

***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293***

ਜਿੱਥੇ ਅੰਮ੍ਰਿਤ ਦਾ ਖਜ਼ਾਨਾ ਪਿਆ ਹੈ ਉਥੇ 'ਸੁੰਨ ਸਮਾਧਿ' ਹੈ, ਉਥੇ ਅਫੁਰ ਅਵਸਥਾ ਹੈ, 'ਗਗਨੰਦਰ' ਕਹਿੰਦੇ ਨੇ ਉਸ ਨੂੰ –

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥***
***ਪੰਨਾ – 1033***

ਕਹਿੰਦੇ ਅੰਮ੍ਰਿਤ ਤੇਰੇ ਅੰਦਰ ਪਿਆ ਹੈ। ਅੰਮ੍ਰਿਤ ਪੀ



Sri Satguru Jagjit Singh Ji eLibrary NamdhariElibrary@gmail.com

ਕੇ ਦੁਬਾਰਾ ਮੌਤ ਨਹੀਂ ਆਉਂਦੀ –

***ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ...........॥***
***ਪੰਨਾ – 496***

ਸਦਾ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ, ਕਿਉਂਕਿ ਮੌਤ ਨਹੀਂ ਉਸ ਨੂੰ ਆਉਂਦੀ। ਸੋ ਇਹ ਗੱਲਾਂ ਵਿਚਾਰਨ ਵਾਲੀਆਂ ਨੇ ਸਾਧ ਸੰਗਤ ਜੀ ਕਿ ਗੁਰੂ ਮਹਾਰਾਜ ਜੀ ਦੀ ਸ਼ਬਦਾਵਲੀ ਹੈ ਕੀ? ਬਾਹਰੋਂ ਬਾਹਰੋਂ ਅਸੀਂ ਗੱਲਾਂ ਸੁਣ ਲੈਂਦੇ ਹਾਂ, ਉਥੇ ਹੀ ਸੰਤੁਸ਼ਟ ਹੋ ਜਾਂਦੇ ਹਾਂ। ਨਾ, ਸਾਧਸੰਗਤ ਜੀ! ਗੱਲ ਗੁਰੂ ਦੀ ਸੁਣੋ, ਐਵੇਂ ਨਾ ਮਨ ਘੜਤ ਗੱਲਾਂ ਸੁਣਿਆ ਕਰੋ। ਮਨ-ਘੜਤ ਸੁਣ ਕੇ ਸਾਡਾ ਕੁਝ ਨਹੀਂ ਬਣਨਾ, ਅਸੀਂ ਉਥੇ ਦੇ ਉਥੇ ਹੀ ਖੜ੍ਹੇ ਹਾਂ, ਓਹੀ ਸਾਡੇ ਵਿਚ ਨਿੰਦਿਆ, ਓਹੀ ਚੁਗਲੀ, ਓਹੀ ਈਰਖਾ, ਓਹੀ ਚਿੰਤਾ, ਓਹੀ ਸਾਡੇ ਅੰਦਰ ਤੌਖਲਾ ਲੱਗਿਆ ਹੋਇਆ ਹੈ। ਮਹਾਰਾਜ ਜੀ ਕਹਿੰਦੇ–

***ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥***
***ਪੰਨਾ – 1375***

ਤੈਨੂੰ ਗੁਰੂ ਮਿਲ ਗਿਆ? ਜੇ ਮਿਲ ਗਿਆ ਤਾਂ ਮੋਹ ਦਾ ਤਾਪ ਮਿਟ ਜਾਏਗਾ, ਜਦੋਂ ਮੋਹ ਦਾ ਤਾਪ ਮਿਟ ਗਿਆ ਤਾਂ ਕਾਮ, ਕ੍ਰੋਧ, ਲੋਭ ਤੇ ਅਹੰਕਾਰ ਵੀ ਮਿਟ ਗਏ। ਇਹ ਸਾਰੇ ਹੀ ਮਿਟ ਗਏ ਤਾਂ ਉਸ ਦੀ ਫੌਜ ਹੀ ਖਤਮ ਹੋ ਗਈ ਪਰ ਗੁਰੂ ਲੱਗਿਆ ਨਹੀਂ ਅਜੇ ਤੈਨੂੰ, ਅਜੇ ਤੂੰ ਗੁਰੂ ਨੂੰ ਦੂਰੋਂ ਦੂਰੋਂ ਦੇਖਦਾ ਹੈਂ, ਤੈਨੂੰ ਗੁਰੂ ਤਾਂ ਲੱਗਿਆ ਨਹੀਂ। ਕਹਿੰਦਾ ਜੀ! ਮੈਂ ਗੁਰੂ ਧਾਰ ਲਿਆ। ਕਹਿੰਦੇ ਗੁਰੂ ਧਾਰੇ ਤੋਂ ਨਹੀਂ ਕੁਝ ਬਨਿਆ ਕਰਦਾ। ਮਾਸਟਰ ਮੈਂ ਫਲਾਣਾ ਬਣਾ ਲਿਆ; ਤੂੰ ਪੜ੍ਹਾਈ ਵੀ ਪੜ੍ਹਦਾ ਹੈਂ ਉਸ ਦੀ? ਮਾਸਟਰ ਨੇ ਤਾਂ ਕੁਝ ਨਹੀਂ ਕਰਨਾ –

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
***ਪੰਨਾ – 1372***

ਕਹਿੰਦੇ ਗੁਰੂ ਤਾਂ ਪੂਰਾ ਹੈ ਪਰ ਸਿੱਖ ਜਿਹੜਾ ਹੈ ਉਹ ਅਧੂਰਾ ਹੈ। ਇਹ ਤਾਂ ਬਾਂਸ ਵਾਲੀ ਬਿਰਤੀ ਰਖਦਾ ਹੈ – ਬਾਣੀ ਸੁਣੀ ਜਾਂਦਾ ਹੈ, ਕੱਢ ਦਿੰਦਾ ਹੈ। ਕਹਿੰਦੇ ਦੱਸੋ, ਇਸ ਦਾ ਉਧਾਰ ਹੋਏਗਾ? ਇਸ ਦਾ ਉਧਾਰ ਨਹੀਂ ਹੋ ਸਕਦਾ। ਸੋ ਇਸ ਕਰਕੇ ਸਾਧਸੰਗਤ ਜੀ! ਸਾਨੂੰ ਆਪਣੇ ਕਰਮ ਦੇਖਣੇ ਚਾਹੀਦੇ ਨੇ। ਸਾਨੂੰ ਗੁਰੂ ਮਹਾਰਾਜ ਜੀ ਨੇ ਕੀ ਕਿਹਾ ਹੈ?

ਕਹਿੰਦੇ ਫੇਰ ਅੰਮ੍ਰਿਤਸਰ ਇਸ਼ਨਾਨ ਕਰੇ, ਅੰਦਰਲਾ ਜੋ ਸਰੋਵਰ ਹੈ ਅੰਮ੍ਰਿਤ ਦਾ, ਉਥੇ ਰਹੇ ਫੇਰ, ਕਹਿੰਦੇ –

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥***
***ਪੰਨਾ – 468***

ਵਾਹਿਗੁਰੂ ਨੂੰ ਜਾਨਣਾ ਹੈ ਤਾਂ ਕਹਿੰਦੇ ਅੰਮ੍ਰਿਤ ਸਰੋਵਰ ਦੇ ਕੰਢੇ ਵਾਸਾ ਕਰ ਲੈ ਆਪਣਾ। ਉਥੇ ਬਹਿ ਜਾ, ਉਹ ਅੰਮ੍ਰਿਤ ਹੈ ਨਾਮ –

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਪੰਨਾ – 538***

ਨਾਮ ਕਰਦਾ ਕੀ ਹੈ? ਕਹਿੰਦੇ –

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ – 538***

ਦੋ ਚੀਜ਼ਾਂ ਇਨਸਾਨ ਨੂੰ ਅਸਲੇ ਤੋਂ ਤੋੜੀ ਰੱਖਦੀਆਂ ਹਨ। ਇਕ ਤਾਂ ਮਾਇਆ ਦੀ ਠਗਉਰੀ ਸੁੰਘਾ ਦਿਤੀ ਗਈ, ਉਸ ਦੇ ਨਾਲ ਅਸੀਂ ਜੀਵ ਬਣ ਗਏ, ਅਲਪੱਗ ਬਣ ਗਏ, ਆਪਣੇ ਆਪ ਨੂੰ ਭੁੱਲ ਗਏ ਕਿ ਅਸੀਂ ਕੌਣ ਹਾਂ। ਕਹਿੰਦੇ ਜਿਸ ਵਕਤ ਤੈਨੂੰ ਅੰਮ੍ਰਿਤ ਦੀ ਪ੍ਰਾਪਤੀ ਹੋਏਗੀ ਤਾਂ ਇਹ ਵਿਹੁ ਤੇਰੇ ਅੰਦਰੋਂ ਲਹਿਣੀ ਸ਼ੁਰੂ ਹੋ ਜਾਏਗੀ – ਹਉਮੈ ਤੇ ਮਾਇਆ ਦੀ, ਇਹ ਦੋ ਵਿਹੁਆਂ, ਜਿਨ੍ਹਾਂ ਨੇ ਤੈਨੂੰ ਬੇਹੋਸ਼ ਕੀਤਾ ਹੋਇਆ ਹੈ, ਇਹ ਲਹਿ ਜਾਣਗੀਆਂ –

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ – 538***

ਇਕ ਵਾਰ ਭਾਈ ਤਿਲੋਕਾ ਸ਼ਿਕਾਰ ਖੇਲ੍ਹਣ ਜੰਗਲ ਵਿਚ ਗਿਆ। ਅੱਗੇ ਇਕ ਹਿਰਨੀ ਸੀ ਤੇ ਉਹ ਉਸ ਦੇ ਹੱਥੋਂ ਮਰ ਗਈ ਸ਼ਿਕਾਰ ਵਿਚ। ਉਸ ਦੇ ਪੇਟ ਵਿਚ ਬੱਚੇ ਸੀ। ਉਸ ਦਿਨ ਤੋਂ ਭਾਈ ਤਿਲੋਕੇ ਨੇ ਆਪਣੀ ਅਸਲ ਤਲਵਾਰ ਲਾਹ ਦਿਤੀ ਤੇ ਕਾਠ ਦੀ ਪਾ ਲਈ। ਉਹ ਨਵਾਬ ਦੀ ਸੁਰੱਖਿਆ ਗਾਰਦ ਦਾ ਖਾਸ ਇੰਚਾਰਜ ਸੀ। ਚੁਗਲ ਨੇ ਚੁਗਲੀ ਕਰ ਦਿਤੀ ਕਿ ਮਹਾਰਾਜ! ਜਿਹੜਾ ਆਪ ਦਾ ਜਰਨੈਲ ਹੈ ਉਸ ਨੇ ਕਾਠ ਦੀ ਤਲਵਾਰ ਪਹਿਨੀ ਹੈ। ਜੇ ਕੋਈ ਮੌਕਾ ਆ ਗਿਆ, ਕਿਸੇ ਨੇ ਤੁਹਾਡੇ ਤੇ ਹਮਲਾ ਕਰ ਦਿਤਾ ਤਾਂ ਦੱਸੋ ਉਹ ਤੁਹਾਡੀ ਰਾਖੀ ਕਰ ਸਕੇਗਾ?

ਨਵਾਬ ਕਹਿੰਦਾ, "ਕਿਸ ਦੀ ਗੱਲ ਕਰਦਾ ਹੈਂ?"

ਕਹਿੰਦਾ, "ਭਾਈ ਤਿਲੋਕੇ ਦੀ।"

ਨਵਾਬ ਕਹਿੰਦਾ, "ਭਾਈ ਤਿਲੋਕੇ ਦੀ?"

ਕਹਿੰਦਾ, "ਮੈਂ ਨਹੀਂ ਮੰਨਦਾ। ਭਾਈ ਤਿਲੋਕਾ ਗੁਰੂ ਦਾ ਸਿੱਖ ਹੈ। ਗੁਰੂ ਦੇ ਸਿੱਖ ਦੇ ਕਦੇ ਵੀ ਦੋ ਜੀਵਨ ਨਹੀਂ ਹੁੰਦੇ, ਉਹ 'ਸਤਿ' ਦੇ ਜੀਵਨ ਦਾ ਧਾਰਨੀ ਹੈ। ਜਿਹੋ ਜਿਹਾ ਅੰਦਰੋਂ, ਉਹੋ ਜਿਹਾ ਹੀ ਬਾਹਰੋਂ, ਸਿੱਖ ਕਦੇ ਵੀ ਝੂਠ ਨਹੀਂ ਬੋਲਦਾ।

ਬੜੀਆਂ ਤਾਰੀਫਾਂ ਲਿਖੀਆਂ ਹੋਈਆਂ ਨੇ ਗੁਰਸਿੱਖਾਂ ਦੀਆਂ, ਸਗੋਂ ਦੁਸ਼ਮਣਾਂ ਨੇ ਲਿਖੀਆਂ ਹੋਈਆਂ ਹਨ। ਕਾਜ਼ੀ ਨੂਰਦੀਨ ਆਇਆ ਸੀ – ਅਹਿਮਦਸ਼ਾਹ ਅਬਦਾਲੀ ਦੇ ਨਾਲ। ਉਸ ਨੇ ਸਿੱਖਾਂ ਬਾਰੇ ਕੁਝ ਗੱਲਾਂ ਲਿਖੀਆਂ ਨੇ। ਉਨ੍ਹਾਂ ਵਿਚੋਂ ਇਕ ਲਿਖਦਾ ਹੈ ਕਿ ਸਿੱਖ ਝੂਠ ਨਹੀਂ ਬੋਲਦੇ, ਸਿੱਖ ਨੱਠੇ ਹੋਏ ਦੁਸ਼ਮਣ ਦੇ ਉਤੇ ਹਮਲਾ ਨਹੀਂ ਕਰਦੇ; ਜੇ ਕਹਿ ਦਿਓ ਕਿ ਮੈਨੂੰ ਬਖਸ਼ ਲੈ, ਉਥੇ ਹੀ ਛੱਡ ਦਿੰਦੇ ਹਨ। ਸਿੱਖਾਂ ਦੇ


Sri Satguru Jagjit Singh Ji eLibrary NamdhariElibrary@gmail.com

25 ਗੁਣ ਲਿਖੇ ਹੋਏ ਨੇ ਉਸ ਨੇ, ਪੜ੍ਹ ਕੇ ਦੇਖਿਓ ਕੋਈ ਪੜ੍ਹਨ ਵਾਲੇ ਬੰਦੇ। ਸਾਡੀ ਦੁਸ਼ਮਣ ਨੇ ਵੀ ਕਿੱਡੀ ਵੱਡੀ ਤਾਰੀਫ ਕਰੀ ਹੈ।

ਨਵਾਬ ਕਹਿੰਦਾ, "ਸਿੱਖ ਨਹੀਂ ਕਦੇ ਝੂਠ ਬੋਲ ਸਕਦਾ, ਗਲਤ ਕੰਮ ਨਹੀਂ ਕਰ ਸਕਦਾ।"

ਚੁਗਲ ਕਹਿੰਦਾ, "ਹੱਥ ਕੰਗਣ ਨੂੰ ਆਰਸੀ ਕੀ, ਮਹਾਰਾਜ! ਤੁਸੀਂ ਕਢਾ ਕੇ ਦੇਖ ਲਓ ਤਲਵਾਰ।"

ਨਵਾਬ ਨੇ ਸੋਚਿਆ ਕਿ ਜੇ ਮੈਂ ਸਿੱਧੀ ਕਢਾਈ ਤਾਂ ਐਸਾ ਨਾ ਹੋਵੇ ਕਿ ਇਹ ਬੁਰਾ ਮੰਨੇ ਤਾਂ ਉਹ ਕਹਿਣ ਲੱਗਿਆ ਕਿ ਭਾਈ ਤਿਲੋਕਾ! ਸਾਡੀਆਂ ਕਈ ਤਲਵਾਰਾਂ ਦੇ ਵਿਚ ਟੱਕ ਲਗ ਗਏ ਨੇ, ਖੁੰਢੀਆਂ ਹੋ ਗਈਆਂ ਹਨ, ਨੋਕਾਂ ਟੁੱਟ ਗਈਆਂ ਹਨ। ਸੋ ਮੈਂ ਦੇਖਣਾ ਚਾਹੁੰਦਾ ਹਾਂ ਸਾਰਿਆਂ ਦੀਆਂ ਤਲਵਾਰਾਂ। ਇਉਂ ਕਰੋ ਪਹਿਲਾਂ ਤੁਸੀਂ ਆਪਣੀ ਤਲਵਾਰ ਦਿਖਾਓ ਫੇਰ ਮੈਂ ਸਾਰਿਆਂ ਦੀਆਂ ਦੇਖ ਲਵਾਂਗਾ। ਹੁਣ ਭਾਈ ਤਿਲੋਕੇ ਨੂੰ ਪਤਾ ਸੀ ਕਿ ਮੇਰੀ ਤਲਵਾਰ ਕਾਠ ਦੀ ਹੈ। ਓਸ ਵੇਲੇ ਤਲਵਾਰ ਦੇ ਮੁੱਠ ਤੇ ਹੱਥ ਪਾਇਆ ਤੇ ਤਲਵਾਰ ਖਿੱਚਣ ਲੱਗਿਆਂ ਸਿਰਫ 'ਸਤਿਨਾਮੁ' ਦਾ ਆਵਾਜ਼ਾ ਆਇਆ - 'ਸਤਿਨਾਮੁ'। ਮਨ ਨੇ ਕੀ ਕਰਿਆ, ਗੁਰੂ ਛੇਵੇਂ ਪਾਤਸ਼ਾਹ ਜੀ ਦੇ ਚਰਨਾਂ ਵਿਚ ਪਹੁੰਚ ਗਿਆ ਕਿ ਹੇ ਪਾਤਸ਼ਾਹ! ਏਸ ਵੇਲੇ -

***ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ॥***
***ਪ੍ਰਭ ਜੀਉ ਖਸਮਾਨਾ ਕਰਿ ਪਿਆਰੇ॥ ਪੰਨਾ - 631***

ਐਨੀ ਛੋਟੀ ਅਰਦਾਸ ਪੂਰੇ ਭਰੋਸੇ ਨਾਲ ਕਰਦੇ ਸਾਰ ਜਦੋਂ ਤਲਵਾਰ ਕਢਦਾ ਹੈ ਤਾਂ ਉਸ ਦੀ ਚਮਕ ਐਨੀ ਹੋਈ ਤਾਂ ਨਵਾਬ ਵੀ ਪਿੱਛੇ ਹਟ ਗਿਆ ਤੇ ਬਾਕੀ ਵੀ ਜਿੰਨੇ ਖੜ੍ਹੇ ਸੀ ਸਭ ਪਿੱਛੇ ਹਟ ਗਏ।

ਨਵਾਬ ਕਹਿਣ ਲੱਗਿਆ, "ਵਾਹ! ਵਾਹ!! ਇਹੋ ਜਿਹਾ ਇਸਪਾਤ, ਇਸ ਦੇ ਉਤੇ ਰੌਸ਼ਨੀ ਪੈ ਕੇ ਪਰਤਵੀਂ ਰੌਸ਼ਨੀ ਨਾਲ ਐਨੀ ਚਮਕ ਪੈਦਾ ਹੁੰਦੀ ਹੈ। ਭਾਈ ਤਿਲੋਕਾ! ਇਹ ਤਲਵਾਰ ਤੂੰ ਲਈ ਕਿੱਥੋਂ?

ਕਹਿਣ ਲੱਗੇ, "ਇਹ ਮੇਰੇ ਗੁਰੂ ਦੀ ਤਲਵਾਰ ਹੈ, ਮੇਰੀ ਨਹੀਂ ਹੈ।"

ਸੋ ਇਹ ਅਰਦਾਸ ਦਾ ਫਲ ਹੈ, ਗੁਰੂ ਸਾਡੀ ਅਰਦਾਸ ਸੁਣਦਾ ਹੈ, ਸਾਡੇ ਨਾਲ ਐਨਾ ਸਬੰਧ ਹੈ, ਐਨੀ ਨੇੜਤਾ ਹੈ ਅਕਾਲਪੁਰਖ ਦੀ ਕਿ ਅਸੀਂ ਕਿਸੇ ਮੌਕੇ ਵੀ ਉਸ ਨਾਲੋਂ ਨਹੀਂ ਵਿਛੜੇ।

ਸੋ ਮੈਂ ਜੋ ਬੇਨਤੀ ਕਰਦਾ ਸੀ ਕਿ ਸਾਧਸੰਗਤ ਜੀ! ਆਹ ਜਿਹੜਾ ਮਨੁੱਖਾ ਜਨਮ ਹੈ ਇਹ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ। ਇਹ ਬਾਰ-ਬਾਰ ਹੱਥ ਨਹੀਂ ਆਉਣਾ-

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥***
***ਪੰਨਾ - 1367***

ਇਹ ਐਨਾ ਕੀਮਤੀ ਹੈ ਕਿ ਇਸ ਦੀ ਕਦਰ ਨਹੀਂ ਕੋਈ ਪਾ ਸਕਿਆ। ਮੈਂ ਦਸਦਾ ਸੀ ਕਿ ਇਸ ਦੇ ਅੰਦਰ ਦੋ ਖਰਬ, 15 ਅਰਬ ਸੈਲ ਨੇ; ਇਕੱਲੇ ਦਿਮਾਗ ਦੇ ਅੰਦਰ 15 ਅਰਬ ਸੈਲ ਲੱਗਿਆ ਹੋਇਆ ਹੈ। ਉਸ ਦੇ ਵਿਚ magnetic waves (ਚੁੰਬਕੀ ਲਹਿਰਾਂ) ਤੇ Electronic waves (ਬਿਜਲੀ ਤਰੰਗਾਂ) ਹਰ ਵਕਤ ਚਲਦੀਆਂ ਰਹਿੰਦੀਆਂ ਨੇ। ਉਹ ਮੋਟਰਾਂ ਕਦੇ ਫੇਲ੍ਹ ਨਹੀਂ ਹੁੰਦੀਆਂ। ਜੇ ਇਕ ਸਕਿੰਟ ਵਾਸਤੇ ਵੀ ਫੇਲ੍ਹ ਹੋ ਜਾਣ ਤਾਂ ਉਥੇ ਹੀ ਬੰਦੇ ਦੀ ਮੌਤ ਹੋ ਜਾਂਦੀ ਹੈ। ਸੋ ਇਸ ਦੇ ਅੰਦਰ ਹੀ ਪ੍ਰਮੇਸ਼ਰ ਨੇ ਆਪਣਾ ਵਾਸਾ ਰੱਖਿਆ ਹੋਇਆ ਹੈ - ਇਸ ਸਰੀਰ ਦੇ ਅੰਦਰ। ਉਹ ਕਹਿੰਦੇ ਸਰੀਰ ਨੂੰ ਸਮਝ -

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥***
***ਪੰਨਾ - 1367***

ਮੁੜ ਕੇ ਇਹ ਡਾਲੀ ਨਾਲ ਨਹੀਂ ਲੱਗਣਾ। ਇਹ ਤੈਨੂੰ ਬਹੁਤ ਮੁਸ਼ਕਲ ਨਾਲ ਮਿਲਿਆ ਹੈ ਤੇ ਮਿਲਿਆ ਕਾਹਦੇ ਵਾਸਤੇ ਹੈ -

***ਗੁਰ ਸੇਵਾ ਤੇ ਭਗਤਿ ਕਮਾਈ॥ ਪੰਨਾ - 1159***

ਗੁਰੂ ਦੀ ਸੇਵਾ ਕਰਨੀ ਤੇ ਭਗਤੀ ਕਰਨੀ। ਭਗਤੀ ਕਰਕੇ ਪ੍ਰਮੇਸ਼ਰ ਵਿਚ ਲੀਨ ਹੋਣਾ, ਪ੍ਰਮੇਸ਼ਰ ਤੱਕ ਪਹੁੰਚਣਾ, ਪਰਮ ਅਨੰਦ, ਜਿਥੇ ਕਾਲ ਨਹੀਂ ਪਹੁੰਚ ਸਕਦਾ ਉਥੇ ਤਕ ਪਹੁੰਚਣਾ। ਕਹਿੰਦੇ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਪੰਨਾ - 755***

ਕਿੱਡੀ ਵੱਡੀ ਚੀਜ਼ ਹੋਈ। ਕਹਿੰਦਾ ਮੇਰੇ ਤਾਂ ਕਿਰਪਾਨ ਪਾਈ ਹੋਈ ਹੈ, ਮੇਰੇ ਤੇ ਵੀ ਲਾਗੂ ਹੁੰਦਾ ਹੈ ਇਹ ਗੁਰੂ ਮਹਾਰਾਜ ਦਾ ਬਚਨ? ਮਹਾਰਾਜ ਕਹਿੰਦੇ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਆਉਂਦਾ ਹੀ ਨਹੀਂ ਕਿਤੇ, ਹੁਣ ਇਤਿਹਾਸ ਵਾਲੇ ਝੂਠ ਮਾਰੀ ਜਾਣ ਤਾਂ ਮਾਰੀ ਜਾਣ, ਪੜ੍ਹ ਕੇ ਦਿਖਾ ਦਿਓ ਕਿਧਰੇ। ਗੁਰੂ ਮਹਾਰਾਜ ਨਹੀਂ ਕਿਸੇ ਦੀ ਵੀ ਲਿਹਾਜ਼ ਕਰਦੇ। ਉਹ ਕਹਿੰਦੇ ਜਿੰਨਾਂ ਚਿਰ ਤੇਰੇ ਅੰਦਰ ਗੁਣ ਨਹੀਂ ਪੈਦਾ ਹੁੰਦੇ, ਜਿੰਨਾਂ ਚਿਰ ਤੇਰੇ ਅੰਦਰ ਗੁਰੂ ਦੀ ਰਹਿਤ ਪੈਦਾ ਨਹੀਂ ਹੁੰਦੀ, ਐਵੇਂ ਨਾ ਭੁਲੇਖਾ ਖਾ ਜਾਵੀਂ, ਬਾਹਰ ਦੀ ਵਰਦੀ ਦੇ ਨਾਲ ਕਹੀ ਜਾਵੇਂ ਕਿ ਮੈਂ ਮੁਕਤ ਹੋ ਜਾਵਾਂਗਾ, ਮੇਰਾ ਛੁਟਕਾਰਾ ਹੋ ਜਾਏਗਾ। ਇਹ ਤਾਂ ਤੇਰਾ ਦਾਖਲਾ ਹੈ, ਦਾਖਲ ਕਰਿਆ ਹੈ ਤੈਨੂੰ ਅਜੇ ਸਕੂਲ ਦੇ ਅੰਦਰ, ਪੜ੍ਹਾਈ ਤਾਂ ਅੱਗੇ ਪੜ੍ਹਨੀ ਹੈ ਤੂੰ, ਪੜ੍ਹਾਈ ਤਾਂ ਹੋਰ ਚੀਜ਼ ਹੈ। ਮਹਾਰਾਜ ਜੀ ਕਹਿੰਦੇ -

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥ ਪੰਨਾ - 278***

ਤੂੰ ਧਾਰਦਾ ਹੈਂ, ਤੈਨੂੰ ਵੈਰੀ ਨਜ਼ਰ ਆਉਂਦੇ ਨੇ, ਮਿੱਤਰ ਨਜ਼ਰ ਆਉਂਦੇ ਨੇ। ਕਹਿੰਦਾ ਮੈਨੂੰ ਤਾਂ ਸਭ ਨਜ਼ਰ ਆਉਂਦੇ



Sri Satguru Jagjit Singh Ji eLibrary NamdhariElibrary@gmail.com

ਨੇ। ਮਹਾਰਾਜ ਕਹਿੰਦੇ ਤੇਰਾ ਚਿੱਤ ਨਿਹਚਲ ਨਹੀਂ ਹੋਇਆ ਅਜੇ –

*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮ ਰਾਇ ਦੇਇ ਸਜਾਇ॥ ਪੰਨਾ – 278*

ਤੈਨੂੰ ਆਉਂਦਾ ਹੈ ਪਿਆਰ – ਘਰ ਦਾ, ਜ਼ਮੀਨ ਦਾ, ਜਾਇਦਾਦ ਦਾ। ਤੇਰਾ ਮੋਹ ਹੈ ਉਨ੍ਹਾਂ ਨਾਲ? ਕਹਿੰਦਾ, ਹਾਂ, ਉਨ੍ਹਾਂ ਨਾਲ ਤਾਂ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਕੌਣ ਮਿਟਾ ਦਏਗਾ? ਇਨ੍ਹਾਂ ਕਿਤਾਬਾਂ ਦੇ ਉਤੇ ਨਾ ਵਿਸ਼ਵਾਸ਼ ਕਰਿਆ ਕਰੋ, ਐਵੇਂ ਅਣਜਾਣ ਬੰਦਿਆਂ ਦੀਆਂ ਲਿਖੀਆਂ ਹੋਈਆਂ, ਭੁਚਾਲ ਪਾਉਣ ਵਾਸਤੇ ਲਿਖੀਆਂ ਨੇ। ਤੱਤ ਬਾਣੀ ਨੂੰ ਵਿਚਾਰੋ। ਜਦੋਂ ਤਕ ਨਹੀਂ ਵਿਚਾਰੋਂਗੇ, ਛੁਟਕਾਰਾ ਨਹੀਂ ਹੋਣਾ। ਐਵੇਂ ਨਾ ਕਿਸੇ ਦੀਆਂ ਗੱਲਾਂ ਵਿਚ ਆਇਆ ਕਰੋ। ਗਲਤ ਗੱਲਾਂ ਦੇ ਵਿਚ ਆਪਣਾ ਜੀਵਨ ਨਾ ਖਰਾਬ ਕਰੋ, ਤੱਤ ਨੂੰ ਪਛਾਣੋ ਕਿ ਗੁਰੂ ਮਹਾਰਾਜ ਜੀ ਕਹਿੰਦੇ ਕੀ ਨੇ। ਸੋ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ, ਪ੍ਰੇਮੀਆਂ! ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ – 12*

ਪਿਆਰ ਮਾਇਆ ਦੇ ਨਾਲ ਪਾ ਕੇ ਤੇਰਾ ਜਨਮ ਬਿਰਥਾ ਜਾਂਦਾ ਹੈ। ਤੂੰ ਤਾਂ ਐਨਾ ਭੁੱਲ ਗਿਆ ਕਿ ਤੈਨੂੰ ਤਾਂ ਇਹੀ ਨਹੀਂ ਪਤਾ ਕਿ ਮੈਂ ਕੌਣ ਹਾਂ। ਅੱਜ ਤੱਕ ਪਤਾ ਲੱਗਿਆ ਹੈ? ਕਿੰਨਾ ਚਿਰ ਹੋ ਗਿਆ ਸਿੰਘ ਬਣੇ ਨੂੰ? ਕਦੋਂ ਦਾ ਤੂੰ ਗੁਰੂ ਦੀ ਬਾਣੀ ਪੜ੍ਹਦਾ ਹੈਂ, ਤੈਨੂੰ ਪਤਾ ਹੈ ਕਿ ਤੂੰ ਕੌਣ ਹੈਂ? ਤੇਰਾ ਸਰੂਪ ਕੀ ਹੈ? ਤੂੰ ਆਪਣੇ ਆਪ ਨੂੰ ਸਮਝਦਾ ਕੀ ਹੈਂ? ਇਹ ਤਾਂ ਹਰ ਬੰਦਾ ਆਪਣੇ ਆਪ ਨੂੰ ਜਾਣਦਾ ਹੈ ਕਿ ਮੈਂ ਆਪਣੇ ਆਪ ਨੂੰ ਕੀ ਸਮਝਦਾ ਹਾਂ? ਜਦੋਂ ਤੱਕ ਸਾਨੂੰ ਆਪਣੇ ਸਰੂਪ ਦਾ ਗਿਆਨ ਨਹੀਂ ਹੁੰਦਾ, ਓਨੀਂ ਦੇਰ ਤਕ ਸਾਡਾ ਰੂਹਾਨੀ ਸਫਰ ਨਹੀਂ ਤੈਅ ਹੁੰਦਾ। ਸਾਧਸੰਗਤ ਜੀ! ਪਹਿਲਾਂ ਤਾਂ ਰੱਬ ਦੀ ਪਛਾਣ ਕਰੋ ਕਿ ਰੱਬ ਰਹਿੰਦਾ ਕਿਥੇ ਹੈ? ਫੇਰ ਉਸ ਦਾ ਸਾਡੇ ਨਾਲ ਸਬੰਧ ਕੀ ਹੈ? ਮਹਾਰਾਜ ਕਹਿੰਦੇ, ਪ੍ਰਮੇਸ਼ਰ ਤੇਰੇ ਅੰਦਰ ਰਹਿੰਦਾ ਹੈ। ਪਹਿਲਾਂ ਤੂੰ ਸਰੀਰ ਨੂੰ ਸਮਝ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਪੰਨਾ – 954*

ਜਿੱਥੇ ਜਾ ਕੇ ਰੱਬ ਦੇ ਦਰਸ਼ਨ ਹੋਣੇ ਨੇ, ਉਹ ਗੁਪਤ ਕਰਿਆ ਹੋਇਆ ਹੈ ਤੇਰੇ ਅੰਦਰ – ਦਸਵਾਂ ਦਰਵਾਜ਼ਾ। ਨੌਂ ਖੁਲ੍ਹੇ ਨੇ, ਦਸਵਾਂ ਗੁਪਤ ਹੈ। ਕਹਿੰਦੇ ਜੇ ਇਹ ਖੁਲ੍ਹ ਜਾਵੇ ਉਸ ਦੀ ਨਿਸ਼ਾਨੀ ਕੀ ਹੈ? ਮਹਾਰਾਜ ਜੀ ਕਹਿੰਦੇ, ਉਹ ਸੁਖਾਲਾ ਨਹੀਂ ਖੁਲ੍ਹਦਾ ਕਿਉਂਕਿ ***'ਬਜਰ ਕਪਾਟ ਨ ਖੁਲ੍ਹਨੀ ਗੁਰ ਸਬਦ ਖੁਲੀਜੈ॥'*** ਉਥੇ ਬਜਰ ਕਪਾਟ ਜੜ੍ਹੇ ਹੋਏ ਨੇ ਸਖਤ –

*.............. ਆਸਾ ਅੰਦੇਸਾ ਦੁਇ ਪਟ ਜੜੇ॥*
*ਪੰਨਾ – 877*

ਵਾਸ਼ਨਾਵਾਂ ਦੇ ਪੱਟਾਂ ਨੂੰ ਜਿੰਨਾਂ ਚਿਰ ਤੂੰ ਨਹੀਂ ਲੰਘਦਾ, ਓਨੀਂ ਦੇਰ ਤਕ ਤੂੰ ਰੱਬ ਤਕ ਨਹੀਂ ਪਹੁੰਚ ਸਕਦਾ ਇਹ ਤੇਰੇ ਅੰਦਰ ਬਜਰ ਕਪਾਟ ਜੜੇ ਹੋਏ ਨੇ। ਗੁਰੂ ਦਾ ਸ਼ਬਦ ਮਿਲ ਜਾਵੇ, ਤਾਂ ਦੂਰ ਹੁੰਦਾ ਹੈ।

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥*
*ਪੰਨਾ – 1033*

ਤੈਨੂੰ ਗੁਰੂ ਦਾ ਸ਼ਬਦ ਮਿਲ ਜਾਵੇ। ਹੁਣ ਇਥੋਂ ਸਾਨੂੰ ਸਮਝ ਆ ਗਈ ਕਿ ਗੁਰੂ ਦਾ ਸ਼ਬਦ ਸਾਨੂੰ ਪੰਜ ਪਿਆਰੇ ਦਿੰਦੇ ਨੇ। ਇਥੇ ਤਕ ਤਾਂ ਗੱਲ ਸਮਝ ਆ ਗਈ ਕਿ ਪੰਜ ਪਿਆਰਿਆਂ ਨੇ ਸ਼ਬਦ ਦਿਤਾ ਸੀ, ਜਦੋਂ ਕਹਿੰਦੇ ਸੀ ਕਿ 'ਵਾਹਿਗੁਰੂ' ਗੁਰਮੰਤਰ ਹੈ। ਅੱਜ ਤੇਰੇ ਉਤੋਂ ਇਕ ਲਾਹਨਤ ਖਤਮ ਹੋ ਗਈ –

*ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*
*ਪੰਨਾ – 1356*

ਤੇਰੀ ਜਿਹੜੀ ਤੁਲਨਾ ਸੀ ਕੁੱਤੇ, ਗਧੇ, ਸੱਪ, ਸੂਰ, ਕਾਵਾਂ ਵਰਗੀ, ਉਹ ਖਤਮ ਹੋ ਗਈ ਕਿਉਂਕਿ ਤੈਨੂੰ ਅੱਜ ਮੰਤਰ ਮਿਲ ਗਿਆ ਗੁਰੂ ਦਾ। ਹੁਣ ਮੰਤਰ ਤਾਂ ਮਿਲ ਗਿਆ, ਅੱਗੇ ਕਰਨਾ ਕੀ ਹੈ? ਕਹਿੰਦੇ ਇਹ ਤੂੰ ਵਰਤ। ਇਸ ਮੰਤਰ ਦੇ ਨਾਲ ਤੂੰ ਆਪਣੇ ਅੰਦਰ ਦਾਖਲ ਹੋ, ਫੇਰ ਤੇਰੇ ਬਜਰ ਕਪਾਟ ਏਸ ਮੰਤਰ ਨੇ ਖੋਲ੍ਹਣੇ ਨੇ –

*ਬਾਰੰ ਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥ ਪੰਨਾ – 286*

ਬਾਰ-ਬਾਰ ਇਸ ਦਾ ਜਾਪ ਕਰ। ਕਹਿੰਦਾ ਜੀ ਮੈਂ ਪੰਜ ਬਾਣੀਆਂ ਦਾ ਨਿਤਨੇਮੀ ਹਾਂ। ਪੰਜ ਬਾਣੀਆਂ ਤਾਂ ਥੋੜ੍ਹੀਆਂ ਜਿਹੀਆਂ ਨੇ, 'ਜਪੁਜੀ ਸਾਹਿਬ' ਤੇਰੀ ਸਮਝ ਵਿਚ ਹੀ ਨਹੀਂ ਆਉਂਦਾ, 'ਜਾਪੁ ਸਾਹਿਬ' ਦੇ ਤੈਨੂੰ ਅਰਥ ਨਹੀਂ ਆਉਂਦੇ, ਬਾਕੀ ਤੇਰਾ ਮਨ ਨਹੀਂ ਟਿਕਦਾ, ਤੂੰ ਕਰਦਾ ਕੀ ਹੈਂ? ਮਖੌਲ ਕਰ ਰਿਹਾ ਹੈਂ ਰੱਬ ਦੇ ਨਾਲ? ਅਸਲੀ ਚੀਜ਼ ਕਰ ਜਿਹੜੀ ਬਾਣੀ ਦੇ ਵਿਚ ਆਉਂਦੀ ਹੈ। ਇਹ ਤਾਂ ਥੋੜ੍ਹਾ ਜਿਹਾ ਤੈਨੂੰ ਕਾਬੂ ਕਰਨ ਵਾਸਤੇ ਇਕ ਨੇਮ ਬਣਾ ਦਿਤਾ ਗੁਰੂ ਨੇ ਜਿਸਨੂੰ 'ਨਿਤਨੇਮ' ਕਹਿੰਦੇ ਨੇ। ਇਸ ਦੇ ਉਤੇ ਹੀ ਸੰਤੁਸ਼ਟ ਨਾ ਹੋ, ਤੂੰ ਤਾਂ ਅੱਗੇ ਵਧਣਾ ਹੈ –

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਪੰਨਾ – 1096*



Sri Satguru Jagjit Singh Ji eLibrary NamdhariElibrary@gmail.com

ਤੂੰ ਅੱਗੇ ਨੂੰ ਵਧਣਾ ਸ਼ੁਰੂ ਕਰ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਉਹ ਗੁਰੂ ਦਾ ਸ਼ਬਦ ਬੋਲਦਾ ਹੈ, ਜਦੋਂ ਬੋਲਦਾ ਹੈ ਫੇਰ ਨਿਸ਼ਾਨੀ ਹੈ, ਕਹਿੰਦੇ –

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***

***ਪੰਨਾ – 954***

ਕਹਿੰਦੇ ਉਸ ਥਾਂ ਦੇ ਉਤੇ cosmic music ਹੈ, ਆਤਮਕ ਸੰਗੀਤ ਹੈ। ਉਸ ਦੇ ਵਿਚ ਗੁਰੂ ਦਾ ਸ਼ਬਦ ਸੁਣੋ। ਉਥੇ ਹਨ੍ਹੇਰ ਨਹੀਂ ਹੈ, ਉਥੇ ਅਨੁਭਵ ਖੁਲ੍ਹ ਜਾਂਦਾ ਹੈ –

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***

***ਪੰਨਾ – 954***

ਜਦੋਂ ਅਨੁਭਵ ਖੁਲ੍ਹ ਗਿਆ ਤਾਂ ਆਪਣੇ ਆਪ ਦਾ ਗਿਆਨ ਹੋ ਜਾਂਦਾ ਹੈ ਕਿ ਮੈਂ ਕੀ ਹਾਂ, ਆਪਣਾ ਆਪਾ ਪ੍ਰਗਟ ਹੋ ਜਾਂਦਾ ਹੈ। ਜਦੋਂ ਆਪਣਾ ਆਪਾ ਪ੍ਰਗਟ ਹੋਇਆ, ਤੇ ਉਸ ਦੇ ਵਿਚੀਂ ਝਾਕਦੇ ਹਾਂ ਤਾਂ ਸਾਨੂੰ ਹੈਰਾਨੀ ਹੋ ਜਾਂਦੀ ਹੈ ਕਿ –

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***

***ਪੰਨਾ – 954***

ਅੰਦਰੋਂ ਹੀ ਇਹ ਦਰਸ਼ਨ ਹੁੰਦੇ ਨੇ –

***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***

***ਪੰਨਾ – 1033***

ਹੁਣ ਪਹੁੰਚਾਵੇ ਕੌਣ ਇਥੇ? ਮਹਾਰਾਜ ਜੀ ਕਹਿੰਦੇ ਗੁਰੂ ਤੋਂ ਬਗੈਰ ਨਹੀਂ ਪਹੁੰਚਾ ਸਕਦਾ ਕੋਈ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***

***ਪੰਨਾ – 205***


**For more information**
**please visit us on internet at -**
http://www.atammarg.org
&
http://www.atammarg.com


(ਪੰਨਾ 49 ਦੀ ਬਾਕੀ)

ਨੇ ਵੀਰ ਵਿਛੋੜੇ ਵਾਲੀ ਫਤਹਿ ਗਜਾ ਕੇ ਗਾਂਵਿਆ– 'ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ।'

ਨਾਲੇ ਤੁਰੇ ਜਾਂਦੇ ਨੇ ਤਰਦੀਆਂ ਤਰਦੀਆਂ ਗੱਲਾਂ ਦਸ ਦਿਤੀਆਂ ਕਿ ਧਰਮ ਧੱਕਾ ਕਰਨ ਲੱਗੇ ਹਨ। ਧਰਮ ਰਹਿ ਗਿਆ ਤਾਂ ਮੇਲੇ ਹੋ ਜਾਣਗੇ, ਨਹੀਂ ਤਾਂ ਗੁਰਪੁਰੀ ਨੂੰ ਪਧਾਰਨ ਦੀਆਂ ਡੌਲਾਂ ਹਨ। ਇਹ ਸੁਣ ਕੇ ਭਰਾਵਾਂ ਦੀਆਂ ਭੁੱਬਾਂ ਨਿਕਲ ਗਈਆਂ। ਇਕ ਆਨ ਵਿਚ ਹੀ ਇਹ ਖਬਰ ਸਾਰੇ ਜੇਲ੍ਹ ਵਿਚ ਫੈਲ ਗਈ ਅਤੇ ਮੈਨੂੰ ਹਸਪਤਾਲ ਲੈ ਗਏ। ਅਗਾਹਾਂ ਹਸਪਤਾਲ ਵਿਚ ਇਕਲਵਾਂਝੇ ਮੇਰੇ ਲਈ ਇਕ ਖਾਸ ਕਮਰਾ ਰੀਜ਼ਰਵ ਕਰ ਰੱਖਿਆ ਸੀ, ਜਿਥੇ ਕਿ ਜ਼ੁਲਮ ਦਾ ਨਜ਼ਾਰਾ ਕੋਈ ਹੋਰ ਕੈਦੀ ਨਾ ਦੇਖ ਸਕੇ।

ਪ੍ਰੰਤੂ ਉਹ ਕਮਰਾ ਐਸਾ ਅਟੰਕ ਤੇ ਹਵਾਦਾਰ ਅਤੇ ਏਕਾਂਤ ਕੁੱਟੀ ਹੈਸੀ ਕਿ ਉਥੇ ਖਾਹ-ਮ-ਖਾਹ ਬ੍ਰਿਤੀ ਖਿੜਦੀ ਸੀ। ਕਮਰੇ ਦੇ ਚਾਰ ਚੁਫੇਰੇ ਉਚੇ ਉਚੇ ਲੰਮੇ ਸਰਬਲੋਹੀ ਸੀਖਾਂ ਵਾਲੇ ਜੰਗਲੇ, ਇਕ ਇਕ ਪਾਸੇ ਕਈ ਕਈ ਦਰਵਾਜ਼ੇ ਅਤੇ ਕੀ ਝਰੋਖੇ ਤੇ ਅੱਗੋਂ ਪਿਛੋਂ ਚਾਰ ਚੁਫੇਰੇ ਖੁਲ੍ਹੇ ਬ੍ਰਾਮਦੇ ਉਚੀਆਂ ਛੱਤਾਂ ਵਾਲੇ ਜੋ ਅਕਾਸ਼ ਨਜ਼ਾਰਾ ਖੁਲ੍ਹਮ-ਖੁਲ੍ਹੇ ਅੱਖੀਆਂ ਗੋਚਰੇ ਕਰਾਂਵਦੇ ਸਨ ਅਤੇ ਖੁਲ੍ਹੀਆਂ ਪਉਣਾਂ ਦੇ ਝੋਕੇ ਅੰਦਰ ਆਂਵਦੇ ਸਨ। ਵਿਚਕਾਰ ਸੀਮਿੰਟ ਦਾ ਸਾਫ ਸੁਥਰਾ ਫਰਸ਼ ਖੁਲ੍ਹੇ ਜਲ ਨਾਲ ਧੋਤਾ ਹੋਇਆ ਸੀ, ਕਮਰਾ ਕਾਹਦਾ ਸੀ ਕੋਈ ਬਾਦਸ਼ਾਹੀ ਬਾਰਾਂਦਰੀ ਸੀ। ਵਿਚ ਫਕੀਰਾਂ ਦੇ ਆਸਣ ਲਗ ਗਏ। ਭੂੰਮ ਆਸਣੀ ਫਕੀਰਾਂ ਦੀ ਬਹਿੰਦੇ ਸਾਰ ਹੀ ਨਿਸ਼ਚਿਤ ਜੰਮ ਗਈ। ਸਨਮੁਖ ਗੁਲਾਬ ਦੇ ਖਿੜੇ ਹੋਏ ਫੁਲਾਂ ਦੇ ਪਾਂਤੋ ਪਾਂਤ ਗਮਲੇ, ਸਜੀ ਫੁਲਵਾੜੀ ਪੂਰੇ ਜੋਬਨ ਉਤੇ ਬਹਾਰ ਦਿਖਾ ਰਹੀ ਸੀ, ਉਪਰੋਂ ਨਿੰਮ੍ਹੀ ਨਿੰਮ੍ਹੀ ਬਰਖਾ ਦੀ ਫੁਹਾਰ ਪੈਣ ਲਗ ਗਈ। ਇਕ ਦਮ ਖਟ ਚੱਕਰ ਭੇਦੇ ਗਏ ਅਤੇ ਇਕ ਟੁਕ ਦਮ ਕਰਾਰੀ ਅਭਿਆਸੀ ਜਨ ਦੀ ਸੁਰਤੀ ਤੜੱਕ ਕਰਕੇ ਉਚ ਮੰਡਲੀਂ ਜਾ ਖੇਡੀ। ਉਪਰੋਂ ਬ੍ਰਿਹੋਂ ਦੇ ਘਾਣ ਅਤੇ ਪ੍ਰੇਮ ਦੇ ਚਾਬਕ ਲੱਗੇ ਹੋਏ। ਲੱਗੀਆਂ ਡੋਰੀਆਂ ਨੂੰ ਕੌਣ ਹੋੜੇ? ਕੀਰਤਨ ਕਾਂਗਾਂ ਉਠੀਆਂ ਅਤੇ ਇਲਾਹੀ ਨਾਦ ਦੀਆਂ ਸਾਂਗਾਂ ਵਿਚ ਅਮਰੀ ਸੁਰ ਤ੍ਰਾਨਿਆਂ ਪ੍ਰੋਤਾ ਇਹ ਗੁਰ ਸ਼ਬਦ ਗੂੰਜ ਉਠਿਆ –

***ਨਟ ਮਹਲਾ ੫***
***ਚਰਨ ਕਮਲ ਸੰਗਿ ਲਾਗੀ ਡੋਰੀ॥***
***ਸੁਖ ਸਾਗਰ ਕਰਿ ਪਰਮ ਗਤਿ ਮੋਰੀ॥ ਰਹਾਉ॥***
***ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ॥***
***ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ॥***
***ਪੂਰਨ ਪੂਰਿ ਰਹੇ ਕ੍ਰਿਪਾਨਿਧਿ ਆਨ ਨ ਪੇਖਉ ਹੋਰੀ॥***
***ਨਾਨਕ ਮੇਲਿ ਲੀਓ ਦਾਸੁ ਅਪੁਨਾ ਪ੍ਰੀਤਿ ਨ ਕਬਹੂ ਥੋਰੀ॥***

***ਪੰਨਾ – 979***



Sri Satguru Jagjit Singh Ji eLibrary NamdhariElibrary@gmail.com

(ਪੰਨਾ 12 ਦੀ ਬਾਕੀ)

ਪਰ ਭੰਗਾਣੀ ਦੇ ਯੁੱਧ ਨੇ ਇਹ ਸਾਬਤ ਕਰ ਦਿਤਾ ਸੀ ਕਿ ਚੰਗੀ ਤਰਬੀਅਤ ਨਾਲ, ਚੜ੍ਹਦੀ ਕਲਾ ਦੇ ਅਨੁਭਵ ਨਾਲ ਨਿਮਾਣੇ ਨਿਤਾਣੇ ਲਿਤਾੜੇ ਹੋਏ ਗਰੀਬ ਮਜ਼ਲੂਮ ਲੋਕ ਵੀ ਵੱਡੀ ਤੋਂ ਵੱਡੀ ਹਕੂਮਤ ਦਾ ਟਾਕਰਾ ਕਰਨ ਯੋਗ ਹੋ ਸਕਦੇ ਹਨ। ਇਨ੍ਹਾਂ ਮਜ਼ਲੂਮ ਲੋਕਾਂ ਨੂੰ ਪਾਤਸ਼ਾਹੀ ਬਖਸ਼ਣ ਲਈ ਆਪ ਜੀ ਨੇ ਇਕ ਵਿਲੱਖਣ ਪੰਥ ਸਾਜਣ ਦੀ ਯੋਜਨਾ ਬਣਾਈ ਜਿਸ ਨੂੰ 1699 ਦੀ ਵਿਸਾਖੀ ਨੂੰ ਅਮਲ ਵਿਚ ਲਿਆਂਦਾ ਗਿਆ। 'ਗੁਰ ਸੰਗਤ' ਨੂੰ ਖਾਲਸੇ ਦਾ ਰੂਪ ਦੇ ਦਿਤਾ, 'ਗੁਰ ਸੰਗਤ ਕੀਨੀ ਖਾਲਸਾ'। ਅੰਮ੍ਰਿਤ ਛਕਣ ਉਪਰੰਤ ਖਾਲਸਾ ਹਜ਼ਾਰਾਂ ਸਾਲਾਂ ਦੇ ਹਜ਼ਾਰਾਂ ਬੰਧਨਾਂ ਤੋਂ ਮੁਕਤਿ ਹੋ ਗਿਆ। ਜਾਤ ਪਾਤ, ਛੂਤ ਛਾਤ, ਵਰਣ ਵੰਡ, ਉਚ ਨੀਚ, ਅਮੀਰੀ ਗਰੀਬੀ ਸਭ ਮਿਟ ਗਏ। ਇਕ ਪਿਤਾ ਦੇ ਪੁੱਤਰ ਹੋ ਕੇ ਸਾਰਾ ਖਾਲਸਾ ਪੰਥ ਭਾਈ ਭਾਈ ਹੋ ਕੇ ਜ਼ੁਲਮ ਵਿਰੁੱਧ ਡੱਟ ਗਿਆ ਪਰ ਇਹ ਕੇਵਲ ਸਿੰਘ ਸੂਰਮੇ ਹੀ ਨਹੀਂ ਬਣੇ ਸਗੋਂ ਪਹਿਲਾਂ ਇਨ੍ਹਾਂ ਨੂੰ ਨਾਮ ਅੰਮ੍ਰਿਤ ਦੀ ਦਾਤ ਰਾਹੀਂ ਆਤਮ ਰਸੀਆ ਬਣਾਇਆ ਗਿਆ -

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਖਾਲਸਾ ਪਹਿਲਾਂ ਸੰਤ ਹੈ, ਫੇਰ ਸਿਪਾਹੀ। ਖਾਲਸਾ ਕਦੀ ਸੰਤਗੀਰੀ ਤੋਂ ਅਵੇਸਲਾ ਨਹੀਂ ਹੋ ਸਕਦਾ। ਰੂਹਾਨੀ ਸ਼ਕਤੀ ਹੀ ਉਸ ਦੀ ਅਸਲ ਸ਼ਕਤੀ ਹੈ। ਜੇ ਸੰਤਗੀਰੀ ਹੈ ਤਾਂ ਸਿਪਾਹੀਗੀਰੀ ਵਿਚ ਕਦੇ ਜ਼ੁਲਮ ਨਹੀਂ ਹੋਵੇਗਾ, ਮਜ਼ਲੂਮ ਦੀ ਰੱਖਿਆ ਹੋਵੇਗੀ, ਨਿਮਾਣੇ ਨਿਤਾਣੇ ਤੇ ਵਾਰ ਨਹੀਂ ਹੋਵੇਗਾ, ਆਚਰਣ ਦੀ ਪੁਖਤਗੀ ਰਹੇਗੀ, ਮਰਨ ਤੋਂ ਡਰ ਨਹੀਂ ਲਗੇਗਾ, ਭੱਜੇ ਜਾਂਦੇ ਤੇ ਪਿੱਠ ਤੇ ਵਾਰ ਨਹੀਂ ਹੋਵੇਗਾ। ਯੁੱਧ ਹਰ ਸਮੇਂ ਹੋ ਰਿਹਾ ਹੈ। ਸੰਤਗੀਰੀ ਅੰਦਰ ਵਸਦੇ ਵੈਰ ਵਿਰੋਧ, ਵਿਸ਼ੇ ਵਿਕਾਰਾਂ ਵਿਰੁੱਧ ਯੁੱਧ ਹੈ ਜੋ ਨਿਤ ਹੁੰਦਾ ਰਹਿੰਦਾ ਹੈ, ਸਿਪਾਹੀਗੀਰੀ ਬਾਹਰ ਦੀਆਂ ਸਮਾਜਕ ਗਲਤ ਕਦਰਾਂ ਕੀਮਤਾਂ, ਝੂਠ, ਪਾਖੰਡ, ਜ਼ੁਲਮ ਵਿਰੁੱਧ ਯੁੱਧ ਹੈ। ਜੇ ਸਾਡੇ ਸਾਸ਼ਕਾਂ ਵਿਚ ਖਾਲਸਈ ਗੁਣ ਹੋਣ ਤਾਂ ਧਰਤੀ ਸਵਰਗ ਬਣ ਜਾਵੇ। ਅੱਜ ਸਭ ਪਾਸੇ ਅਧੋਗਤੀ ਦਾ ਸਭ ਤੋਂ ਵੱਡਾ ਕਾਰਨ ਇਹੋ ਹੈ ਕਿ ਨਾ ਅਸੀਂ ਸੰਤ ਹਾਂ, ਨਾ ਸਿਪਾਹੀ। ਨਾ ਸਾਨੂੰ ਆਤਮ-ਰਸ ਦੀ ਪਛਾਣ ਰਹੀ ਹੈ, ਨਾ ਅਸੀਂ ਉਚ ਆਚਰਨ ਦੇ ਧਾਰਨੀ ਹੋ ਸਕੇ ਹਾਂ। ਗੁਰੂ ਮਹਾਰਾਜ ਦੇ ਵਿਸਾਖੀ ਦੇ ਆਦਰਸ਼ ਨੂੰ ਮੁੜ ਸੱਚੇ ਦਿਲੋਂ ਧਾਰਨ ਕਰਨ ਦੀ ਲੋੜ ਹੈ।

ਆਪ ਜੀ ਸਾਰੇ ਪਾਠਕਾਂ ਨੂੰ ਵਿਸਾਖੀ ਦੀ ਬਹੁਤ ਬਹੁਤ ਵਧਾਈ ਹੋਵੇ। ਅਸੀਂ ਵੀ ਗੁਰੂ ਅੱਗੇ ਜੋਦੜੀ ਕਰੀਏ ਤੇ ਖਾਲਸਾ ਰਹਿਤ ਦੇ ਧਾਰਨੀ ਬਣ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਆਪਣਾ ਜਨਮ ਸਫਲ ਕਰੀਏ। 'ਆਤਮ ਮਾਰਗ' ਵਿਚ ਪ੍ਰਾਪਤ ਸਾਰੇ ਲੇਖ ਸਾਡੇ ਅੰਦਰ ਸੰਤ ਸਿਪਾਹੀ ਦੀ ਭਾਵਨਾ ਸੁਰਜੀਤ ਕਰਦੇ ਹਨ।

(ਪੰਨਾ 31 ਦੀ ਬਾਕੀ)

ਰੱਖਣੇ ਸਨ। ਉਸ ਵੇਲੇ ਸਿਫਾਰਸ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਵਿਚ ਕਮੇਟੀ ਦੇ ਮੈਂਬਰਾਂ ਦੀਆਂ ਵੀ ਅਤੇ ਚੰਡੀਗੜ੍ਹ ਦੇ ਅਫਸਰਾਂ ਦੀਆਂ ਵੀ ਸਿਫਾਰਸ਼ਾਂ ਆਈਆਂ। ਮੈਂ ਸਾਰੀ ਕਮੇਟੀ ਦੀ ਮੀਟਿੰਗ ਬੁਲਾਈ ਅਤੇ ਸੁਝਾਅ ਦਿਤਾ ਕਿ ਦੇਖੋ ਪ੍ਰੇਮੀਓ! ਆਪਣਾ ਕੰਮ ਕਾਲਜ ਬਣਾਉਣ ਤੇ ਚਲਾਉਣ ਤਕ ਸੀ, ਹੁਣ ਆਪਾਂ ਇਹ ਕਾਲਜ ਪੜ੍ਹਿਆਂ ਲਿਖਿਆਂ ਦੀ ਕਮੇਟੀ ਬਣਾ ਕੇ, ਉਨ੍ਹਾਂ ਨੂੰ ਸੌਂਪ ਦੇਈਏ ਜਿਨ੍ਹਾਂ ਵਿਚ ਚੀਫ ਸੈਕਟਰੀ ਤੇ ਚੀਫ ਜਸਟਿਸ ਆਦਿ ਅਤੇ ਹੋਰ ਬੁਧੀਜੀਵੀ ਹਨ ਉਹ ਆਪਣੇ ਤਜਰਬੇ ਨਾਲ ਇਸ ਨੂੰ ਚਲਾਉਣਗੇ। ਦੂਜੀ ਗੱਲ ਇਹ ਹੈ ਕਿ ਸਿਫਾਰਸ਼ਾਂ ਆ ਰਹੀਆਂ ਹਨ, ਕੋਈ ਕਹਿੰਦਾ ਹੈ ਮੇਰਾ ਬੰਦਾ ਰੱਖੋ, ਕੋਈ ਕਹਿੰਦਾ ਮੇਰਾ ਬੰਦਾ ਰੱਖੋ ਅਤੇ ਸਿਫਾਰਸ਼ਾਂ ਵੀ ਸਾਡੇ ਆਪਣੇ ਵਿਚ ਵਾਲਿਆਂ ਦੀਆਂ ਹਨ। ਹੁਣ ਜੇ ਰੱਖਦੇ ਹਾਂ ਤਾਂ ਔਖਾ, ਜੇ ਨਹੀਂ ਰੱਖਦੇ ਤਾਂ ਵੀ ਔਖਾ ਮਸਲਾ ਹੈ। ਬੇਹਤਰ ਇਹ ਹੈ ਕਿ ਆਪਾਂ ਇਹ ਕੰਮ ਉਨ੍ਹਾਂ ਪੜ੍ਹਿਆਂ ਲਿਖਿਆਂ ਨੂੰ ਸੌਂਪ ਦੇਈਏ ਅਤੇ ਗੁਰੂ ਮਹਾਰਾਜ ਜੀ ਨੇ ਜੋ ਸਾਥੋਂ ਸੇਵਾ ਕਰਵਾਉਣੀ ਸੀ ਕਰਵਾ ਲਈ, ਹੁਣ ਉਹ ਜਾਨਣ ਤੇ ਉਨ੍ਹਾਂ ਦਾ ਕੰਮ ਜਾਣੇ। ਸਾਰੇ ਹੀ ਇਸ ਗੱਲ ਤੇ ਸਹਿਮਤ ਹੋ ਗਏ ਤੇ ਉਸ ਵੇਲੇ ਸਰਦਾਰ ਕਪੂਰ ਸਿੰਘ ਨੂੰ ਕਾਲਜ ਦਾ ਚੇਅਰਮੈਨ ਨਿਯੁਕਤ ਕਰ ਦਿਤਾ ਤੇ ਉਨ੍ਹਾਂ ਨੇ ਆਪਣੀ ਕਮੇਟੀ ਬਣਾ ਲਈ ਅਤੇ ਆਪਣੇ ਗਲੋਂ ਸਾਰਾ ਭਾਰ ਲਾਹ ਕੇ, ਸਭ ਕੁਝ ਬਣਵਾ ਕੇ ਉਨ੍ਹਾਂ ਨੂੰ ਸੌਂਪ ਦਿਤਾ।

ਇਸ ਤਰ੍ਹਾਂ ਕਹਿਣਾ ਤਾਂ ਸੌਖਾ ਹੈ, ਪਰ ਇਸ ਤੇ ਅਮਲ ਕਰਨਾ ਔਖਾ ਹੈ। ਇਹ ਓਹੀ ਕਰ ਸਕਦਾ ਹੈ ਜਿਸ ਵਿਚ ਪਕੜ ਨਾ ਹੋਵੇ। ਬਾਬਾ ਜੀ ਵਿਚ ਕੋਈ ਪਕੜ ਨਹੀਂ ਸੀ, ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਵੀ ਇਸ ਦੇ ਯੋਗ ਬਣਾ ਦਿਤਾ ਕਿ ਉਹ ਵੀ ਇਸ ਪਕੜ ਤੋਂ ਦੂਰ ਰਹਿ ਸਕਣ। ਆਮ ਕਰਕੇ ਆਦਮੀ ਇਸ ਨੂੰ ਛੱਡ ਨਹੀਂ ਸਕਿਆ ਕਰਦਾ। ਮਨ ਵਿਚ ਆ ਜਾਂਦਾ ਹੈ ਕਿ ਦੇਖੋ, ਸੇਵਾ ਅਸੀਂ ਕੀਤੀ, ਘਰ ਘਰ ਜਾ ਕੇ ਮੰਗ ਕੇ ਫੰਡ ਅਸੀਂ ਇਕੱਠਾ ਕੀਤਾ ਤੇ ਸਾਂਭਣ ਵਾਲਾ ਕੋਈ ਹੋਰ ਹੀ ਆ ਗਿਆ। ਇਸ ਨੂੰ ਕਹਿੰਦੇ ਹਨ ਕਿ ਸੇਵਾ ਕਰਕੇ ਵੀ ਆਪਣੇ ਆਪ ਉਸ ਤੋਂ ਪਰ੍ਹੇ ਹੋ ਜਾਣਾ ਤੇ ਕਹਿਣਾ ਕਿ ਮੈਂ ਤਾਂ ਇਹ ਕੰਮ ਕੀਤਾ ਹੀ ਨਹੀਂ, ਕਰਵਾਉਣ ਵਾਲਾ ਤਾਂ ਵਾਹਿਗੁਰੂ ਹੈ; ਬੰਦੇ ਦੀ ਕੀ ਮਜਾਲ ਹੈ ਕਿ ਉਹ ਸੇਵਾ ਕਰ ਸਕੇ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਪੰਨਾ - 286***



Sri Satguru Jagjit Singh Ji eLibrary NamdhariElibrary@gmail.com

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ- 54)*

ਇਕ ਵਾਰੀ ਵੀ ਗੱਲ ਹੈ ਇਕ ਸੱਜਣ ਨੇ ਲਾਟਰੀ ਜਿੱਤ ਲਈ। ਮੈਂ ਆਪ ਦੇਖਿਆ ਹੈ ਉਹ ਗਰੀਬ ਆਦਮੀ ਸੀ, ਉਹ ਐਨਾ ਉਤੇਜਿਤ ਹੋ ਗਿਆ ਕਿ ਉਹ ਮਰ ਹੀ ਗਿਆ। ਤੁਹਾਨੂੰ ਇਸ ਤਰ੍ਹਾਂ ਦੀ ਖੁਸ਼ੀ ਨਹੀਂ ਚਾਹੀਦੀ, ਤੁਹਾਨੂੰ ਇਹੋ ਜਿਹੀ ਭਾਵੁਕ ਉਤੇਜਨਾ ਨਹੀਂ ਚਾਹੀਦੀ। ਤੁਸੀਂ ਸੰਤੁਲਨ ਹੋਵੋ ਤੁਹਾਨੂੰ ਸੰਤੁਲਤਾ ਚਾਹੀਦੀ ਹੈ, ਰੋਜ਼ ਸਵੇਰੇ ਉਠ ਕੇ ਆਪਣੇ ਆਪ ਨੂੰ ਕਹੋ ਕਿ ਜੋ ਮਰਜ਼ੀ ਹੋਵੇ, ਮੈਂ ਅਸ਼ਾਂਤ ਨਹੀਂ ਹੋਵਾਂਗਾ, ਮੈਂ ਆਪਣਾ ਸੰਤੁਲਨ ਨਹੀਂ ਛਡਾਂਗਾ। ਜੋ ਕੁਝ ਵੀ ਤੁਹਾਡੇ ਸਾਮ੍ਹਣੇ ਆਏਗਾ ਤੁਸੀਂ ਆਰਾਮ ਨਾਲ ਸਹਿਜ ਨਾਲ ਉਸ ਨੂੰ ਦੇਖੋਗੇ। ਜੇ ਤੁਸੀਂ ਇਹ ਕਰ ਲਵੋਗੇ ਤੁਸੀਂ ਦੇਖੋਗੇ, ਤੁਹਾਡੇ ਅੰਦਰ ਬਹੁਤ ਵੱਡਾ ਬਦਲਾਵ ਆ ਜਾਏਗਾ।

ਤੁਹਾਨੂੰ ਕਰਮਗਤਿ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ। ਜੋ ਕੁਝ ਵੀ ਤੁਸੀਂ ਕਰਦੇ ਹੋ ਉਸ ਦਾ ਫਲ ਤੁਹਾਨੂੰ ਮਿਲਣਾ ਹੀ ਮਿਲਣਾ ਹੈ, ਉਸ ਫਲ ਦੇ ਬੱਧੇ ਤੁਸੀਂ ਫੇਰ ਕਰਮ ਕਰਦੇ ਹੋ, ਇਸ ਦਾ ਕੋਈ ਅੰਤ ਹੀ ਨਹੀਂ। ਇਸ ਕਰਮਗਤਿ ਤੋਂ ਬਾਹਰ ਨਿਕਲਣਾ ਬਹੁਤ ਹੀ ਔਖਾ ਹੈ, ਨਿਕਲ ਹੀ ਨਹੀਂ ਸਕਦੇ। ਹਾਂ, ਪਰ ਸੁਤੰਤਰ ਹੋਣ ਦਾ ਇਕ ਤਰੀਕਾ ਹੈ। ਉਹ ਹੈ ਕਰਮਾਂ ਦੇ ਬੰਧਨ ਤੋਂ ਛੁਟਕਾਰਾ। ਕਰਮਾਂ ਤੋਂ ਛੁਟਕਾਰਾ ਕਿਵੇਂ ਹੋਵੇ?

ਤੁਸੀਂ ਕਰਮ ਕਰਨਾ ਤਾਂ ਛੱਡ ਨਹੀਂ ਸਕਦੇ, ਤੁਸੀਂ ਆਪਣੇ ਪੂਰੇ ਦਿਨ ਦਾ ਕੰਮ ਵੀ ਕਰਨਾ ਹੈ, ਸਰੀਰ ਨੂੰ ਸੋਧਣਾ, ਖਾਣਾ ਪੀਣਾ, ਨਹਾਉਣਾ ਧੋਣਾ। ਸੋ ਪੂਰਾ ਕਰਮ ਤਿਆਗ ਹੋਣਾ ਤਾਂ ਸੰਭਵ ਹੀ ਨਹੀਂ ਹੈ। ਧਰਤੀ ਉਤੇ ਰਹਿਣਾ, ਸੰਸਾਰ ਵਿਚ ਰਹਿਣਾ ਪਰ ਉਸ ਵਿਚ ਰਚਣਾ ਨਹੀਂ, ਉਸ ਵਿਚ ਰੰਗੇ ਨਹੀਂ ਜਾਣਾ। ਉਸ ਤੋਂ ਉਤੇ ਕਮਲ ਫੁੱਲ ਦੀ ਤਰ੍ਹਾਂ ਰਹਿਣਾ, ਇਹ ਤੁਹਾਡਾ ਟੀਚਾ ਹੋਣਾ ਚਾਹੀਦਾ ਹੈ, ਇਹ ਹੀ ਤੁਹਾਡਾ ਮੰਤਵ ਹੋਣਾ ਚਾਹੀਦਾ ਹੈ। ਤਿਆਗ ਦਾ ਮਾਰਗ ਕੋਈ ਇਕੋ ਇਕ ਮਾਰਗ ਨਹੀਂ ਹੈ। ਤੁਹਾਨੂੰ ਆਪਣੇ ਮਾਰਗ ਤੇ ਵਿਜਈ ਹੋਣਾ ਚਾਹੀਦਾ ਹੈ। ਤੁਹਾਡਾ ਮਾਰਗ ਹੈ ਸੰਸਾਰ ਵਿਚ ਰਹਿਣਾ ਪਰ ਉਸ ਵਿਚ ਰੰਗੇ ਨਹੀਂ ਜਾਣਾ, ਉਸ ਵਿਚ ਰਚਣਾ ਨਹੀਂ, ਖੁੱਭਣਾ ਨਹੀਂ, ਇਹ ਹੀ ਰੋਜ਼ ਸਵੇਰੇ ਤੁਹਾਡਾ ਆਪਣੇ ਆਪ ਨਾਲ ਪ੍ਰਣ ਹੋਣਾ ਚਾਹੀਦਾ ਹੈ। ਆਮ ਤੌਰ ਤੇ ਤੁਸੀਂ ਆਪਣੇ ਆਪ ਨੂੰ ਕਮਜ਼ੋਰ ਕਰ ਲੈਂਦੇ ਹੋ। ਤੁਸੀਂ ਮੁਸਕਰਾਉਂਦੇ ਸਵੇਰੇ ਘਰੋਂ ਕੰਮ ਵਾਸਤੇ ਨਿਕਲਦੇ ਹੋ, ਅਚਾਨਕ ਹੀ ਰਸਤੇ ਵਿਚ ਕੁਝ ਹੋ ਜਾਂਦਾ ਹੈ, ਤੁਸੀਂ ਉਦਾਸ ਹੋ ਜਾਂਦੇ ਹੋ। ਤੁਸੀਂ ਇਹੋ ਜਿਹਾ ਜੀਵਨ ਹੀ ਜੀਅ ਰਹੇ ਹੋ, ਇਹੋ ਜਿਹੇ ਜੀਵਨ ਦਾ ਅਨੁਭਵ ਕਰ ਰਹੇ ਹੋ, ਰੋਜ਼ ਦਾ ਬਦਲਾਓ ਜੀਵਨ ਦੇ ਉਤਾਰ ਚੜ੍ਹਾਅ, ਹਰ ਸਮੇਂ ਇਹ ਹੀ ਦੇਖ ਰਹੇ ਹੋ। ਇਹੋ ਜਿਹੇ ਹਾਲਾਤਾਂ ਨਾਲ ਜੂਝਣ ਲਈ ਤੁਹਾਡਾ ਦ੍ਰਿੜ੍ਹ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਤੁਹਾਡਾ ਇਹ ਫੈਸਲਾ ਹੋਣਾ ਚਾਹੀਦਾ ਹੈ ਕਿ ਤੁਸੀਂ ਘਬਰਾਓਗੇ ਨਹੀਂ, ਅਸ਼ਾਂਤ ਨਹੀਂ ਹੋਵੋਗੇ। ਤੁਸੀਂ ਉਹ ਕੁਝ ਵੀ ਨਹੀਂ ਕਰੋਗੇ ਜਿਹੜਾ ਦੂਸਰਿਆਂ ਲਈ ਹਾਨੀਕਾਰਕ ਹੋਵੇ, ਦੂਸਰਿਆਂ ਨੂੰ ਕੋਈ ਨੁਕਸਾਨ ਪਹੁੰਚਾਏ, ਉਹ ਜਿਹੜੇ ਤੁਹਾਡੇ ਨਾਲ ਰਹਿੰਦੇ ਹਨ।

ਤੁਸੀਂ ਪਿਆਰ ਬਾਰੇ ਬਹੁਤ ਗੱਲਬਾਤ ਕਰਦੇ ਹੋ ਪਰ ਤੁਸੀਂ ਪਿਆਰ ਦੀ ਪਰੀਭਾਸ਼ਾ ਨਹੀਂ ਦੇ ਸਕਦੇ। ਬੜੇ ਸਾਲ ਪਹਿਲਾਂ ਜਦੋਂ ਮੈਂ ਇਥੇ ਆਇਆ ਸੀ, ਮੈਂ ਇਕ ਗੱਭਰੂ ਨੂੰ ਪੁਛਿਆ - 'ਹਮਸਾਏ ਮਾਂ ਪਿਓ ਜਾਏ' ਜਾਂ ਅੰਗ੍ਰੇਜ਼ੀ ਵਿਚ ਕਹੋ, 'Love Thy neighbour as Thyself' ਇਸ ਤੋਂ ਕੀ ਭਾਵ ਹੈ?

ਉਸ ਨੇ ਮੈਨੂੰ ਜਵਾਬ ਦਿਤਾ, ਇਸ ਦਾ ਭਾਵ ਇਹ ਹੈ, ਜੇ ਤੁਹਾਡੇ ਗੁਆਂਢ ਵਿਚ ਕੋਈ ਸੋਹਣੀ ਕੁੜੀ ਹੈ ਉਸ ਨੂੰ ਲੈ ਕੇ ਦੌੜ ਜਾਓ। ਇਹੋ ਜਿਹੀਆਂ ਗੱਲਾਂ ਸਭਿਆਚਾਰਕ ਆਦਤਾਂ ਕਾਰਨ ਹੁੰਦੀਆਂ ਹਨ। ਉਸ ਬੱਚੇ ਨੂੰ ਕਦੀ ਪਿਆਰ ਬਾਰੇ ਦੱਸਿਆ ਹੀ ਨਹੀਂ ਗਿਆ, ਸੱਚਾ ਪਿਆਰ ਕੀ ਹੁੰਦਾ ਹੈ, ਅਸਲੀ ਪਿਆਰ ਕੀ ਹੁੰਦਾ ਹੈ। ਮੈਂ ਉਸ ਦੇ ਮਾਤਾ ਪਿਤਾ ਨੂੰ ਬੁਲਾਇਆ ਤੇ ਪੁਛਿਆ, ਤੁਸੀਂ ਆਪਣੇ ਬੱਚੇ ਨੂੰ ਕੀ ਦੱਸ ਰਹੇ ਹੋ, ਕੀ ਸਿਖਾ ਰਹੇ ਹੋ? ਉਹ ਕਹਿਣ ਲੱਗੇ ਇਹ ਬੱਚਾ, ਇਹ ਤਾਂ ਸਾਡੇ ਵਸ ਦਾ ਹੈ ਹੀ ਨਹੀਂ, ਇਹ ਯੁਵਾ ਅਵਸਥਾ ਵਿਚ ਹੈ, ਅਸੀਂ ਕੁਝ ਕਰ ਨਹੀਂ ਸਕਦੇ। ਵਾਸਤਵ ਵਿਚ ਬੱਚਿਆਂ ਨੂੰ ਜਿਵੇਂ ਚਾਹੋ, ਜੋ ਚਾਹੋ, ਸਿਖਾ ਸਕਦੇ ਹੋ ਪਰ ਇਹ ਕੰਮ ਬਹੁਤ ਛੋਟੀ ਅਵਸਥਾ ਵਿਚ ਹੀ ਕਰਨਾ ਚਾਹੀਦਾ ਹੈ। ਤੁਹਾਨੂੰ ਬੱਚਿਆਂ ਦੀ ਸਿਖਿਆ ਤੇ ਵਿਕਾਸ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਛੋਟੀ ਅਵਸਥਾ ਵਿਚ ਸਿਖਿਆ ਦੇਣੀ, ਬੱਚੇ ਦਾ ਸਿਖਣਾ ਬਹੁਤ ਸੌਖਾ ਹੁੰਦਾ ਹੈ। ਬੱਚਾ ਛੋਟੀ ਟਹਿਣੀ ਦੀ ਤਰ੍ਹਾਂ ਹੈ। ਜਿਵੇਂ ਛੋਟੀ ਟਹਿਣੀ ਨੂੰ ਸੌਖਾ ਮੋੜਿਆ ਜਾ ਸਕਦਾ ਹੈ, ਉਸ ਤਰ੍ਹਾਂ ਹੀ ਛੋਟੀ ਅਵਸਥਾ ਦੇ ਬੱਚਿਆਂ ਨੂੰ। ਵੱਡਿਆਂ ਨੂੰ ਸਿਖਿਆ ਦੇਣੀ ਔਖੀ ਹੈ ਕਿਉਂਕਿ ਆਦਤਾਂ ਪੱਕ ਜਾਂਦੀਆਂ ਹਨ, ਟਹਿਣੀ ਦਾ ਦਰਖੱਤ ਤੇ ਤਣਾ ਬਣ ਜਾਂਦਾ ਹੈ ਜਿਹੜਾ ਕਿ ਮੁੜਨਾ ਬਹੁਤ ਹੀ ਔਖਾ ਹੈ, ਤਣਾ ਤਾਂ ਫੇਰ ਟੁਟਦਾ ਹੀ ਹੈ। ਬਚਪਨ ਸਭ ਤੋਂ ਚੰਗਾ ਸਮਾਂ ਹੈ। ਜੋ ਵੀ ਤੁਸੀਂ ਸਿਖਣਾ ਹੋਵੇ ਉਸ ਵਾਸਤੇ। ਪਿਛੋਂ ਤੁਸੀਂ ਬਦਲ ਸਕਦੇ ਹੋ, ਸੁਧਾਰ ਵੀ ਸਕਦੇ ਹੋ ਪਰ ਬਹੁਤ ਔਖੇ ਹੋ ਕੇ, ਬਹੁਤ ਮੁਸ਼ਕਲ ਨਾਲ।



Sri Satguru Jagjit Singh Ji eLibrary NamdhariElibrary@gmail.com

ਅੱਜਕਲ੍ਹ ਮਾਨਸਿਕ ਤਣਾਓ ਦਾ ਜ਼ਮਾਨਾ ਹੈ। ਹਰ ਜਗ੍ਹਾ ਤੁਸੀਂ ਇਸ ਬਾਰੇ ਚਰਚਾ ਸੁਣੋਗੇ। ਹਰ ਬਿਮਾਰੀ ਨਾਲ ਤਣਾਓ ਨੂੰ ਜੋੜਿਆ ਜਾਂਦਾ ਹੈ, ਕਿਵੇਂ ਇਸ ਤਣਾਓ ਨੂੰ ਘੱਟ ਕੀਤਾ ਜਾਵੇ, ਕਿਵੇਂ ਇਸ ਬਾਰੇ ਸਿਖਿਆ ਦਿਤੀ ਜਾਵੇ ਤਾਂ ਜੋ ਇਸ ਦਾ ਅਸਰ ਘੱਟ ਕੀਤਾ ਜਾਵੇ ਪਰ ਇਸ ਤਣਾਓ ਦਾ ਕਾਰਣ ਕੀ ਹੈ? ਕੀ ਤੁਹਾਡਾ ਗੁਆਂਢ ਹੈ ਇਸ ਦਾ ਕਾਰਣ? ਕੀ ਤੁਹਾਡਾ ਆਪਣਾ ਪਰਿਵਾਰ ਇਸ ਦਾ ਕਾਰਣ ਹੈ? ਕੀ ਜਿੱਥੇ ਤੁਸੀਂ ਕੰਮ ਕਰਦੇ ਹੋ ਉਥੇ ਹੈ ਤਣਾਓ ਦਾ ਕਾਰਨ? ਤਣਾਓ ਓਦੋਂ ਹੁੰਦਾ ਹੈ, ਜਦੋਂ ਤੁਸੀਂ ਉਹ ਕਰ ਰਹੇ ਹੋਵੋ ਜੋ ਤੁਸੀਂ ਕਰਨਾ ਨਹੀਂ ਚਾਹੁੰਦੇ, ਤੁਸੀਂ ਮਹਿਸੂਸ ਕਰਦੇ ਹੋ, ਤੁਹਾਨੂੰ ਇਹ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਮਾਨਸਿਕ ਤਣਾਓ ਓਦੋਂ ਵੀ ਹੁੰਦਾ ਹੈ ਜਦੋਂ ਤੁਸੀਂ ਉਹ ਨਾ ਕਰ ਸਕੋ ਜੋ ਤੁਸੀਂ ਕਰਨਾ ਚਾਹੋ, ਇਸ ਨਾਲ ਤੁਹਾਡੇ ਅੰਦਰ ਦ੍ਵੰਦ ਪੈਦਾ ਹੁੰਦਾ ਹੈ। ਤਣਾਓ ਦਾ ਸਬੰਧ ਤੁਹਾਡੀ ਭੁੱਖ, ਪਿਆਸ, ਨੀਂਦ ਤੁਹਾਡੇ ਦੰਪਤੀ ਜੀਵਨ ਨਾਲ ਹੈ। ਹਰ ਕੋਈ ਇਹ ਮਹਿਸੂਸ ਕਰਦਾ ਹੈ ਕਿ ਜੀਵਨ ਤਣਾਓ ਭਰਪੂਰ ਹੈ ਪਰ ਤੁਸੀਂ ਆਪਣੇ ਆਪ ਨੂੰ ਠੀਕ ਠਾਕ ਦਿਖਾਉਣ ਦੀ ਕੋਸ਼ਿਸ਼ ਕਰਦੇ ਹੋ। ਹਰ ਕੋਈ ਜਦੋਂ ਬਾਹਰ ਨਿਕਲਦਾ ਹੈ। ਨਕਾਬ ਪਾ ਕੇ ਨਿਕਲਦਾ ਹੈ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ, ਮੇਰੇ ਅੰਦਰ ਕੀ ਹੈ।

ਮੈਨੂੰ ਮਿਨੀਪੋਲਿਸ (Minneapolis) ਦੀ ਇਕ ਗੱਲ ਯਾਦ ਹੈ ਜਿੱਥੇ ਦੋ ਨੌਜਵਾਨ ਲੜਕਾ ਲੜਕੀ ਸੱਤ ਸਾਲ ਇਕ ਦੂਸਰੇ ਨੂੰ ਮਿਲਦੇ ਰਹੇ। ਉਹ ਮੈਨੂੰ ਕਹਿਣ ਲੱਗਾ, "ਸਵਾਮੀ ਜੀ! ਉਹ ਕੁੜੀ ਐਨੀ ਸੋਹਣੀ ਹੈ ਮੈਂ ਉਸ ਤੋਂ ਬਿਨਾਂ ਜੀਅ ਨਹੀਂ ਸਕਦਾ, ਰਹਿ ਨਹੀਂ ਸਕਦਾ, ਉਹ ਅਤਿ ਦੀ ਸੋਹਣੀ ਹੈ।

ਮੈਂ ਕਿਹਾ, ਉਸ ਨਾਲ ਵਿਆਹ ਨਾ ਕਰੀਂ ਕਿਉਂਕਿ ਮੈਂ ਸਮਝ ਗਿਆ ਸੀ ਕਿ ਉਹ ਪਿਆਰ ਕੇਵਲ ਸਰੀਰ ਦੇ ਸੋਹਣੇ ਹੋਣ ਨਾਲ ਕਰ ਰਿਹਾ ਸੀ। ਉਸ ਨੂੰ ਪਿਆਰ ਦੇ ਅਰਥ ਪਤਾ ਹੀ ਨਹੀਂ, ਅਸਲੀ ਪਿਆਰ ਕੀ ਹੁੰਦਾ ਹੈ।

ਇਕ ਦਿਨ ਉਹ ਸਵੇਰੇ ਸਵੇਰੇ ਉਸ ਦੇ ਘਰ ਗਿਆ। ਉਹ ਅਜੇ ਉਠੀ ਨਹੀਂ ਸੀ। ਉਸ ਨੇ ਅਜੇ ਸ਼ਿੰਗਾਰ ਨਹੀਂ ਕੀਤਾ ਸੀ। ਉਸ ਨੇ ਉਠ ਕੇ ਉਸੇ ਤਰ੍ਹਾਂ ਹੀ ਬੂਹਾ ਖੋਲ੍ਹਿਆ, ਉਸਨੂੰ ਉਹ ਕੁੜੀ ਬਹੁਤ ਹੀ ਕੋਹਜ਼ੀ ਲੱਗੀ, ਬਹੁਤ ਹੀ ਬਦਸੂਰਤ ਲੱਗੀ। ਉਸ ਨੇ ਵਾਪਸ ਆ ਕੇ ਮੇਰਾ ਦਰਵਾਜ਼ਾ ਖੜਕਾਇਆ। ਸਵੇਰ ਦੇ ਸਾਢੇ ਛੇ ਵੱਜੇ ਸੀ, ਮੈਂ ਅਜੇ ਮੈਡੀਟੇਸ਼ਨ ਵਿਚ ਸੀ।

ਉਸ ਲੜਕੇ ਨੇ ਕਿਹਾ, ਕੀ ਮੈਂ ਅੰਦਰ ਆ ਸਕਦਾ ਹਾਂ? ਮੈਂ ਉਸ ਕੁੜੀ ਨਾਲ ਵਿਆਹ ਨਹੀਂ ਕਰਾਉਣਾ ਚਾਹੁੰਦਾ, ਉਹ ਬਦਸੂਰਤ ਹੈ। ਸੱਤ ਸਾਲ ਉਸ ਨਾਲ ਪਿਆਰ ਕਰਕੇ ਉਸ ਨੂੰ ਸੋਹਣਾ ਕਹਿਣ ਤੋਂ ਬਾਅਦ ਉਸ ਦੇ ਗੁਣ ਦੇਖਣ ਤੋਂ ਬਾਅਦ ਇਕ ਸਕਿੰਟ ਵਿਚ ਉਹ ਕੁੜੀ ਕੋਹਜ਼ੀ ਲੱਗਣ ਲਗ ਪਈ। ਉਹ ਵਿਚਾਰੀ ਤਾਂ ਸੁੱਤੀ ਪਈ ਸੀ। ਉਹ ਉਠੀ ਤੇ ਉਠ ਕੇ ਦਰਵਾਜ਼ਾ ਖੋਲ੍ਹ ਦਿਤਾ ਤੇ ਹੁਣ ਇਹ ਉਸ ਨਾਲ ਵਿਆਹ ਹੀ ਨਹੀਂ ਕਰਨਾ ਚਾਹੁੰਦਾ। ਮੈਂ ਉਸ ਨੂੰ ਕਿਹਾ, ਮੈਨੂੰ ਤੇਰੇ ਪਿਆਰ ਤੇ ਬੜਾ ਤਰਸ ਆ ਰਿਹਾ ਹੈ, ਤੈਨੂੰ ਤਾਂ ਕੇਵਲ ਸ਼ਿੰਗਾਰ ਨਾਲ ਹੀ ਪਿਆਰ ਸੀ। ਜੇ ਇਹ ਗੱਲ ਹੈ ਤਾਂ ਸ਼ਿੰਗਾਰ ਦਾ ਸਮਾਨ ਬਣਾਉਣ ਵਾਲੀ ਕੰਪਨੀ ਨਾਲ ਜਾ ਕੇ ਵਿਆਹ ਕਰਾ ਲੈ। ਇਹ ਤੁਹਾਡਾ ਕਸੂਰ ਨਹੀਂ, ਇਹ ਤਾਂ ਤੁਹਾਡੇ ਸਮਾਜ ਦਾ ਦੋਸ਼ ਹੈ ਜਿਸ ਨੇ ਤੁਹਾਨੂੰ ਇਹ ਸਿਖਿਆ ਦਿਤੀ ਹੈ, ਜੋ ਤੁਹਾਨੂੰ ਡੂੰਘੇ ਪਿਆਰ ਬਾਰੇ, ਗੁਣਾਂ ਨਾਲ ਪਿਆਰ ਕਰਨਾ ਜਿਸ ਨੇ ਤੁਹਾਨੂੰ ਸਿਖਾਇਆ ਹੀ ਨਹੀਂ।

ਅਸੀਂ ਸਦਾ ਹੀ ਦੂਸਰਿਆਂ ਨੂੰ ਚੰਗੇ ਲਗਣਾ ਚਾਹੁੰਦੇ ਹਾਂ, ਪਰ ਵਾਸਤਵ ਵਿਚ ਅਸੀਂ ਦੂਸਰਿਆਂ ਨੂੰ ਧੋਖਾ ਦੇ ਰਹੇ ਹਾਂ, ਅਸੀਂ ਦੂਸਰਿਆਂ ਦੇ ਅੱਗੇ ਉਹ ਬਣ ਕੇ ਦਿਖਾਉਣਾ ਚਾਹੁੰਦੇ ਹਾਂ ਜੋ ਅਸੀਂ ਨਹੀਂ ਹਾਂ। ਚੰਗੇ ਕਪੜੇ ਪਾਉਣੇ ਚੰਗੀ ਗੱਲ ਹੈ, ਚੰਗੀ ਤਰ੍ਹਾਂ ਵਾਲ ਬਣਾਉਣੇ ਚੰਗੀ ਗੱਲ ਹੈ ਪਰ ਤੁਸੀਂ ਤਾਂ ਅੰਦਰ ਦੀ ਵਾਸਤਵਿਕਤਾ ਤੋਂ ਬਹੁਤ ਦੂਰ ਚਲੇ ਗਏ ਹੋ, ਤੁਹਾਡਾ ਓਪਰਾਪਣ ਤੁਹਾਡੀਆਂ ਸਾਰੀਆਂ ਗੱਲਾਂ ਵਿਚ ਦਿਸਦਾ ਹੈ - ਤੁਹਾਡੇ ਮਨ ਵਿਚ, ਤੁਹਾਡੀ ਕਰਨੀ ਵਿਚ, ਤੁਹਾਡੇ ਬੋਲਣ ਵਿਚ।

ਮੈਂ ਕਹਿ ਰਿਹਾ ਹਾਂ ਕਿ ਤੁਸੀਂ ਆਪਣੇ ਆਪ ਨੂੰ, ਆਪਣੇ ਕਰਮਾਂ ਨੂੰ, ਕੰਮ ਨੂੰ ਜੋ ਤੁਸੀਂ ਕਰਦੇ ਹੋ, ਉਸ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਤੁਸੀਂ ਆਪਣੇ ਮਨ ਨੂੰ ਹਾਲੇ ਦੇਖਿਆ ਨਹੀਂ। ਮਨ ਨੂੰ ਵਾਚਣਾ, ਦੇਖਣਾ ਕੋਈ ਸੌਖਾ ਹੈ ਵੀ ਨਹੀਂ ਪਰ ਪਹਿਲਾਂ ਜੋ ਤੁਸੀਂ ਕਰਦੇ ਹੋ ਉਹ ਤਾਂ ਦੇਖੋ ਤੁਸੀਂ ਕੀ ਕਰ ਰਹੇ ਹੋ? ਤੁਸੀਂ ਕਹਿੰਦੇ ਹੋ, ਮੈਂ ਇਹ ਕਰਨਾ ਤਾਂ ਨਹੀਂ ਚਾਹੁੰਦਾ ਪਰ ਮੈਂ ਕਰ ਰਿਹਾ ਹਾਂ ਜਾਂ ਮੈਂ ਤੁਹਾਡੇ ਨਾਲ ਬੈਠ ਕੇ ਚਾਹ ਪੀਣੀ ਚਾਹੁੰਦਾ ਹਾਂ, ਗੱਲਬਾਤ ਕਰਨਾ ਚਾਹੁੰਦਾ ਹਾਂ ਪਰ ਮੈਂ ਨਹੀਂ ਕਰ ਸਕਦਾ। ਇਸ ਤਰ੍ਹਾਂ ਨਾਲ ਤੁਸੀਂ ਆਪਣੇ ਮਨ ਵਿਚ ਦ੍ਵੰਦ ਪੈਦਾ ਕਰਦੇ ਹੋ ਤੇ ਤੁਹਾਡਾ ਮਨ ਵੰਡਿਆ ਜਾਂਦਾ ਹੈ।

ਜਦੋਂ ਵੀ ਤੁਸੀਂ ਸੋਚਦੇ ਹੋ ਮੈਂ ਇਹ ਕਰਨਾ ਹੈ ਜਾਂ ਕੁਝ ਕਰਨਾ ਚਾਹੁੰਦੇ ਹੋ ਪਰ ਕਰ ਨਹੀਂ ਸਕਦੇ, ਇਸ ਤਰ੍ਹਾਂ ਤੁਹਾਡੇ ਮਨ ਤੇ ਬੋਝ ਪੈਂਦਾ ਹੈ ਕਿਉਂਕਿ ਤੁਹਾਨੂੰ ਇਹ ਹੀ ਨਹੀਂ ਪਤਾ ਕਿ ਆਪਣੀ ਡਿਊਟੀ ਨਾਲ ਪਿਆਰ ਕਰਨਾ ਹੈ ਜਾਂ ਡਿਊਟੀ ਨਾਲ ਕਿਵੇਂ ਪਿਆਰ ਕਰਨਾ ਹੈ। ਤੁਸੀਂ ਤਾਂ ਇਹ ਮਹਿਸੂਸ ਕਰਦੇ ਹੋ ਕਿ ਡਿਊਟੀ ਤੁਹਾਡੇ ਉਤੇ ਥੋਪੀ ਗਈ ਹੈ। ਤੁਸੀਂ ਆਪਣੀ ਡਿਊਟੀ ਨੂੰ ਪਿਆਰ ਕਰਨਾ ਜਾਣਦੇ ਹੀ ਨਹੀਂ, ਤੁਸੀਂ ਤਾਂ ਮਜ਼ਬੂਰੀ ਸਮਝ ਕੇ ਡਿਊਟੀ ਕਰਦੇ ਹੋ, ਪਿਆਰ ਨਹੀਂ ਕਰਦੇ, ਇਸ ਕਰਕੇ ਸਮੱਸਿਆ ਪੈਦਾ ਹੁੰਦੀ ਹੈ ਤੇ ਤੁਸੀਂ ਗੁਲਾਮ ਬਣ ਜਾਂਦੇ ਹੋ। ਤੁਹਾਡੇ ਸਿੱਖਣ ਵਾਲੀ ਗੱਲ ਹੈ ਆਪਣੀ ਡਿਊਟੀ ਨਾਲ ਪਿਆਰ ਕਰਨਾ।



Sri Satguru Jagjit Singh Ji eLibrary NamdhariElibrary@gmail.com

# ਸਿਹਤ ਵਿਗਿਆਨ

***ਸ਼ਮਸ਼ੇਰ ਸਿੰਘ***

## ਪੇਟ ਗੈਸ (ਅਫਾਰਾ)

ਪੇਟ ਗੈਸ (Flatulant Dyspepsia) ਨੂੰ ਪਿੰਡਾਂ ਦੇ ਲੋਕ ਅਫਾਰਾ ਕਰਕੇ ਜਾਣਦੇ ਹਨ। ਇਹ ਰੋਗ ਖਾਣ ਪੀਣ ਤੇ ਰਹਿਣ ਸਹਿਣ ਵਿਚ ਤਰੁੱਟੀਆਂ ਦੇ ਕਾਰਨ ਤੇ ਸ਼ਹਿਰਾਂ ਵਿਚ ਫਾਸਟ ਫੂਡ ਕਰਕੇ ਤਕਰੀਬਨ ਹਰ ਮਨੁੱਖ ਨੂੰ ਹੋ ਜਾਂਦਾ ਹੈ। ਪਿੰਡਾਂ ਦੇ ਲੋਕ ਤਾਂ ਇਸ ਦੇ ਦਰਦ ਨੂੰ ਵਾਈ ਬਾਦੀ ਦਾ ਦਰਦ ਭੀ ਕਹਿੰਦੇ ਹਨ। ਗੈਸ ਕਾਰਨ ਜੋ ਦਰਦ ਹੁੰਦਾ ਹੈ ਉਹ ਕਦੇ ਪੇਟ ਦੇ ਵਿਚਾਲੇ ਧੁਨੀ ਦੇ ਕੋਲ, ਕਦੇ ਸੱਜੇ ਤੇ ਕਦੇ ਖੱਬੇ ਪਾਸੇ ਤੇ ਕਈ ਵਾਰੀ ਸਿਰ ਦਰਦ ਤੇ ਛਾਤੀ ਦਰਦ ਭੀ ਹੋ ਜਾਂਦਾ ਹੈ। ਅੱਜਕਲ੍ਹ ਘੱਟ ਹੀ ਲੋਕ ਹਨ ਜਿਨ੍ਹਾਂ ਨੂੰ ਇਸ ਰੋਗ ਤੋਂ ਪੂਰੀ ਮੁਕਤੀ ਹੈ। ਇਹ ਰੋਗ ਜ਼ਿਆਦਾ ਕਰਕੇ ਗਰਮ ਮੁਲਕਾਂ ਵਿਚ ਵੱਧ ਹੁੰਦਾ ਹੈ। ਇਹ ਭੀ ਇਕ ਕਾਰਨ ਹੈ ਕਿ ਐਲੋਪੇਥੀ ਜਿਹੜੀ ਯੂਰਪ ਵਿਚ ਵਿਕਸਿਤ ਹੋਈ ਹੈ, ਉਸ ਵਿਚ ਇਸ ਦਾ ਜ਼ਿਕਰ ਨਹੀਂ ਹੈ। ਠੰਢੇ ਮੁਲਕਾਂ ਦੇ ਲੋਕ ਇਸ ਤੋਂ ਆਮ ਕਰਕੇ ਮੁਕਤ ਹਨ। ਆਯੂਰਵੈਦਿਕ ਵਿਚ ਪੇਟ ਦੀ ਗੈਸ ਬਾਰੇ ਪੁਰਾਣੇ ਜ਼ਮਾਨੇ ਤੋਂ ਹੀ ਬਹੁਤ ਕੁਝ ਲਿਖਿਆ ਗਿਆ ਹੈ। ਇਸ ਦੇਸ਼ ਵਿਚ ਭੀ ਗੈਸ ਦੀ ਸ਼ਿਕਾਇਤ ਸਰਦੀਆਂ ਨਾਲੋਂ ਗਰਮੀਆਂ ਵਿਚ ਕਿਤੇ ਜ਼ਿਆਦਾ ਹੁੰਦੀ ਹੈ।

ਇਹ ਰੋਗ ਪਾਚਨ ਅੰਗਾਂ ਵਿਚ ਕਮਜ਼ੋਰੀ ਕਰਕੇ ਪੈਦਾ ਹੁੰਦਾ ਹੈ। ਅਸੀਂ ਜੋ ਭੀ ਭੋਜਨ ਖਾਂਦੇ ਹਾਂ ਜੇ ਉਹ ਦੋ ਘੰਟੇ ਦੇ ਅੰਦਰ ਪਚ ਨਹੀਂ ਜਾਂਦਾ ਤਾਂ ਸਮਝੋ ਕਿ ਗੈਸ ਨੂੰ ਪੈਦਾ ਹੋਣ ਦਾ ਮੌਕਾ ਮਿਲ ਗਿਆ। ਜ਼ਿਆਦਾ ਦੇਰ ਮਿਹਦੇ ਵਿਚ ਭੋਜਨ ਪਿਆ ਰਹਿਣ ਨਾਲ ਸੜਨਾ ਸ਼ੁਰੂ ਹੋ ਜਾਂਦਾ ਹੈ ਤੇ ਇਸ ਨਾਲ ਹੀ ਗੈਸ ਬਣਨੀ ਸ਼ੁਰੂ ਹੋ ਜਾਂਦੀ ਹੈ। ਜੇ ਇਹ ਗੈਸ ਖਾਰਜ ਹੁੰਦੀ ਰਹੇ ਤਾਂ ਇੰਨਾਂ ਤੰਗ ਨਹੀਂ ਕਰਦੀ ਪਰ ਜਿਸ ਵੇਲੇ ਇਹ ਪੇਟ ਦੇ ਅੰਦਰ ਹੀ ਜਮ੍ਹਾਂ ਹੋ ਜਾਂਦੀ ਹੈ ਤੇ ਪੇਟ ਫੂਲਣਾ ਸ਼ੁਰੂ ਹੋ ਜਾਂਦਾ ਹੈ ਫੇਰ ਬਹੁਤ ਤੰਗ ਕਰਦੀ ਹੈ। ਕਈ ਵਾਰੀ ਕਬਜ਼ ਦੀ ਵਜ੍ਹਾ ਨਾਲ ਭੀ ਗੈਸ ਪੈਦਾ ਹੁੰਦੀ ਹੈ ਤੇ ਗੁਦਾ ਰਾਹੀਂ ਖਾਰਜ ਨਾ ਹੋ ਕੇ ਉਪਰ ਮਿਹਦੇ ਛਾਤੀ ਵਲ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ ਤੇ ਇਸ ਨਾਲ ਸਿਰ ਦਰਦ ਆਦਿ ਦੀਆਂ ਸ਼ਿਕਾਇਤਾਂ ਹੋ ਜਾਂਦੀਆਂ ਹਨ। ਜਿਸ ਵੇਲੇ ਇਹ ਗੈਸ ਨਾ ਤਾਂ ਮੂੰਹ ਰਾਹੀਂ ਤੇ ਨਾ ਹੀ ਗੁਦਾ ਰਾਹੀਂ ਖਾਰਜ ਹੁੰਦੀ ਹੈ ਤਾਂ ਇਹ ਉੱਘਰ ਰੂਪ ਧਾਰਨ ਕਰ ਲੈਂਦੀ ਹੈ। ਜੇ ਗੈਸ ਦੀ ਬਿਮਾਰੀ ਆਮ ਹੀ ਰਹਿਣ ਲੱਗੇ ਤਾਂ ਫੇਰ ਇਹ ਬਹੁਤ ਸਾਰੀਆਂ ਪੇਟ ਦਰਦ, ਸਿਰ ਦਰਦ ਤੇ ਦਿਲ ਦੀਆਂ ਬੀਮਾਰੀਆਂ ਨੂੰ ਭੀ ਜਨਮ ਦਿੰਦੀ ਹੈ। ਇਸ ਹਾਲਤ ਵਿਚ ਇਸ ਦਾ ਡਾਕਟਰੀ ਇਲਾਜ ਬਹੁਤ ਜ਼ਰੂਰੀ ਹੋ ਜਾਂਦਾ ਹੈ।

## ਗੈਸ ਬਣਨ ਦੇ ਕਾਰਨ

1. ਬਜ਼ਾਰ ਵਿਚ ਵਿਕਦੀਆਂ ਸਬਜ਼ੀਆਂ ਜਿਨ੍ਹਾਂ ਤੇ ਜ਼ਿੰਮੀਦਾਰ ਇਕ ਦਿਨ ਪਹਿਲਾਂ ਮੰਡੀਕਰਨ ਲਈ ਹੀ ਉਸ ਦੀ ਚਮਕ ਨੂੰ, ਵਧਾਉਣ ਲਈ ਕੁਝ ਕੈਮੀਕਲਾਂ ਦਾ ਛਿੜਕਾਅ ਕਰਦੇ ਹਨ ਜਾਂ ਕੀੜੇ ਮਾਰ ਦਵਾਈਆਂ ਦਾ ਤਾਜ਼ਾ ਛਿੜਕਾਅ ਹੁੰਦਾ ਹੈ ਤਾਂ ਇਹ ਦਵਾਈਆਂ ਪੇਟ ਵਿਚ ਹੋਰ ਤੱਤਾਂ ਨਾਲ ਮਿਲ ਕੇ ਪ੍ਰਤੀਕਰਮ ਕਰਦੀਆਂ ਹਨ ਤੇ ਕਈ ਗੈਸਾਂ ਨੂੰ ਜਨਮ ਦਿੰਦੀਆਂ ਹਨ। (ਪੇਟ ਗੈਸ ਕਈ ਗੈਸਾਂ ਦਾ ਇਕੱਠ ਹੁੰਦਾ ਹੈ)।

2. ਫਾਸਟ ਫੂਡ, ਡੱਬੇ ਬੰਦ ਭੋਜਨ, ਤੇ ਤਲੇ ਹੋਏ ਭੋਜਨ ਦੇਰ ਨਾਲ ਹਜ਼ਮ ਹੁੰਦੇ ਹਨ ਤੇ ਇਹ ਇਕ ਵੱਡਾ ਕਾਰਨ ਹਨ - ਗੈਸ ਬਣਨ ਦਾ।

3. ਠੰਢਾ ਤੇ ਬਾਸੀ ਖਾਣਾ, ਫਰਿਜ ਵਿਚ ਕਈ ਦਿਨਾਂ ਤਕ ਪਿਆ ਭੋਜਨ ਇਸਤੇਮਾਲ ਕਰਨ ਨਾਲ ਭੀ ਗੈਸ ਵਿਚ ਵਾਧਾ ਹੁੰਦਾ ਹੈ।

4. ਕੁਝ ਬਿਮਾਰੀਆਂ ਜਿਵੇਂ ਕਿ ਗਠੀਆ, ਜੋੜਾਂ ਦਾ ਦਰਦ ਤੇ ਮਿਆਦੀ ਬੁਖਾਰ ਆਦਿ ਭੀ ਅੰਤੜੀਆਂ ਕਮਜ਼ੋਰ ਕਰਕੇ ਗੈਸ ਦਾ ਕਾਰਨ ਹੁੰਦੀਆਂ ਹਨ।

5. ਮਾਨਸਿਕ ਤਣਾਉ, ਜ਼ਿਆਦਾ ਸੈਕਸ, ਚਿੰਤਾ, ਜਿਨ੍ਹਾਂ ਕਰਕੇ ਪਾਚਨ ਰਸ ਬਣਨੇ ਘਟ ਜਾਂਦੇ ਹਨ, ਭੀ ਗੈਸ ਦਾ ਕਾਰਨ ਹਨ।

6. ਕਬਜ਼ ਰਹਿਣੀ ਭੀ ਇਕ ਬਹੁਤ ਵੱਡਾ ਕਾਰਨ ਹੈ। ਜਦੋਂ ਮਲ ਅੰਤੜੀਆਂ ਵਿਚ ਜਮ੍ਹਾਂ ਹੋ ਕੇ ਵੱਡੀ ਅੰਤੜੀ ਵਿਚ ਗੁੱਠਾ ਪੈਦਾ ਕਰ ਦਿੰਦਾ ਹੈ ਤੇ ਇਹ ਮਲ ਸੜਦਾ ਹੈ ਤੇ ਬਦਬੂਦਾਰ ਗੈਸਾਂ ਨੂੰ ਜਨਮ ਦਿੰਦਾ ਹੈ ਤੇ ਉਹ ਮਲ ਅਵਰੋਧ ਕਰਕੇ ਗੰਧਾਂ ਗੁਦਾ ਰਾਹੀਂ ਖਾਰਜ ਨਹੀਂ ਹੁੰਦੀਆਂ ਤਾਂ ਭੋਜਨ ਨਾਲੀ ਰਾਹੀਂ ਉਪਰ ਨੂੰ ਚੜ੍ਹ ਕੇ ਮੂੰਹ ਰਾਹੀਂ ਖਾਰਜ ਹੋਣ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਮੂੰਹ, ਗਲੇ, ਦਿਮਾਗ, ਦਿਲ ਦੇ ਰੋਗਾਂ ਨੂੰ ਜਨਮ ਦਿੰਦੀਆਂ ਹਨ।

## ਗੈਸ ਰੋਗ ਦੀ ਪਹਿਚਾਣ

1. ਗੁਦਾ ਰਾਹੀਂ ਬਾਰ-ਬਾਰ ਗੈਸ ਦਾ ਖਾਰਜ ਹੋਣਾ ਤੇ ਮਲਤਿਆਗ ਸਮੇਂ ਪਟ ਪਟ ਕਰਕੇ ਆਵਾਜ਼ ਨਾਲ ਬਹੁਤ ਵਾਰੀ ਗੈਸ ਦਾ ਖਾਰਜ ਹੋਣਾ।

2. ਮੂੰਹ ਵਿਚੋਂ ਬਦਬੂ ਤੇ ਬੇਚੈਨੀ ਤੇ ਉਬਾਸੀਆਂ ਆਉਣੀਆਂ, ਸਿਰ ਦਰਦ ਤੇ ਪੇਟ ਛਾਤੀ ਆਦਿ ਵਿਚ ਦਰਦ ਇਸ ਦੀਆਂ ਨਿਸ਼ਾਨੀਆਂ ਹਨ।



Sri Satguru Jagjit Singh Ji eLibrary NamdhariElibrary@gmail.com

## ਕੁਝ ਘਰੇਲੂ ਇਲਾਜ

1. 4 ਗ੍ਰਾਮ ਛੋਟੀ ਇਲਾਚੀ, 1 ਗ੍ਰਾਮ ਭੁੰਨੀ ਹੋਈ ਹਿੰਗ ਦਾ ਕੁੱਟ ਕੇ ਚੂਰਨ ਬਣਾ ਲਵੋ। ਇਸ ਦੀਆਂ ਅੱਠ ਪੁੜੀਆਂ ਵੰਡ ਲਓ ਤੇ ਇਕ ਪੁੜੀ ਇਕ ਨਿੰਬੂ ਦੇ ਰਸ ਵਿਚ ਲੈਣ ਨਾਲ ਅਫਾਰਾ ਤੇ ਗੈਸ ਇਕ ਦਮ ਸ਼ਾਂਤ ਹੋ ਜਾਂਦੇ ਹਨ।

2. ਲੱਸਣ ਦਾ ਰਸ 25 ਗ੍ਰਾਮ, ਅਰਿੰਡੀ ਦਾ ਤੇਲ 2 ਗ੍ਰਾਮ, ਸੇਂਧਾ ਨਮਕ 3 ਗ੍ਰਾਮ, ਭੁੰਨੀ ਹੋਈ ਹਿੰਗ 1 ਗ੍ਰਾਮ; ਇਨ੍ਹਾਂ ਸਭ ਨੂੰ ਮਿਲਾ ਕੇ ਥੋੜ੍ਹਾ ਗਰਮ ਕਰਕੇ ਲੈਣ ਨਾਲ ਕਬਜ਼ ਤੇ ਗੈਸ ਦੂਰ ਹੋ ਜਾਂਦੇ ਹਨ।

3. 5 ਜਾਂ 6 ਕਾਲੀਆਂ ਮਿਰਚਾਂ ਦਾ ਪਾਊਡਰ ਨਿੰਬੂ ਪਾਣੀ ਵਿਚ ਮਿਲਾ ਕੇ ਸਵੇਰੇ ਸਵੇਰੇ ਪੀਣ ਨਾਲ ਗੈਸ ਬਣਨੀ ਬੰਦ ਹੋ ਜਾਂਦੀ ਹੈ।

4. ਅਜਵਾਇਣ ਤੇ ਕਾਲਾ ਨਮਕ ਪਾਊਡਰ ਬਣਾ ਕੇ ਇਕ ਚਮਚ ਦਹੀਂ ਜਾਂ ਲੱਸੀ ਨਾਲ ਲੈਣ ਤੇ ਗੈਸ ਖਤਮ ਹੋ ਜਾਂਦੀ ਹੈ।

5. ਭੋਜਨ ਤੋਂ ਬਾਅਦ 25 ਗ੍ਰਾਮ ਗੁੜ ਖਾਂਦੇ ਰਹਿਣ ਨਾਲ ਭੀ ਪੇਟ ਵਿਚ ਗੈਸ ਨਹੀਂ ਬਣਦੀ।

6. ਭੋਜਨ ਤੋਂ ਬਾਅਦ ਅਦਰਕ ਤੇ ਨਿੰਬੂ ਦਾ ਰਸ ਪੀਣ ਨਾਲ ਭੀ ਗੈਸ ਨਹੀਂ ਪੈਦਾ ਹੁੰਦੀ।

7. ਥੋੜ੍ਹੇ ਹਲਕੇ ਗਰਮ ਪਾਣੀ ਵਿਚ ਅੱਧਾ ਚਮਚ ਸਿਰਕਾ ਪੀਣ ਨਾਲ ਗੈਸ ਤੋਂ ਫਾਇਦਾ ਹੁੰਦਾ ਹੈ।

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

## For more information

**please visit us on internet at -**

http://www.atammarg.org

&

http://www.atammarg.com

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 6, 13, 20, 27, ਅਪ੍ਰੈਲ

**ਸੰਗਰਾਂਦ** – 14 ਅਪ੍ਰੈਲ , ਦਿਨ ਸੋਮਵਾਰ।

**ਪੂਰਨਮਾਸ਼ੀ** – 16 ਅਪ੍ਰੈਲ, ਦਿਨ ਬੁੱਧਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com